@Qpatrika

@qaumipatrika punjabi

instagram.com/qaumipatrika

Largest Circulated

विश्व भर में सबसे ज्यादा पढ़ा जाने वाला

# ਕੌਮੀ ਪਤ੍ਰਿਕਾ

Punjabi National Daily

Qaumi Patrika NO.1

दिल्ली, हिमाचल, हरियाणा, पंजाब, उत्तर प्रदेश, उत्तराखण्ड से प्रसारित।

Monday, 23 February 2026

VISIT: www.qaumipatrika.org
Email: qpatrika@gmail.com

ਨਵੀਂ ਦਿੱਲੀ: ਸੋਮਵਾਰ 23 ਫਰਵਰੀ 2026, 11 ਫੱਗਣ ਨਾਨਕਸ਼ਾਹੀ ਸੰਮਤ 555 (ਸਫ਼ੇ-12) ਮੁੱਲ 3.00 ਰੁਪਏ

R.N.I. No. 39272/81– ਸੰਪਾਦਕ – ਗੁਰਚਰਨ ਸਿੰਘ ਬੱਬਰ – ਸਾਲ – 44, ਅੰਕ 110, qpatrika@gmail.com ਫੋਨ : 9971359517 www.qaumipatrika.org


## ਕਿਸਾਨ ਅੰਦੋਲਨ 'ਚ ਜਾਨਾਂ ਗੁਆਉਣ ਵਾਲੇ ਸ਼ੁਭਕਰਨ ਸਣੇ ਹੋਰ ਕਿਸਾਨਾਂ ਨੂੰ ਯਾਦ ਕਰ ਮਨਾਇਆ ਸ਼ਹੀਦੀ ਦਿਹਾੜਾ

ਗੁਰਦਾਸਪੁਰ 22 ਫਰਵਰੀ। ਕਿਸਾਨ ਅੰਦੋਲਨ ਦੌਰਾਨ 22 ਫਰਵਰੀ 2024 ਨੂੰ ਖਨੌਰੀ ਬਾਰਡਰ 'ਤੇ ਗੋਲੀ ਲੱਗਣ ਕਾਰਨ ਮਾਰੇ ਗਏ ਨੌਜਵਾਨ ਕਿਸਾਨ ਸ਼ੁਭਕਰਨ ਅਤੇ ਅੰਦੋਲਨ ਦੌਰਾਨ ਜਾਨ ਗੁਆਉਣ ਵਾਲੇ ਹੋਰ ਕਿਸਾਨਾਂ ਦੀ ਯਾਦ ਵਿੱਚ ਕਿਸਾਨ ਮਜ਼ਦੂਰ ਮੋਰਚਾ ਵੱਲੋਂ ਦੇਸ਼-ਵਿਆਪੀ ਸ਼ਹੀਦੀ ਦਿਹਾੜਾ ਮਨਾਇਆ ਗਿਆ। ਇਸ ਸਬੰਧੀ ਗੁਰਦਾਸਪੁਰ ਦੇ ਬਟਾਲਾ ਸ਼ਹਿਰ ਦੀ ਦਾਣਾ ਮੰਡੀ ਵਿੱਚ ਕਿਸਾਨਾਂ ਅਤੇ ਕਿਸਾਨ ਬੀਬੀਆਂ ਦਾ ਵੱਡਾ ਇਕੱਠ ਹੋਇਆ। ਇਕੱਠ ਨੂੰ ਸੰਬੋਧਨ ਕਰਦਿਆਂ ਕਿਸਾਨ ਆਗੂਆਂ ਨੇ ਕਿਹਾ ਕਿ ਉਹ ਅੰਦੋਲਨ ਦੌਰਾਨ ਮਾਰੇ ਗਏ ਨੌਜਵਾਨ ਨੂੰ ਸ਼ਹੀਦ ਮੰਨਦੇ ਹੋਏ ਉਸਨੂੰ ਸ਼ਰਧਾਂਜਲੀ ਅਰਪਿਤ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਅੰਤਰਰਾਸ਼ਟਰੀ ਪੱਧਰ 'ਤੇ ਖੇਤੀ ਖੇਤਰ ਸਬੰਧੀ ਭਾਰਤ-ਅਮਰੀਕਾ ਸਮਝੌਤਾ, ਬਿਜਲੀ ਬੋਰਡ ਦੇ ਨਿੱਜੀਕਰਨ, ਬੀਜ ਐਕਟ 2025, ਮਜ਼ਦੂਰਾਂ ਦੇ ਕਿਰਤ ਕਾਨੂੰਨਾਂ ਵਿੱਚ ਤਬਦੀਲੀਆਂ ਕਰਕੇ ਚਾਰ ਲੇਬਰ ਕੋਡ ਲਾਗੂ ਕਰਨ ਅਤੇ ਮਨਰੇਗਾ ਖਤਮ ਕਰਨ ਵਰਗੀਆਂ ਨੀਤੀਆਂ ਲਾਗੂ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ, ਜਿਸਦਾ ਕਿਸਾਨ ਵਰਗ ਵੱਲੋਂ ਡਟ ਕੇ ਵਿਰੋਧ ਕੀਤਾ ਜਾ ਰਿਹਾ ਹੈ। ਕਿਸਾਨ ਆਗੂਆਂ ਨੇ ਇਹ ਵੀ ਦੋਸ਼ ਲਗਾਇਆ ਕਿ ਪੰਜਾਬ ਸਰਕਾਰ ਦਾ ਰਵੱਈਆ ਵੀ ਇਸ ਮਾਮਲੇ ਵਿੱਚ ਸੰਤੋਸ਼ਜਨਕ ਨਹੀਂ ਹੈ ਅਤੇ ਉਹ ਕੇਂਦਰ ਸਰਕਾਰ ਦੇ ਨਾਲ ਖੜੀ ਨਜ਼ਰ ਆ ਰਹੀ ਹੈ। ਉਨ੍ਹਾਂ ਕਿਹਾ ਕਿ ਅੱਜ ਵੱਡਾ ਇਕੱਠ ਕਰਕੇ ਉਹ ਇਹ ਪ੍ਰਣ ਲੈਂਦੇ ਹਨ ਕਿ ਆਪਣੀਆਂ ਮੰਗਾਂ ਲਈ ਆਉਣ ਵਾਲੇ ਸਮੇਂ ਵਿੱਚ ਸੰਘਰਸ਼ ਨੂੰ ਹੋਰ ਤੇਜ਼ ਕੀਤਾ ਜਾਵੇਗਾ।

## ਅਜੀਤ ਪਵਾਰ ਜਹਾਜ਼ ਹਾਦਸਾ: ਰੋਹਿਤ ਪਵਾਰ ਨੇ ਫਿਰ ਲਾਏ ਗੰਭੀਰ ਦੋਸ਼

ਨੈਸ਼ਨਲ ਡੈਸਕ 22 ਫਰਵਰੀ। ਮਹਾਰਾਸ਼ਟਰ ਦੇ ਉਪ ਮੁੱਖ ਮੰਤਰੀ ਅਜੀਤ ਪਵਾਰ ਦੀ ਜਹਾਜ਼ ਹਾਦਸੇ ਵਿੱਚ ਹੋਈ ਮੌਤ ਦੇ ਮਾਮਲੇ ਵਿੱਚ ਉਨ੍ਹਾਂ ਦੇ ਭਤੀਜੇ ਅਤੇ ਵਿਧਾਇਕ ਰੋਹਿਤ ਪਵਾਰ ਨੇ ਇੱਕ ਵਾਰ ਫਿਰ ਸਨਸਨੀਖੇਜ਼ ਖੁਲਾਸੇ ਕੀਤੇ ਹਨ। ਸ਼ਨੀਵਾਰ ਨੂੰ ਇੱਕ ਪ੍ਰੈੱਸ ਕਾਨਫਰੰਸ ਦੌਰਾਨ ਰੋਹਿਤ ਪਵਾਰ ਨੇ ਡੀ.ਜੀ.ਸੀ.ਏ. ਅਤੇ ਨਿੱਜੀ ਹਵਾਬਾਜ਼ੀ ਕੰਪਨੀ 'ਤੇ ਗੰਭੀਰ ਸਵਾਲ ਚੁੱਕਦਿਆਂ ਇਸ ਪੂਰੇ ਮਾਮਲੇ ਨੂੰ ਇੱਕ ਵੱਡੀ ਸਾਜ਼ਿਸ਼ ਕਰਾਰ ਦਿੱਤਾ ਹੈ। ਰੋਹਿਤ ਪਵਾਰ ਨੇ ਇਸ ਹਾਦਸੇ ਲਈ ਨੈਤਿਕ ਜ਼ਿੰਮੇਵਾਰੀ ਤੈਅ ਕਰਦਿਆਂ ਕੇਂਦਰੀ ਨਾਗਰਿਕ ਉੱਡਣ ਮੰਤਰੀ ਰਾਮ ਮੋਹਨ ਨਾਇਡੂ ਦੇ ਅਸਤੀਫ਼ੇ ਦੀ ਮੰਗ ਕੀਤੀ ਹੈ। ਉਨ੍ਹਾਂ ਦੋਸ਼ ਲਾਇਆ ਕਿ ਜਿਸ ਵੀ.ਐਸ.ਆਰ. ਕੰਪਨੀ ਦਾ ਜਹਾਜ਼ ਹਾਦਸਾਗ੍ਰਸਤ ਹੋਇਆ ਹੈ, ਉਸ ਨੂੰ ਸੱਤਾਧਾਰੀ ਪਾਰਟੀਆਂ ਨਾਲ ਜੁੜੇ ਬਹੁਤ ਪ੍ਰਭਾਵਸ਼ਾਲੀ ਲੋਕਾਂ ਦੀ ਸਰਪ੍ਰਸਤੀ ਹਾਸਲ ਹੈ। ਉਨ੍ਹਾਂ ਕਿਹਾ ਕਿ ਡੀ.ਜੀ.ਸੀ.ਏ. ਦੇ ਕੁਝ ਅਧਿਕਾਰੀ ਵੀ ਸਬੰਧਤ ਕੰਪਨੀ ਨੂੰ ਬਚਾਉਣ ਦੀ ਕੋਸ਼ਿਸ਼ ਕਰ ਰਹੇ ਹਨ। ਹਾਦਸੇ ਦੀ ਜਾਂਚ 'ਤੇ ਸ਼ੱਕ ਜ਼ਾਹਰ ਕਰਦਿਆਂ ਰੋਹਿਤ ਪਵਾਰ ਨੇ ਦੱਸਿਆ ਕਿ ਉਨ੍ਹਾਂ ਵੱਲੋਂ ਇਕੱਠੇ ਕੀਤੇ ਤੱਥਾਂ ਅਨੁਸਾਰ ਹਾਦਸੇ ਦੇ ਸਮੇਂ ਜਹਾਜ਼ ਵਿੱਚ ਇੱਕ ਨਹੀਂ, ਸਗੋਂ ਕਈ ਧਮਾਕੇ ਹੋਏ ਸਨ। ਜਹਾਜ਼ ਦੇ ਬਲੈਕ ਬਾਕਸ ਨੂੰ ਲੈ ਕੇ ਵੀ ਉਨ੍ਹਾਂ ਨੇ ਸ਼ੱਕ ਜ਼ਾਹਰ ਕੀਤਾ ਹੈ। ਜਹਾਜ਼ ਦੀ ਮੇਨਟੇਨੈਂਸ (ਰੱਖ-ਰਖਾਅ) ਵਿੱਚ ਗੰਭੀਰ ਖਾਮੀਆਂ ਸਨ। ਹਾਦਸੇ ਵਾਲੀ ਥਾਂ 'ਤੇ ਵਾਧੂ ਪੈਟਰੋਲ ਦੇ ਕੈਨ ਮੌਜੂਦ ਸਨ, ਜਿਸ ਕਾਰਨ ਭਿਆਨਕ ਅੱਗ ਲੱਗੀ। ਹੁਣ ਇਸ ਮਾਮਲੇ ਵਿੱਚ ਸਿਰਫ਼ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਗ੍ਰਹਿ ਮੰਤਰੀ ਅਮਿਤ ਸ਼ਾਹ ਹੀ ਅਜੀਤ ਪਵਾਰ ਨੂੰ ਨਿਆਂ ਦਿਵਾ ਸਕਦੇ ਹਨ। ਉਨ੍ਹਾਂ ਐਲਾਨ ਕੀਤਾ ਕਿ ਉਹ ਪ੍ਰਧਾਨ ਮੰਤਰੀ ਨੂੰ ਈਮੇਲ ਰਾਹੀਂ ਪੱਤਰ ਲਿਖ ਕੇ ਨਿਰਪੱਖ ਅਤੇ ਡੂੰਘਾਈ ਨਾਲ ਜਾਂਚ ਦੀ ਮੰਗ ਕਰਨਗੇ। ਇਸ ਦੇ ਨਾਲ ਹੀ ਉਨ੍ਹਾਂ ਨੇ ਕਾਂਗਰਸ ਆਗੂ ਰਾਹੁਲ ਗਾਂਧੀ ਨੂੰ ਵੀ ਅਪੀਲ ਕੀਤੀ ਕਿ ਉਹ ਇਸ ਮੁੱਦੇ ਨੂੰ ਪ੍ਰਮੁੱਖਤਾ ਨਾਲ ਚੁੱਕਣ। ਰੋਹਿਤ ਪਵਾਰ ਨੇ ਸਪੱਸ਼ਟ ਕੀਤਾ ਕਿ ਇਹ ਸਾਜ਼ਿਸ਼ ਸਿਆਸੀ ਜਾਂ ਵਪਾਰਕ ਹੋ ਸਕਦੀ ਹੈ ਅਤੇ ਉਹ ਇਸ ਦੀ ਸੱਚਾਈ ਸਾਹਮਣੇ ਲਿਆ ਕੇ ਹੀ ਦਮ ਲੈਣਗੇ।

# ਭਾਰਤੀ ਮੂਲ ਦੇ ਖਿਡਾਰੀ ਵਿਸ਼ਵ ਪੱਧਰ 'ਤੇ ਦੇਸ਼ ਦਾ ਮਾਣ ਵਧਾ ਰਹੇ ਹਨ: ਪ੍ਰਧਾਨ ਮੰਤਰੀ ਮੋਦੀ

ਕੌਮੀ ਪਤ੍ਰਿਕਾ
ਸਿੰਮੀ ਕੌਰ ਬੱਬਰ

ਨਵੀਂ ਦਿੱਲੀ 22 ਫਰਵਰੀ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਹਾ ਕਿ ਭਾਰਤੀ ਮੂਲ ਦੇ ਖਿਡਾਰੀ ਵਿਸ਼ਵ ਪੱਧਰ 'ਤੇ ਦੇਸ਼ ਦਾ ਮਾਣ ਵਧਾ ਰਹੇ ਹਨ ਅਤੇ ਉੱਥੋਂ ਦੇ ਨੌਜਵਾਨਾਂ ਲਈ ਪ੍ਰੇਰਨਾ ਬਣ ਰਹੇ ਹਨ। ਅੱਜ ਆਪਣੇ ਮਾਸਿਕ ਪ੍ਰੋਗਰਾਮ ਮਨ ਕੀ ਬਾਤ ਵਿੱਚ, ਸ਼੍ਰੀ ਮੋਦੀ ਨੇ ਕਿਹਾ, ਮੈਂ ਅਕਸਰ ਕਹਿੰਦਾ ਹਾਂ, 'ਜੋ ਖੇਡਦੇ ਹਨ, ਉਹ ਖਿੜਦੇ ਹਨ।' ਖੇਡਾਂ ਵੀ ਸਾਨੂੰ ਇਕਜੁੱਟ ਕਰਦੀਆਂ ਹਨ। ਇਨ੍ਹੀਂ ਦਿਨੀਂ, ਤੁਸੀਂ ਟੀ-20 ਵਿਸ਼ਵ ਕੱਪ ਦੇ ਮੈਚ ਦੇਖ ਰਹੇ ਹੋ, ਅਤੇ ਮੈਨੂੰ ਯਕੀਨ ਹੈ ਕਿ ਤੁਹਾਡੀਆਂ ਨਜ਼ਰਾਂ ਅਕਸਰ ਕਿਸੇ ਖਾਸ ਖਿਡਾਰੀ ਵੱਲ ਖਿੱਚੀਆਂ ਜਾਣਗੀਆਂ। ਜਰਸੀ ਕਿਸੇ ਹੋਰ ਦੇਸ਼ ਦੀ ਹੋ ਸਕਦੀ ਹੈ, ਪਰ ਨਾਮ ਸੁਣ ਕੇ ਤੁਹਾਨੂੰ ਇੰਝ ਲੱਗਦਾ ਹੈ, 'ਓਹ, ਉਹ ਸਾਡੇ ਆਪਣੇ ਦੇਸ਼ ਦਾ ਹੈ।' ਥੋੜ੍ਹੀ ਜਿਹੀ ਖੁਸ਼ੀ ਦਿਲ ਭਰ ਜਾਂਦੀ ਹੈ, ਕਿਉਂਕਿ ਉਹ ਖਿਡਾਰੀ ਭਾਰਤੀ ਮੂਲ ਦਾ ਹੈ ਅਤੇ ਉਸ ਦੇਸ਼ ਲਈ ਖੇਡ ਰਿਹਾ ਹੈ ਜਿੱਥੇ ਉਸਦਾ ਪਰਿਵਾਰ ਵਸਿਆ ਸੀ। ਉਹ ਆਪਣੇ-ਆਪਣੇ ਦੇਸ਼ ਦੀਆਂ ਜਰਸੀ ਪਹਿਨ ਕੇ ਮੈਦਾਨ 'ਤੇ ਉਤਰਦੇ ਹਨ, ਉਸ ਦੇਸ਼ ਦੀ ਨੁਮਾਇੰਦਗੀ ਪੂਰੇ ਦਿਲ ਨਾਲ ਕਰਦੇ ਹਨ। ਉਨ੍ਹਾਂ ਅੱਗੇ ਕਿਹਾ ਕਿ ਕੈਨੇਡੀਅਨ ਟੀਮ ਵਿੱਚ ਭਾਰਤੀ ਮੂਲ ਦੇ ਸਭ ਤੋਂ ਵੱਧ ਖਿਡਾਰੀ ਹਨ। ਟੀਮ ਦੇ ਕਪਤਾਨ ਦਿਲਪ੍ਰੀਤ ਬਾਜਵਾ ਦਾ ਜਨਮ ਪੰਜਾਬ ਦੇ ਗੁਰਦਾਸਪੁਰ



ਵਿੱਚ ਹੋਇਆ ਸੀ। ਨਵਨੀਤ ਧਾਲੀਵਾਲ ਚੰਡੀਗੜ੍ਹ ਤੋਂ ਹੈ। ਇਸ ਸੂਚੀ ਵਿੱਚ ਹਰਸ਼ ਠਾਕਰ ਅਤੇ ਸ਼੍ਰੇਅਸ ਮੋਵਾ ਵਰਗੇ ਨਾਮ ਸ਼ਾਮਲ ਹਨ, ਜੋ ਕੈਨੇਡਾ ਅਤੇ ਭਾਰਤ ਦੋਵਾਂ ਲਈ ਮਾਣ ਲਿਆ ਰਹੇ ਹਨ। ਅਮਰੀਕੀ ਟੀਮ ਵਿੱਚ ਕਈ ਚਿਹਰੇ ਭਾਰਤੀ ਘਰੇਲੂ ਕ੍ਰਿਕਟ ਤੋਂ ਉੱਭਰੇ ਹਨ। ਅਮਰੀਕੀ ਟੀਮ ਦੇ ਕਪਤਾਨ ਮੋਨੰਕ ਪਟੇਲ ਗੁਜਰਾਤ ਦੀਆਂ ਅੰਡਰ-16 ਅਤੇ ਅੰਡਰ-18 ਟੀਮਾਂ ਲਈ ਵੀ ਖੇਡ ਚੁੱਕੇ ਹਨ। ਮੁੰਬਈ ਤੋਂ ਸੌਰਭ, ਦਿੱਲੀ ਤੋਂ ਹਰਮੀਤ ਸਿੰਘ ਅਤੇ ਮਿਲਿੰਦ ਕੁਮਾਰ ਸਾਰੇ ਅਮਰੀਕੀ ਟੀਮ ਦਾ ਮਾਣ ਹਨ। ਓਮਾਨ ਦੀ ਟੀਮ ਅੱਜ ਬਹੁਤ ਸਾਰੇ ਖਿਡਾਰੀਆਂ ਦਾ ਮਾਣ ਕਰਦੀ ਹੈ ਜੋ ਪਹਿਲਾਂ ਭਾਰਤ ਦੇ ਵੱਖ-ਵੱਖ ਰਾਜਾਂ ਵਿੱਚ ਖੇਡ ਚੁੱਕੇ ਹਨ। ਜਤਿੰਦਰ ਸਿੰਘ, ਵਿਨਾਇਕ ਸ਼ੁਕਲਾ, ਕਰਨ, ਜੈ ਅਤੇ ਆਸ਼ੀਸ਼ ਵਰਗੇ ਖਿਡਾਰੀ ਓਮਾਨ ਕ੍ਰਿਕਟ ਦੇ ਮਜ਼ਬੂਤ ??ਥੰਮ?ਹ ਹਨ। ਭਾਰਤੀ ਮੂਲ ਦੇ ਖਿਡਾਰੀ ਨਿਊਜ਼ੀਲੈਂਡ, ਯੂਏਈ ਅਤੇ ਇਟਲੀ ਦੀਆਂ ਟੀਮਾਂ ਵਿੱਚ ਵੀ ਆਪਣੀ ਪਛਾਣ ਬਣਾ ਰਹੇ ਹਨ। ਪ੍ਰਧਾਨ ਮੰਤਰੀ ਨੇ ਕਿਹਾ ਕਿ ਭਾਰਤੀ ਮੂਲ ਦੇ ਬਹੁਤ ਸਾਰੇ ਖਿਡਾਰੀ ਹਨ ਜੋ ਆਪਣੇ ਦੇਸ਼ ਲਈ ਮਾਣ ਲਿਆ ਰਹੇ ਹਨ ਅਤੇ ਉੱਥੋਂ ਦੇ ਨੌਜਵਾਨਾਂ ਨੂੰ ਪ੍ਰੇਰਿਤ ਕਰ ਰਹੇ ਹਨ।

## ਗਿਆਨੀ ਰਘਬੀਰ ਸਿੰਘ ਵੱਲੋਂ ਲਾਏ ਦੋਸ਼ਾਂ ਦੀ ਪੜਤਾਲ ਕੀਤੇ ਬਗੈਰ ਨੋਟਿਸ ਦੇਣਾ ਮੰਦਭਾਗਾ : ਕਾਲਕਾ, ਕਾਹਲੋਂ

ਅੰਮ੍ਰਿਤਸਰ 22 ਫਰਵਰੀ। ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਮੀਤ ਸਿੰਘ ਕਾਲਕਾ ਅਤੇ ਜਨਰਲ ਸਕੱਤਰ ਜਗਦੀਪ ਸਿੰਘ ਕਾਹਲੋਂ ਨੇ ਕਿਹਾ ਹੈ ਕਿ ਗਿਆਨੀ ਰਘਬੀਰ ਸਿੰਘ ਵੱਲੋਂ ਸ਼੍ਰੋਮਣੀ ਕਮੇਟੀ ਵਿਰੁੱਧ ਲਾਏ ਗਏ ਭ੍ਰਿਸ਼ਟਾਚਾਰ ਦੇ ਦੋਸ਼ਾਂ ਦੀ ਜਾਂਚ ਕਰਨ ਦੀ ਬਜਾਏ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਵੱਲੋਂ ਉਨ੍ਹਾਂ ਨੂੰ 72 ਘੰਟਿਆਂ ਦਾ ਨੋਟਿਸ ਜਾਰੀ ਕਰਨਾ ਸਾਬਤ ਕਰਦਾ ਹੈ ਕਿ ਉਹ ਬਾਦਲ ਪਰਿਵਾਰ ਦੇ ਬੁਲਾਰੇ ਵਜੋਂ ਕੰਮ ਕਰ ਰਹੇ ਹਨ। ਪ੍ਰਧਾਨ ਕਾਲਕਾ ਅਤੇ ਕਾਹਲੋਂ ਨੇ ਕਿਹਾ ਕਿ ਇਹ



ਹੈਰਾਨੀਜਨਕ ਹੈ ਕਿ ਐਡਵੋਕੇਟ ਧਾਮੀ ਨੇ ਗੰਭੀਰ ਦੋਸ਼ਾਂ ਦੀ ਜਾਂਚ ਦੇ ਹੁਕਮ ਦੇਣ ਦੀ ਥਾਂ ਸਿੱਧੇ ਤੌਰ 'ਤੇ ਨੋਟਿਸ ਜਾਰੀ ਕਰ ਦਿੱਤਾ। ਉਨ੍ਹਾਂ ਕਿਹਾ ਕਿ ਗੁਰਦੁਆਰਾ ਅੰਬ ਸਾਹਿਬ (ਮੁਹਾਲੀ) ਅਤੇ ਗੁਰਦੁਆਰਾ ਭੱਠਾ ਸਾਹਿਬ (ਰੋਪੜ) ਦੀਆਂ ਜ਼ਮੀਨਾਂ ਦੀ ਖ਼ਰੀਦ-ਵੇਚ 'ਚ ਹੋਏ ਕਥਿਤ ਘਪਲੇ ਦਾ ਸੱਚ ਸੰਗਤ ਸਾਹਮਣੇ ਆਉਣਾ ਚਾਹੀਦਾ ਹੈ। ਉਨ੍ਹਾਂ ਦੋਸ਼ ਲਾਇਆ ਕਿ ਸ਼੍ਰੋਮਣੀ ਕਮੇਟੀ ਦੀਆਂ ਜ਼ਮੀਨਾਂ ਆਪਣੇ ਚਹੇਤਿਆਂ ਨੂੰ ਕੌਡੀਆਂ ਦੇ ਭਾਅ ਵੇਚੀਆਂ ਜਾਂਦੀਆਂ ਹਨ ਅਤੇ ਖ਼ਰੀਦ ਵੇਲੇ ਮਹਿੰਗੇ ਭਾਅ ਅਦਾ ਕੀਤੇ ਜਾਂਦੇ ਹਨ। ਦਿੱਲੀ ਕਮੇਟੀ ਦੇ ਆਗੂਆਂ ਨੇ ਕਿਹਾ ਕਿ ਐਡਵੋਕੇਟ ਧਾਮੀ ਪਿਛਲੇ ਕੁਝ ਮਹੀਨਿਆਂ ਤੋਂ ਸੰਸਥਾ ਦੇ ਪ੍ਰਧਾਨ ਦੀ ਥਾਂ ਬਾਦਲ ਪਰਿਵਾਰ ਦੇ ਵਕੀਲ ਵਜੋਂ ਵਿਚਰ ਰਹੇ ਹਨ, ਜਿਸ ਕਾਰਨ ਸੰਗਤ 'ਚ ਭਾਰੀ ਰੋਸ ਹੈ। ਉਨ੍ਹਾਂ ਸਵਾਲ ਕੀਤਾ ਕਿ 49 ਕਰੋੜ ਰੁਪਏ ਤੋਂ ਵੱਧ ਕੀਮਤ ਦੀ ਜਾਇਦਾਦ ਵੇਚ ਕੇ ਆਇਆ ਪੈਸਾ ਕਿੱਥੇ ਹੈ? ਉਨ੍ਹਾਂ ਅੱਗੇ ਕਿਹਾ ਕਿ ਗਿਆਨੀ ਰਘਬੀਰ ਸਿੰਘ ਵਿਰੁੱਧ ਕੀਤੀ ਜਾ ਰਹੀ ਕਾਰਵਾਈ 2 ਦਸੰਬਰ 2024 ਦੇ ਹੁਕਮਨਾਮੇ ਦੇ ਮਾਮਲੇ 'ਚ ਬਦਲਾਖੋਰੀ ਦੀ ਨੀਤੀ ਦਾ ਹਿੱਸਾ ਹੈ।

# ਜੇ ਸਭ ਕੁਝ ਮੁਫ਼ਤ ਮਿਲੇਗਾ ਤਾਂ ਕੰਮ ਕੌਣ ਕਰੇਗਾ? ਮੁਫ਼ਤਖੋਰੀ ਦੀ ਸਿਆਸਤ 'ਤੇ ਸੁਪਰੀਮ ਕੋਰਟ ਨੇ ਧਾਰਿਆ ਸਖ਼ਤ ਰੂਪ

ਕੌਮੀ ਪਤ੍ਰਿਕਾ

ਨਵੀਂ ਦਿੱਲੀ 22 ਫਰਵਰੀ। ਸੁਪਰੀਮ ਕੋਰਟ ਨੇ 'ਮੁਫਤਖੋਰੀ' ਦੇ ਸੱਭਿਆਚਾਰ 'ਤੇ ਸਖ਼ਤ ਰੁਖ ਅਖਤਿਆਰ ਕਰਦਿਆਂ ਕਿਹਾ ਹੈ ਕਿ ਹੁਣ ਸਮਾਂ ਆ ਗਿਆ ਹੈ ਕਿ ਅਜਿਹੀਆਂ ਨੀਤੀਆਂ 'ਤੇ ਮੁੜ ਵਿਚਾਰ ਕੀਤਾ ਜਾਵੇ, ਕਿਉਂਕਿ ਇਹ ਦੇਸ਼ ਦੇ ਆਰਥਿਕ ਵਿਕਾਸ 'ਚ ਵੱਡੀ ਰੁਕਾਵਟ ਬਣ ਰਹੀਆਂ ਹਨ। ਚੀਫ਼ ਜਸਟਿਸ ਸੂਰਿਆ ਕਾਂਤ, ਜਸਟਿਸ ਜੋਇਮਾਲਿਆ ਬਾਗਚੀ ਅਤੇ ਜਸਟਿਸ ਵਿਪੁਲ ਐਮ. ਪੰਚੋਲੀ ਦੇ ਬੈਂਚ ਨੇ ਤਾਮਿਲਨਾਡੂ ਪਾਵਰ ਡਿਸਟ?ਰੀਬਿਊਸ਼ਨ ਕਾਰਪੋਰੇਸ਼ਨ ਲਿਮਟਿਡ ਦੀ ਉਸ ਪਟੀਸ਼ਨ 'ਤੇ ਸੁਣਵਾਈ ਕਰਦਿਆਂ ਇਹ ਟਿੱਪਣੀਆਂ ਕੀਤੀਆਂ, ਜਿਸ 'ਚ ਖਪਤਕਾਰਾਂ ਦੀ ਆਰਥਿਕ ਸਥਿਤੀ ਨੂੰ ਦੇਖੇ ਬਿਨਾਂ ਸਾਰਿਆਂ ਨੂੰ ਮੁਫ਼ਤ ਬਿਜਲੀ ਦੇਣ ਦੀ ਤਜਵੀਜ਼ ਰੱਖੀ ਗਈ ਸੀ। ਅਦਾਲਤ ਨੇ ਕਿਹਾ ਕਿ ਜੇਕਰ ਸੂਬਾਂ ਸਰਕਾਰਾਂ ਗਰੀਬਾਂ ਦੀ ਮਦਦ ਕਰਦੀਆਂ ਹਨ ਤਾਂ ਇਹ ਸਮਝ 'ਚ ਆਉਂਦਾ ਹੈ, ਪਰ ਉਨ੍ਹਾਂ ਲੋਕਾਂ 'ਚ ਕੋਈ ਫਰਕ ਨਾ ਕਰਨਾ ਜੋ ਖਰਚਾ ਚੁੱਕ ਸਕਦੇ ਹਨ ਅਤੇ ਜੋ ਨਹੀਂ ਚੁੱਕ ਸਕਦੇ, ਸਿਰਫ਼ ਇਕ 'ਤੁਸ਼ਟੀਕਰਨ ਦੀ ਨੀਤੀ' ਵਾਂਗ ਜਾਪਦਾ ਹੈ।



ਚੀਫ਼ ਜਸਟਿਸ ਨੇ ਸਵਾਲ ਉਠਾਇਆ ਕਿ ਜੇਕਰ ਸਵੇਰ ਤੋਂ ਸ਼ਾਮ ਤੱਕ ਮੁਫ਼ਤ ਭੋਜਨ, ਸਾਈਕਲ ਅਤੇ ਬਿਜਲੀ ਦਿੱਤੀ ਜਾਵੇਗੀ, ਤਾਂ ਲੋਕ ਕੰਮ ਕਿਉਂ ਕਰਨਗੇ? ਇਸ ਨਾਲ ਦੇਸ਼ ਦੇ 'ਵਰਕ ਕਲਚਰ' (ਕੰਮ ਦੇ ਸੱਭਿਆਚਾਰ) 'ਤੇ ਬੁਰਾ ਅਸਰ ਪਵੇਗਾ। ਅਦਾਲਤ ਨੇ ਚਿੰਤਾ ਪ੍ਰਗਟਾਈ ਕਿ ਦੇਸ਼ ਦੇ ਜ਼ਿਆਦਾਤਰ ਸੂਬੇ ਪਹਿਲਾਂ ਹੀ ਮਾਲੀਏ ਦੇ ਘਾਟੇ ਦਾ ਸਾਹਮਣਾ ਕਰ ਰਹੇ ਹਨ, ਫਿਰ ਵੀ ਉਹ ਵਿਕਾਸ ਕਾਰਜਾਂ ਨੂੰ ਨਜ਼ਰਅੰਦਾਜ਼ ਕਰਕੇ ਅਜਿਹੀਆਂ ਮੁਫ਼ਤ ਸਹੂਲਤਾਂ ਵੰਡ ਰਹੇ ਹਨ। ਬੈਂਚ ਨੇ ਕਿਹਾ ਕਿ ਰਾਜ ਸਰਕਾਰਾਂ ਵਿਕਾਸ ਪ੍ਰਾਜੈਕਟਾਂ 'ਤੇ ਖਰਚ ਕਰਨ ਦੀ ਬਜਾਏ ਸਿਰਫ਼ 2 ਹੀ ਕੰਮ ਕਰ ਰਹੀਆਂ ਹਨ- ਤਨਖਾਹਾਂ ਦੇਣਾ ਅਤੇ ਮੁਫ਼ਤ ਸਹੂਲਤਾਂ ਵੰਡਣਾ। ਸੁਪਰੀਮ ਕੋਰਟ ਨੇ ਸਪੱਸ਼ਟ ਕੀਤਾ ਕਿ ਦੇਸ਼ ਦੀ ਆਰਥਿਕ ਤਰੱਕੀ ਲਈ ਸੂਬਿਆਂ ਨੂੰ ਮੁਫ਼ਤ ਚੀਜ਼ਾਂ ਵੰਡਣ ਦੀ ਬਜਾਏ ਰੁਜ਼ਗਾਰ ਦੇ ਨਵੇਂ ਰਾਹ ਖੋਲ੍ਹਣ ਵੱਲ ਧਿਆਨ ਦੇਣਾ ਚਾਹੀਦਾ ਹੈ। ਅਦਾਲਤ ਨੇ ਇਸ ਮਾਮਲੇ 'ਚ ਕੇਂਦਰ ਸਰਕਾਰ ਅਤੇ ਹੋਰਾਂ ਨੂੰ ਨੋਟਿਸ ਜਾਰੀ ਕਰਕੇ ਜਵਾਬ ਮੰਗਿਆ ਹੈ। ਜ਼ਿਕਰਯੋਗ ਹੈ ਕਿ ਬਿਜਲੀ ਕੰਪਨੀ ਨੇ 'ਬਿਜਲੀ ਸੋਧ ਨਿਯਮ, 2024' ਦੇ ਇਕ ਨਿਯਮ ਨੂੰ ਚੁਣੌਤੀ ਦਿੱਤੀ ਹੈ।

# ਪੰਜਾਬ 'ਚ ਕਾਨੂੰਨ ਵਿਵਸਥਾ ਦਾ ਨਿਕਲਿਆ ਜਨਾਜ਼ਾ : ਆਰ.ਪੀ. ਸਿੰਘ

ਕੌਮੀ ਪਤ੍ਰਿਕਾ
ਨਵਦੀਪ ਸਿੰਘ ਸਾਹਨੀ

ਚੰਡੀਗੜ੍ਹ 22 ਫਰਵਰੀ। ਭਾਰਤੀ ਜਨਤਾ ਪਾਰਟੀ (ਭਾਜਪਾ) ਦੇ ਰਾਸ਼ਟਰੀ ਬੁਲਾਰੇ ਆਰ.ਪੀ. ਸਿੰਘ ਨੇ ਪੰਜਾਬ ਦੀ ਮੌਜੂਦਾ ਕਾਨੂੰਨ ਵਿਵਸਥਾ ਨੂੰ ਲੈ ਕੇ ਆਮ ਆਦਮੀ ਪਾਰਟੀ ਦੀ ਸਰਕਾਰ 'ਤੇ ਤਿੱਖੇ ਹਮਲੇ ਕੀਤੇ ਹਨ। ਸੋਸ਼ਲ ਮੀਡੀਆ 'ਤੇ ਪੋਸਟ ਕਰ ਕੇ ਇੱਕ ਵਿਸ਼ੇਸ਼ ਰਿਪੋਰਟ ਜਾਰੀ ਕਰਦਿਆਂ ਉਨ੍ਹਾਂ ਦਾਅਵਾ ਕੀਤਾ ਕਿ ਪੰਜਾਬ ਵਿੱਚ ਕਾਨੂੰਨ ਦਾ ਸ਼ਾਸਨ ਪੂਰੀ ਤਰ੍ਹਾਂ ਖਤਮ ਹੋ ਚੁੱਕਾ ਹੈ ਤੇ ਸੂਬਾ ਹੁਣ 'ਡਰ ਦੇ ਸਾਏ' ਹੇਠ ਚੱਲ ਰਿਹਾ ਹੈ। ਰਿਪੋਰਟ ਅਨੁਸਾਰ ਪਿਛਲੇ 3 ਮਹੀਨਿਆਂ ਵਿੱਚ 34 ਪੁਲਸ ਮੁਕਾਬਲੇ ਹੋਏ ਹਨ। ਹੈਰਾਨੀਜਨਕ ਤੌਰ 'ਤੇ ਇਨ੍ਹਾਂ ਵਿੱਚੋਂ ਇੱਕ ਤਿਹਾਈ ਮੁਕਾਬਲੇ ਉਨ੍ਹਾਂ ਮੁਲਜ਼ਮਾਂ ਨਾਲ ਹੋਏ ਹਨ ਜੋ ਪਹਿਲਾਂ ਹੀ ਪੁਲਸ ਹਿਰਾਸਤ ਵਿੱਚ ਸਨ। ਇਨ੍ਹਾਂ ਹਿਰਾਸਤੀ ਮੁਕਾਬਲਿਆਂ ਕਾਰਨ ਰਾਸ਼ਟਰੀ ਮਨੁੱਖੀ ਅਧਿਕਾਰ ਕਮਿਸ਼ਨ ਨੇ ਵੀ ਗੰਭੀਰ ਚਿੰਤਾਵਾਂ ਪ੍ਰਗਟਾਈਆਂ ਹਨ। ਭਾਜਪਾ ਦਾ ਕਹਿਣਾ ਹੈ ਕਿ ਇਹ ਮੁਕਾਬਲੇ ਸਿਰਫ ਸੁਰਖੀਆਂ ਬਟੋਰਨ ਲਈ ਕੀਤੇ ਜਾ ਰਹੇ ਹਨ, ਜਦਕਿ ਜ਼ਮੀਨੀ ਹਕੀਕਤ ਕੁਝ ਹੋਰ ਹੀ ਹੈ। ਸੋਸ਼ਲ ਮੀਡੀਆ ਪੋਸਟ 'ਚ ਉਨ੍ਹਾਂ ਕਿਹਾ ਪੰਜਾਬ ਵਿੱਚ ਜਬਰੀ ਵਸੂਲੀ ਇੱਕ ਯੋਜਨਾਬੱਧ ਧੰਦਾ ਬਣ ਚੁੱਕੀ ਹੈ। ਇਸ ਦੇ ਮੁੱਖ ਨਿਸ਼ਾਨੇ 'ਤੇ ਛੋਟੇ ਕਾਰੋਬਾਰੀ, ਟਰਾਂਸਪੋਰਟਰ, ਪ੍ਰਾਪਰਟੀ ਡੀਲਰ, ਠੇਕੇਦਾਰ ਅਤੇ ਦੁਕਾਨਦਾਰ ਹਨ। ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਡਰ ਦੇ ਮਾਰੇ ਲੋਕ ਪੁਲਸ ਕੋਲ ਰਿਪੋਰਟ ਕਰਨ ਤੋਂ ਵੀ ਡਰਦੇ ਹਨ ਕਿਉਂਕਿ ਉਨ੍ਹਾਂ ਨੂੰ ਬਦਲਾ ਲਏ ਜਾਣ ਦਾ ਖੌਫ ਹੈ। ਪੈਸੇ ਨਾ ਦੇਣ ਦੀ ਸੂਰਤ ਵਿੱਚ ਸ਼ਰੇਆਮ ਗੋਲੀਆਂ ਚਲਾਈਆਂ ਜਾਂਦੀਆਂ ਹਨ ਅਤੇ ਕਤਲ ਕੀਤੇ ਜਾਂਦੇ ਹਨ।ਭਾਜਪਾ ਬੁਲਾਰੇ ਨੇ ਦੋਸ਼ ਲਾਇਆ ਕਿ ਪੰਜਾਬ ਵਿੱਚ ਨਾ ਤਾਂ ਆਮ ਆਦਮੀ ਸੁਰੱਖਿਅਤ ਹੈ ਅਤੇ ਨਾ ਹੀ ਆਮ ਆਦਮੀ ਪਾਰਟੀ ਦੇ ਆਪਣੇ ਆਗੂ। ਜਨਤਕ ਥਾਵਾਂ, ਵਿਆਹਾਂ ਅਤੇ ਬਾਜ਼ਾਰਾਂ ਵਿੱਚ ਸ਼ਰੇਆਮ ਕਤਲ ਹੋ ਰਹੇ ਹਨ। ਪਿੰਡਾਂ ਦੇ ਸਰਪੰਚ ਅਤੇ ਸਥਾਨਕ ਨੁਮਾਇੰਦੇ ਵੀ ਗੈਂਗਸਟਰਾਂ ਦੇ ਨਿਸ਼ਾਨੇ 'ਤੇ ਹਨ। ਆਰ.ਪੀ. ਸਿੰਘ ਨੇ ਸਵਾਲ ਉਠਾਇਆ ਕਿ ਜੇਕਰ ਪੁਲਸ



ਕਾਰਵਾਈ ਇੰਨੀ ਪ੍ਰਭਾਵਸ਼ਾਲੀ ਹੈ, ਤਾਂ ਫਿਰ ਜਬਰੀ ਵਸੂਲੀ ਦੇ ਰੈਕੇਟ ਕਿਉਂ ਵਧ ਰਹੇ ਹਨ ਤੇ ਗੈਂਗਸਟਰ ਖੁੱਲ੍ਹੇਆਮ ਕਿਉਂ ਘੁੰਮ ਰਹੇ ਹਨ? ਉਨ੍ਹਾਂ ਸਪੱਸ਼ਟ ਕੀਤਾ ਕਿ ਜਿਸ ਸੂਬੇ ਵਿੱਚ ਲੋਕ ਰਿਪੋਰਟ ਕਰਨ ਤੋਂ ਡਰਨ ਅਤੇ ਸ਼ਰੇਆਮ ਕਤਲ ਹੋਣ, ਉਸ ਨੂੰ ਸੁਰੱਖਿਅਤ ਰਾਜ ਨਹੀਂ ਕਿਹਾ ਜਾ ਸਕਦਾ। ਇੱਕ ਵਿਸ਼ੇਸ਼ ਜਾਂਚ ਰਿਪੋਰਟ ਅਨੁਸਾਰ ਨਵੰਬਰ 2025 ਤੋਂ ਜਨਵਰੀ 2026 ਦੇ ਵਿਚਕਾਰ ਸਿਰਫ ਤਿੰਨ ਮਹੀਨਿਆਂ ਵਿੱਚ ਪੰਜਾਬ ਪੁਲਸ ਨੇ 34 ਮੁਕਾਬਲੇ ਦਰਜ ਕੀਤੇ ਹਨ। ਇਸ ਦਾ ਮਤਲਬ ਹੈ ਕਿ ਸੂਬੇ ਵਿੱਚ ਔਸਤਨ ਹਰ ਤੀਜੇ ਦਿਨ ਇੱਕ ਪੁਲਸ ਮੁਕਾਬਲਾ ਹੋ ਰਿਹਾ ਹੈ। ਇਨ੍ਹਾਂ ਮੁਕਾਬਲਿਆਂ ਦੇ ਨਤੀਜੇ ਵਜੋਂ 5 ਲੋਕਾਂ ਦੀ ਮੌਤ ਹੋ ਗਈ ਹੈ, ਜਦਕਿ 45 ਹੋਰ ਜ਼ਖਮੀ ਹੋਏ ਹਨ। ਇਕੱਲੇ ਜਨਵਰੀ 2026 ਦੇ ਮਹੀਨੇ ਵਿੱਚ ਹੀ 15 ਅਜਿਹੀਆਂ ਘਟਨਾਵਾਂ ਵਾਪਰੀਆਂ ਹਨ। ਅੰਕੜਿਆਂ ਅਨੁਸਾਰ ਅਪ੍ਰੈਲ 2022 ਤੋਂ ਲੈ ਕੇ ਹੁਣ ਤੱਕ ਗੈਂਗਸਟਰਾਂ ਨਾਲ ਕੁੱਲ 324 ਮੁਕਾਬਲੇ ਹੋ ਚੁੱਕੇ ਹਨ, ਜਿਨ੍ਹਾਂ ਵਿੱਚ 24 ਮੌਤਾਂ ਅਤੇ 515 ਗ੍ਰਿਫ਼ਤਾਰੀਆਂ ਹੋਈਆਂ ਹਨ। ਰਿਪੋਰਟ ਵਿੱਚ ਸਭ ਤੋਂ ਹੈਰਾਨੀਜਨਕ ਤੱਥ ਇਹ ਸਾਹਮਣੇ ਆਇਆ ਹੈ ਕਿ ਇੱਕ ਤਿਹਾਈ ਤੋਂ ਵੱਧ ਮੁਕਾਬਲੇ ਉਦੋਂ ਹੋਏ ਜਦੋਂ ਮੁਲਜ਼ਮ ਪਹਿਲਾਂ ਹੀ ਪੁਲਸ ਹਿਰਾਸਤ ਵਿੱਚ ਸਨ। ਜ਼ਿਆਦਾਤਰ ਮਾਮਲਿਆਂ ਵਿੱਚ ਪੁਲਸ ਦਾ ਇੱਕੋ ਜਿਹਾ ਦਾਅਵਾ ਹੁੰਦਾ ਹੈ ਕਿ ਜਦੋਂ ਮੁਲਜ਼ਮ ਨੂੰ 'ਹਥਿਆਰ ਬਰਾਮਦਗੀ' ਲਈ ਲਿਜਾਇਆ ਗਿਆ, ਤਾਂ ਉਸ ਨੇ ਲੁਕਾਇਆ ਹੋਇਆ ਹਥਿਆਰ ਕੱਢ ਕੇ ਪੁਲਿਸ 'ਤੇ ਗੋਲੀ ਚਲਾ ਦਿੱਤੀ ਅਤੇ ਜਵਾਬੀ ਕਾਰਵਾਈ ਵਿੱਚ ਉਹ ਜ਼ਖਮੀ ਹੋ ਗਿਆ ਜਾਂ ਮਾਰਿਆ ਗਿਆ। ਰਾਸ਼ਟਰੀ ਮਨੁੱਖੀ ਅਧਿਕਾਰ ਕਮਿਸ਼ਨ ਨੇ ਇਨ੍ਹਾਂ 'ਗੈਰ-ਨਿਆਇਕ ਹੱਤਿਆਵਾਂ' ਦੇ ਦੋਸ਼ਾਂ 'ਤੇ ਪੰਜਾਬ ਦੇ ਗ੍ਰਹਿ ਸਕੱਤਰ ਨੂੰ ਨੋਟਿਸ ਜਾਰੀ ਕਰ ਕੇ ਰਿਪੋਰਟ ਮੰਗੀ ਸੀ, ਪਰ ਦੋ ਮਹੀਨੇ ਬੀਤ ਜਾਣ ਦੇ ਬਾਵਜੂਦ ਸੂਬਾ ਸਰਕਾਰ ਨੇ ਅਜੇ ਤੱਕ ਕੋਈ ਜਵਾਬ ਨਹੀਂ ਦਿੱਤਾ ਹੈ। ਕਾਨੂੰਨੀ ਮਾਹਿਰਾਂ ਦਾ ਕਹਿਣਾ ਹੈ ਕਿ ਸੁਪਰੀਮ ਕੋਰਟ ਦੇ ਨਿਰਦੇਸ਼ਾਂ ਅਨੁਸਾਰ ਅਜਿਹੇ ਮਾਮਲਿਆਂ ਵਿੱਚ ਮੈਜਿਸਟ?ਰੇਟ ਜਾਂਚ ਹੋਣੀ ਲਾਜ਼ਮੀ ਹੈ, ਪਰ ਪੰਜਾਬ ਵਿੱਚ ਇਨ੍ਹਾਂ ਨਿਯਮਾਂ ਦੀ ਪਾਲਣਾ ਨਹੀਂ ਕੀਤੀ ਜਾ ਰਹੀ। ਇਹ ਮੁਕਾਬਲੇ ਪੂਰੇ ਪੰਜਾਬ ਵਿੱਚ ਫੈਲੇ ਹੋਏ ਹਨ ਪਰ ਸਭ ਤੋਂ ਵੱਧ 9 ਮੁਕਾਬਲੇ ਅੰਮ੍ਰਿਤਸਰ ਜ਼ਿਲ੍ਹੇ ਵਿੱਚ ਹੋਏ ਹਨ। ਇਸ ਤੋਂ ਬਾਅਦ ਲੁਧਿਆਣਾ ਵਿੱਚ 5 ਮੁਕਾਬਲੇ ਦਰਜ ਕੀਤੇ ਗਏ ਹਨ। ਪੁਲਿਸ ਮੁਤਾਬਕ ਉਹ ਸਿਰਫ਼ 'ਆਤਮ-ਰੱਖਿਆ' ਵਿੱਚ ਗੋਲੀ ਚਲਾਉਂਦੇ ਹਨ ਅਤੇ ਜ਼ਿਆਦਾਤਰ ਮੁਲਜ਼ਮਾਂ ਦੇ ਪੈਰਾਂ ਜਾਂ ਲੱਤਾਂ ਨੂੰ ਨਿਸ਼ਾਨਾ ਬਣਾਇਆ ਜਾਂਦਾ ਹੈ।

## ਹਿਮਾਚਲ ਦੇ ਮੁੱਖ ਮੰਤਰੀ ਸੁੱਖੂ ਦੀ ਸਿਹਤ ਅਚਾਨਕ ਵਿਗੜੀ, ਇਲਾਜ ਲਈ ਦਿੱਲੀ ਏਮਜ਼ ਲਿਆਂਦਾ

ਨੈਸ਼ਨਲ ਡੈਸਕ 22 ਫਰਵਰੀ। ਹਿਮਾਚਲ ਪ੍ਰਦੇਸ਼ ਦੇ ਮੁੱਖ ਮੰਤਰੀ ਸੁਖਵਿੰਦਰ ਸਿੰਘ ਸੁੱਖੂ ਦੀ ਸਿਹਤ ਨੂੰ ਲੈ ਕੇ ਚਿੰਤਾਵਾਂ ਅੱਜ ਸਵੇਰੇ ਉਸ ਸਮੇਂ ਵਧ ਗਈਆਂ ਜਦੋਂ ਉਨ੍ਹਾਂ ਨੂੰ ਦਿੱਲੀ ਵਿੱਚ ਅਚਾਨਕ ਪੇਟ ਵਿੱਚ ਤੇਜ਼ ਦਰਦ ਹੋਇਆ। ਸਾਵਧਾਨੀ ਵਜੋਂ ਮੁੱਖ ਮੰਤਰੀ ਨੂੰ ਤੁਰੰਤ ਇਲਾਜ ਅਤੇ ਸਿਹਤ ਜਾਂਚ ਲਈ ਦਿੱਲੀ ਦੇ ਆਲ ਇੰਡੀਆ ਇੰਸਟੀਚਿਊਟ ਆਫ਼ ਮੈਡੀਕਲ ਸਾਇੰਸਜ਼ (ਏਮਜ਼) ਲਿਜਾਇਆ ਗਿਆ। ਮਿਲੀ ਜਾਣਕਾਰੀ ਅਨੁਸਾਰ ਮੁੱਖ ਮੰਤਰੀ ਨੇ ਹਸਪਤਾਲ ਵਿੱਚ ਜ਼ਰੂਰੀ ਡਾਕਟਰੀ ਜਾਂਚ ਕਰਵਾਈ। ਰਾਹਤ ਦੀ ਗੱਲ ਇਹ ਹੈ ਕਿ ਉਨ੍ਹਾਂ ਦੇ ਨਤੀਜੇ ਆਮ ਵਾਂਗ ਆ ਗਏ ਹਨ ਅਤੇ ਉਹ ਹੁਣ ਠੀਕ ਹੋ ਰਹੇ ਹਨ। ਟੈਸਟਾਂ ਤੋਂ ਬਾਅਦ, ਮੁੱਖ ਮੰਤਰੀ ਏਮਜ਼ ਤੋਂ ਹਿਮਾਚਲ ਸਦਨ ਵਾਪਸ ਆ ਗਏ ਹਨ। ਡਾਕਟਰਾਂ ਨੇ ਉਨ੍ਹਾਂ ਨੂੰ ਫਿਲਹਾਲ ਪੂਰੀ ਤਰ੍ਹਾਂ ਆਰਾਮ ਕਰਨ ਦੀ ਸਲਾਹ ਦਿੱਤੀ ਹੈ। ਸੂਤਰਾਂ ਅਨੁਸਾਰ, ਮੁੱਖ ਮੰਤਰੀ ਨੇ ਪੇਟ ਵਿੱਚ ਦਰਦ ਦੀ ਸ਼ਿਕਾਇਤ ਕੀਤੀ ਸੀ ਅਤੇ ਉਨ੍ਹਾਂ ਨੂੰ ਤੁਰੰਤ ਹਸਪਤਾਲ ਲਿਜਾਇਆ ਗਿਆ। ਫਿਲਹਾਲ, ਉਨ੍ਹਾਂ ਦੀ ਸਿਹਤ ਠੀਕ ਦੱਸੀ ਜਾ ਰਹੀ ਹੈ। ਮੁੱਖ ਮੰਤਰੀ ਦੀ ਸਿਹਤ ਨੂੰ ਲੈ ਕੇ ਏਮਜ਼ ਪ੍ਰਸ਼ਾਸਨ ਵੱਲੋਂ ਅਜੇ ਤੱਕ ਕੋਈ ਅਧਿਕਾਰਤ ਸਿਹਤ ਬੁਲੇਟਿਨ ਜਾਰੀ ਨਹੀਂ ਕੀਤਾ ਗਿਆ ਹੈ। ਰਿਪੋਰਟਾਂ ਅਨੁਸਾਰ, ਮੁੱਖ ਮੰਤਰੀ ਫਿਲਹਾਲ ਦਿੱਲੀ ਵਿੱਚ ਹੀ ਰਹਿਣਗੇ ਅਤੇ ਐਤਵਾਰ ਤੱਕ ਉਨ੍ਹਾਂ ਦੇ ਸ਼ਿਮਲਾ ਵਾਪਸ ਆਉਣ ਦੀ ਉਮੀਦ ਹੈ। ਇਸ ਦੌਰਾਨ ਮੁੱਖ ਮੰਤਰੀ ਦੇ ਨਾਲ ਦਿੱਲੀ ਆਏ ਹੋਰ ਹਿਮਾਚਲ ਕੈਬਨਿਟ ਮੰਤਰੀ ਆਪਣੇ-ਆਪਣੇ ਹਲਕਿਆਂ ਲਈ ਰਵਾਨਾ ਹੋ ਗਏ ਹਨ। ਜ਼ਿਕਰਯੋਗ ਹੈ ਕਿ ਮੁੱਖ ਮੰਤਰੀ ਸੁੱਖੂ ਪਿਛਲੇ ਕੁਝ ਦਿਨਾਂ ਤੋਂ ਆਪਣੇ ਮੰਤਰੀ ਮੰਡਲ ਨਾਲ ਦਿੱਲੀ ਦੇ ਦੌਰੇ 'ਤੇ ਹਨ। 19 ਫਰਵਰੀ ਤੋਂ ਸ਼ੁਰੂ ਹੋਈ ਇਸ ਫੇਰੀ ਦੌਰਾਨ, ਉਨ੍ਹਾਂ ਨੇ 20 ਫਰਵਰੀ ਨੂੰ ਕਾਂਗਰਸ ਦੇ ਰਾਸ਼ਟਰੀ ਪ੍ਰਧਾਨ ਮਲਿਕਾਰਜੁਨ ਖੜਗੇ ਅਤੇ ਸੀਨੀਅਰ ਨੇਤਾ ਰਾਹੁਲ ਗਾਂਧੀ ਨਾਲ ਮੁਲਾਕਾਤ ਕੀਤੀ।

# ਆਰਥਿਕ ਤੌਰ 'ਤੇ ਕਮਜ਼ੋਰ ਵਿਦਿਆਰਥੀਆਂ ਲਈ ਡਿਜ਼ਿਟਲ ਮਾਰਕੀਟਿੰਗ ਪ੍ਰੋਗਰਾਮ ਮੁਫ਼ਤ: ਵਰਲਡ ਟਰੇਡ ਕੌਂਸਲ

ਕੌਮੀ ਪਤ੍ਰਿਕਾ
ਤੇਜਿੰਦਰ ਕੌਰ ਬੱਬਰ

ਨਵੀਂ ਦਿੱਲੀ: ਵਰਲਡ ਟਰੇਡ ਕੌਂਸਲ ਨੇ ਆਪਣੇ ਡਿਜ਼ਿਟਲ ਮਾਰਕੀਟਿੰਗ ਸਰਟੀਫਿਕੇਟ ਕੋਰਸ ਦੀ ਸ਼ੁਰੂਆਤ ਦਾ ਐਲਾਨ ਕੀਤਾ ਹੈ। ਇਹ ਇੱਕ ਬਦਲਾਅਕਾਰੀ ਸ਼ੈਖਿਕ ਪਹਿਲ ਹੈ ਜੋ ਖ਼ਾਸ ਤੌਰ 'ਤੇ ਆਰਥਿਕ ਤੌਰ 'ਤੇ ਕਮਜ਼ੋਰ ਅਤੇ ਵੰਚਿਤ ਵਰਗਾਂ ਦੇ ਵਿਦਿਆਰਥੀਆਂ ਨੂੰ ਮੰਗ ਵਿੱਚ ਰਹਿੰਦੀਆਂ ਡਿਜ਼ਿਟਲ ਕੌਸ਼ਲਤਾਵਾਂ ਨਾਲ ਸਸ਼ਕਤ ਕਰਨ ਲਈ ਤਿਆਰ ਕੀਤੀ ਗਈ ਹੈ। ਇਸ ਪਹਿਲ ਦਾ ਉਦੇਸ਼ ਡਿਜ਼ਿਟਲ ਖਾਈ ਨੂੰ ਪੂਰਾ ਕਰਨਾ ਅਤੇ ਦੇਸ਼ ਭਰ ਦੇ ਨੌਜਵਾਨਾਂ ਲਈ ਰੋਜ਼ਗਾਰ ਅਤੇ ਉਦਯਮਿਤਾ ਦੇ ਅਰਥਪੂਰਨ ਮੌਕੇ ਪੈਦਾ ਕਰਨਾ ਹੈ। ਅੱਜ ਦੀ ਤੇਜ਼ੀ ਨਾਲ ਬਦਲ ਰਹੀ ਡਿਜ਼ਿਟਲ ਅਰਥਵਿਵਸਥਾ ਵਿੱਚ ਡਿਜ਼ਿਟਲ ਮਾਰਕੀਟਿੰਗ ਸਭ ਤੋਂ ਪ੍ਰਭਾਵਸ਼ਾਲੀ ਅਤੇ ਆਸਾਨੀ ਨਾਲ ਪਹੁੰਚਯੋਗ ਕਰੀਅਰ ਵਿਕਲਪਾਂ ਵਿੱਚੋਂ ਇੱਕ ਵਜੋਂ ਉਭਰੀ ਹੈ। ਛੋਟੇ ਕਾਰੋਬਾਰਾਂ ਤੋਂ ਲੈ ਕੇ ਬਹੁਰਾਸ਼ਟਰੀ ਕੰਪਨੀਆਂ ਤੱਕ, ਸਾਰੀਆਂ ਸੰਸਥਾਵਾਂ ਆਪਣੀ ਪਹੁੰਚ ਵਧਾਉਣ, ਬ੍ਰਾਂਡ ਦੀ ਦਿਖਾਈ ਵਧਾਉਣ ਅਤੇ ਆਮਦਨ ਵਿੱਚ ਵਾਧਾ ਕਰਨ ਲਈ ਡਿਜ਼ਿਟਲ ਪਲੇਟਫਾਰਮਾਂ 'ਤੇ ਨਿਰਭਰ ਕਰਦੀਆਂ ਹਨ। ਇਸ ਬਦਲਾਅ ਨੂੰ ਸਮਝਦਿਆਂ, ਵਰਲਡ ਟ?ਰੇਡ ਕੌਂਸਲ ਨੇ ਇੱਕ ਵਿਸਤ੍ਰਿਤ ਸਰਟੀਫਿਕੇਟ ਪ੍ਰੋਗਰਾਮ ਤਿਆਰ ਕੀਤਾ ਹੈ ਜੋ ਵਿਦਿਆਰਥੀਆਂ ਨੂੰ ਪ੍ਰਯੋਗਿਕ ਗਿਆਨ, ਹੱਥ-ਅਨੁਭਵ ਟ?ਰੇਨਿੰਗ ਅਤੇ ਉਦਯੋਗ-ਸੰਬੰਧੀ ਨਿਪੁੰਨਤਾ ਪ੍ਰਦਾਨ ਕਰੇਗਾ। ਕੋਰਸ ਨੂੰ ਸਮਾਵੇਸ਼ਤਾ ਅਤੇ ਪਹੁੰਚਯੋਗਤਾ ਨੂੰ ਧਿਆਨ ਵਿੱਚ ਰੱਖ ਕੇ ਤਿਆਰ ਕੀਤਾ ਗਿਆ ਹੈ। ਇਹ ਖ਼ਾਸ ਤੌਰ 'ਤੇ ਆਰਥਿਕ ਤੌਰ 'ਤੇ ਕਮਜ਼ੋਰ ਵਰਗਾਂ ਦੇ ਵਿਦਿਆਰਥੀਆਂ ਲਈ ਬਣਾਇਆ ਗਿਆ ਹੈ, ਜੋ ਆਮ ਤੌਰ 'ਤੇ ਆਰਥਿਕ ਸੀਮਾਵਾਂ ਕਾਰਨ ਪੇਸ਼ਾਵਰ ਕੌਸ਼ਲ ਵਿਕਾਸ ਦੇ ਮੌਕਿਆਂ ਤੋਂ ਵੰਚਿਤ ਰਹਿ ਜਾਂਦੇ ਹਨ। ਕੌਂਸਲ ਦਾ ਵਿਸ਼ਵਾਸ ਹੈ ਕਿ ਪ੍ਰਤਿਭਾ ਅਤੇ ਸਮਰੱਥਾ ਸਮਾਜ ਦੇ ਹਰ ਵਰਗ ਵਿੱਚ ਮੌਜੂਦ ਹੈ ਅਤੇ ਸਿੱਖਿਆ ਤੱਕ ਪਹੁੰਚ ਆਰਥਿਕ ਪਾਬੰਦੀਆਂ ਨਾਲ ਸੀਮਿਤ ਨਹੀਂ ਹੋਣੀ ਚਾਹੀਦੀ। ਡਿਜ਼ਿਟਲ ਮਾਰਕੀਟਿੰਗ ਸਰਟੀਫਿਕੇਟ ਕੋਰਸ ਵਿੱਚ ਹੇਠ ਲਿਖੇ ਮੁੱਖ ਮੋਡੀਊਲ ਸ਼ਾਮਲ ਹੋਣਗੇ: ਡਿਜ਼ਿਟਲ ਮਾਰਕੀਟਿੰਗ ਦਾ ਪਰਿਚਯ; ਸੋਸ਼ਲ ਮੀਡੀਆ ਮਾਰਕੀਟਿੰਗ (Facebook, Instagram, LinkedIn ਆਦਿ); ਕਨਟੈਂਟ ਮਾਰਕੀਟਿੰਗ ਅਤੇ ਬਲਾਗਿੰਗ; ਈਮੇਲ ਮਾਰਕੀਟਿੰਗ; ਵੈਬਸਾਈਟ ਦੀ ਬੁਨਿਆਦ ਅਤੇ ਜਾਣ-ਪਹਿਚਾਣ; ਆਨਲਾਈਨ ਵਿਗਿਆਪਨ ਰਣਨੀਤੀਆਂ; ਫ?ਰੀਲਾਂਸਿੰਗ ਅਤੇ ਆਨਲਾਈਨ ਆਮਦਨ ਦੇ ਮੌਕੇ; ਅਤੇ ਡਿਜ਼ਿਟਲ ਉਦਯਮਿਤਾ ਅਤੇ ਸਟਾਰਟਅੱਪ ਮਾਰਗਦਰਸ਼ਨ। ਇਹ ਪ੍ਰੋਗਰਾਮ ਕਲਾਸਰੂਮ ਸੈਸ਼ਨਾਂ, ਆਨਲਾਈਨ ਵਰਕਸ਼ਾਪਾਂ, ਪ੍ਰਯੋਗਿਕ ਅਸਾਈਨਮੈਂਟਾਂ ਅਤੇ ਅਸਲੀ ਜੀਵਨ ਦੇ ਕੇਸ ਅਧਿਐਨਾਂ ਰਾਹੀਂ ਚਲਾਇਆ ਜਾਵੇਗਾ। ਭਾਗੀਦਾਰਾਂ ਨੂੰ ਲਾਈਵ ਪ੍ਰੋਜੈਕਟਾਂ 'ਤੇ ਕੰਮ ਕਰਨ ਦਾ ਮੌਕਾ ਮਿਲੇਗਾ, ਜਿਸ ਨਾਲ ਉਹ ਸਿਧਾਂਤਕ ਗਿਆਨ ਦੇ ਨਾਲ-ਨਾਲ ਪ੍ਰਯੋਗਿਕ ਦੱਖਲਤਾ ਵੀ ਵਿਕਸਿਤ ਕਰ ਸਕਣਗੇ। ਇਸ ਮੌਕੇ 'ਤੇ ਵਰਲਡ ਟਰੇਡ ਕੌਂਸਲ ਦੇ ਪ੍ਰਵਕਤਾ ਸ਼੍ਰੀ ਵਿਜੈ ਨੇ ਕਿਹਾ, "ਡਿਜ਼ਿਟਲ ਕ੍ਰਾਂਤੀ ਨੇ ਬੇਅੰਤ ਮੌਕੇ ਪੈਦਾ ਕੀਤੇ ਹਨ, ਪਰ ਸਰੋਤਾਂ ਅਤੇ ਆਰਥਿਕ ਸਮਰੱਥਾ ਦੀ ਘਾਟ ਕਾਰਨ ਕਈ ਯੋਗ ਵਿਦਿਆਰਥੀ ਪਿੱਛੇ ਰਹਿ ਜਾਂਦੇ ਹਨ। ਇਸ ਸਰਟੀਫਿਕੇਟ ਕੋਰਸ ਰਾਹੀਂ ਸਾਡਾ ਉਦੇਸ਼ ਵੰਚਿਤ ਨੌਜਵਾਨਾਂ ਨੂੰ ਪ੍ਰਯੋਗਿਕ ਕੌਸ਼ਲ ਦੇ ਨਾਲ ਸਸ਼ਕਤ ਕਰਨਾ ਹੈ, ਜੋ ਉਨ੍ਹਾਂ ਦੀ ਰੋਜ਼ਗਾਰ ਯੋਗਤਾ ਅਤੇ ਆਮਦਨ ਦੀ ਸੰਭਾਵਨਾ ਨੂੰ ਤੁਰੰਤ ਵਧਾ ਸਕਦੇ ਹਨ। ਸਾਡਾ ਵਿਜ਼ਨ ਖੁਦਨਿਰਭਰ ਅਤੇ ਡਿਜ਼ਿਟਲ ਤੌਰ 'ਤੇ ਦੱਖਣ ਨਾਗਰਿਕ ਤਿਆਰ ਕਰਨਾ ਹੈ ਜੋ ਦੇਸ਼ ਦੀ ਆਰਥਿਕ ਵਾਧੇ ਵਿੱਚ ਯੋਗਦਾਨ ਪਾ ਸਕਣ। ਪ੍ਰੋਗਰਾਮ ਦੀ ਇੱਕ ਖ਼ਾਸ ਵਿਸ਼ੇਸ਼ਤਾ ਇਸ ਦੀ ਕਿਫ਼ਾਇਤੀ ਪ੍ਰਕਿਰਤੀ ਹੈ। ਯੋਗਤਾ ਮਾਪਦੰਡਾਂ (ਆਮਦਨ ਪ੍ਰਮਾਣ ਪੱਤਰ ਦੇ ਆਧਾਰ 'ਤੇ) ਨੂੰ ਪੂਰਾ ਕਰਨ ਵਾਲੇ ਵਿਦਿਆਰਥੀਆਂ ਨੂੰ ਇਹ ਕੋਰਸ ਪੂਰੀ ਤਰ੍ਹਾਂ ਮੁਫ਼ਤ ਜਾਂ ਬਹੁਤ ਹੀ ਰਿਆਇਤੀ ਫੀਸ 'ਤੇ ਪ੍ਰਦਾਨ ਕੀਤਾ ਜਾਵੇਗਾ। ਇਸ ਤੋਂ ਇਲਾਵਾ, ਸਮਾਜਿਕ ਸੰਸਥਾਵਾਂ, CSR ਪਹਿਲਾਂ ਅਤੇ ਕਾਰਪੋਰੇਟ ਭਾਗੀਦਾਰਾਂ ਨਾਲ ਸਹਿਯੋਗ ਰਾਹੀਂ ਸਕਾਲਰਸ਼ਿਪ ਅਤੇ ਪ੍ਰਾਯੋਜਕਤਾ ਦੇ ਮੌਕੇ ਵੀ ਵਿਕਸਿਤ ਕੀਤੇ ਜਾ ਰਹੇ ਹਨ। ਕੋਰਸ ਦੀ ਮਿਆਦ ਚੁਣੇ ਗਏ ਫਾਰਮੈਟ ਅਨੁਸਾਰ ਤਿੰਨ ਤੋਂ ਛੇ ਮਹੀਨਿਆਂ ਤੱਕ ਹੋਵੇਗੀ। ਸਫਲਤਾਪੂਰਵਕ ਪੂਰਾ ਕਰਨ 'ਤੇ ਵਿਦਿਆਰਥੀਆਂ ਨੂੰ ਵਰਲਡ ਟ?ਰੇਡ ਕੌਂਸਲ ਵੱਲੋਂ ਅਧਿਕਾਰਕ ਸਰਟੀਫਿਕੇਟ ਪ੍ਰਦਾਨ ਕੀਤਾ ਜਾਵੇਗਾ, ਜੋ ਉਨ੍ਹਾਂ ਦੀ ਡਿਜ਼ਿਟਲ ਮਾਰਕੀਟਿੰਗ ਵਿੱਚ ਦੱਖਲਤਾ ਦੀ ਪਛਾਣ ਕਰੇਗਾ। ਇਹ ਪ੍ਰਮਾਣਪੱਤਰ ਡਿਜ਼ਿਟਲ ਮਾਰਕੀਟਿੰਗ ਏਗਜ਼ਿਕਿਊਟਿਵ, ਸੋਸ਼ਲ ਮੀਡੀਆ ਮੈਨੇਜਰ, SEO ਵਿਸ਼ਲੇਸ਼ਕ, ਕਨਟੈਂਟ ਕ੍ਰੀਏਟਰ ਅਤੇ ਫ?ਰੀਲਾਂਸ ਕਨਸਲਟੈਂਟ ਵਰਗੀਆਂ ਭੂਮਿਕਾਵਾਂ ਵਿੱਚ ਰੋਜ਼ਗਾਰ



# ਕੁੜੀ ਨੂੰ ਗੋਲੀ ਮਾਰਨ ਵਾਲੇ ਪ੍ਰਿੰਸ ਲਈ ਅਗਲੇ 12 ਘੰਟੇ ਬੇਹੱਦ ਨਾਜ਼ੁਕ, ਲੜ ਰਿਹੈ ਜ਼ਿੰਦਗੀ ਤੇ ਮੌਤ ਦੀ ਲੜਾਈ

**ਕੌਮੀ ਪਤ੍ਰਿਕਾ**

ਅੰਮ੍ਰਿਤਸਰ 22 ਫਰਵਰੀ। ਤਰਨਤਾਰਨ ਦੇ ਲਾਅ ਕਾਲਜ ’ਚ ਲੜਕੀ ਨੂੰ ਗੋਲੀ ਮਾਰ ਕੇ ਖ਼ੁਦਕੁਸ਼ੀ ਦੀ ਕੋਸ਼ਿਸ਼ ਕਰਨ ਵਾਲਾ ਪ੍ਰਿੰਸ ਗੁਰੂ ਨਾਨਕ ਦੇਵ ਹਸਪਤਾਲ ’ਚ ਜ਼ਿੰਦਗੀ ਅਤੇ ਮੌਤ ਦੀ ਲੜਾਈ ਲੜ ਰਿਹਾ ਹੈ। ਪ੍ਰਿੰਸ ਦੀ ਹਾਲਤ ਬੇਹੱਦ ਨਾਜ਼ੁਕ ਹੈ ਅਤੇ ਉਸ ਦਾ ਬਲੱਡ ਪ੍ਰੈਸ਼ਰ ਲਗਾਤਾਰ ਘਟਦਾ ਜਾ ਰਿਹਾ ਹੈ। ਹਸਪਤਾਲ ਦੇ ਡਾਕਟਰਾਂ ਵੱਲੋਂ ਪ੍ਰਿੰਸ ਨੂੰ ਵੈਂਟੀਲੇਟਰ ’ਤੇ ਰੱਖਿਆ ਗਿਆ ਹੈ ਅਤੇ ਅਗਲੇ 12 ਘੰਟੇ ਉਸ ਦੇ ਲਈ ਬੇਹੱਦ ਨਾਜ਼ੁਕ ਦੱਸੇ ਜਾ ਰਹੇ ਹਨ। ਜਾਣਕਾਰੀ ਅਨੁਸਾਰ ਤਰਨਤਾਰਨ ਦੇ ਇਕ ਲਾਅ ਕਾਲਜ ’ਚ ਇਕ ਵਿਦਿਆਰਥੀ ਵੱਲੋਂ ਆਪਣੀ ਕਲਾਸ ਦੀ ਇਕ ਵਿਦਿਆਰਥਣ ਨੂੰ ਗੋਲੀ ਮਾਰ ਕੇ ਖ਼ੁਦ ਨੂੰ ਵੀ ਗੋਲੀ ਮਾਰ ਲਈ ਗਈ ਸੀ। ਇਸ ਘਟਨਾ ਦੌਰਾਨ ਲੜਕੀ ਸੰਦੀਪ ਦੀ ਮੌਕੇ ’ਤੇ ਹੀ ਮੌਤ ਹੋ ਗਈ ਸੀ, ਜਦਕਿ ਲੜਕੇ ਪ੍ਰਿੰਸ ਨੂੰ ਅੰਮ੍ਰਿਤਸਰ ਦੇ ਗੁਰੂ ਨਾਨਕ ਦੇਵ ਹਸਪਤਾਲ ’ਚ ਭਰਤੀ ਕਰਵਾਇਆ ਗਿਆ ਸੀ। ਤਰਨਤਾਰਨ ਪੁਲਸ ਵੱਲੋਂ ਪ੍ਰਿੰਸ ਖ਼?ਲਾਫ਼ ਮਾਮਲਾ ਵੀ ਦਰਜ ਕੀਤਾ ਗਿਆ ਹੈ। ਪ੍ਰਿੰਸ ਦੀ ਗੰਭੀਰ ਹਾਲਤ ਨੂੰ ਲੈ ਕੇ ਗੁਰੂ ਨਾਨਕ ਦੇਵ ਹਸਪਤਾਲ ਦੇ ਮੈਡੀਕਲ ਸੁਪਰਟੈਂਡੈਂਟ ਕਰਮਜੀਤ ਸਿੰਘ ਨੇ ਦੱਸਿਆ ਕਿ ਘਟਨਾ ਤੋਂ ਬਾਅਦ ਜ਼ਖ਼ਮੀ ਪ੍ਰਿੰਸ ਨੂੰ ਅੰਮ੍ਰਿਤਸਰ ਸਥਿਤ ਗੁਰੂ ਨਾਨਕ ਦੇਵ ਹਸਪਤਾਲ ’ਚ ਰੈਫ਼ਰ ਕੀਤਾ ਗਿਆ ਸੀ। ਉਨ੍ਹਾਂ ਦੱਸਿਆ ਕਿ ਪ੍ਰਿੰਸ ਦੀ ਹਾਲਤ ਬੇਹੱਦ ਨਾਜ਼ੁਕ ਹੈ, ਗੋਲੀ ਉਸ ਦੇ ਸਿਰ ਦੇ ਇਕ ਹਿੱਸੇ ਤੋਂ ਹੋ ਕੇ ਦੂਸਰੇ ਹਿੱਸੇ ’ਚੋਂ ਨਿਕਲ ਗਈ ਸੀ। ਜ਼ਿਕਰਯੋਗ ਹੈ ਕਿ ਸੰਦੀਪ ਕੌਰ (19) ਪੁੱਤਰੀ ਹੀਰਾ ਸਿੰਘ, ਵਾਸੀ ਨੌਸ਼ਹਿਰਾ ਪੰਨੂਆਂ, ਪੰਜਾਬ ਕਾਲਜ ਆਫ ਲਾਅ ਪਿੰਡ ਉਸਮਾ ਵਿੱਚ ਸੈਕਿੰਡ ਸਮੈਸਟਰ ਦੀ ਵਿਦਿਆਰਥਣ ਸੀ। ਸੋਮਵਾਰ ਸਵੇਰੇ ਜਦੋਂ ਉਹ ਕਾਲਜ ਪਹੁੰਚੀ ਤਾਂ ਕਲਾਸ ਵਿੱਚ ਹੋਰ ਵਿਦਿਆਰਥੀਆਂ ਦੇ ਨਾਲ ਕੁਝ ਲੜਕੇ ਵੀ ਮੌਜੂਦ ਸਨ। ਇਸ ਦੌਰਾਨ ਪ੍ਰਿੰਸ ਰਾਜ ਸਿੰਘ (19) ਪੁੱਤਰ ਜਗਜੀਤ ਸਿੰਘ, ਵਾਸੀ ਪਿੰਡ ਮਲੀਆ, ਨੇ ਸੰਦੀਪ ਕੌਰ ਨੂੰ ਦੋਸਤੀ ਲਈ ਪ੍ਰਪੋਜ਼ ਕੀਤਾ, ਪਰ ਇਨਕਾਰ ਮਿਲਣ ’ਤੇ ਉਸਨੇ ਆਪਣੀ ਡੱਬ ਵਿੱਚ



ਰੱਖੇ ਰਿਵਾਲਵਰ ਨਾਲ ਫਾਇਰ ਕਰ ਦਿੱਤਾ। ਗੋਲੀ ਲੱਗਣ ਨਾਲ ਸੰਦੀਪ ਕੌਰ ਦੀ ਕਲਾਸ ਵਿੱਚ ਹੀ ਮੌਕੇ ’ਤੇ ਮੌਤ ਹੋ ਗਈ। ਇਸ ਤੋਂ ਤੁਰੰਤ ਬਾਅਦ ਪ੍ਰਿੰਸ ਰਾਜ ਸਿੰਘ ਨੇ ਆਪਣੀ ਕੰਨਪਟੀ ਉਪਰ ਗੋਲੀ ਮਾਰ ਲਈ ਅਤੇ ਉਹ ਜ਼ਮੀਨ ’ਤੇ ਡਿੱਗ ਪਿਆ। ਵਾਰਦਾਤ ਦੀ ਸੂਚਨਾ ਮਿਲਣ ’ਤੇ ਮੁਲਜ਼ਮ ਵਿਦਿਆਰਥੀ ਨੂੰ ਅੰਮ੍ਰਿਤਸਰ ਦੇ ਹਸਪਤਾਲ ਵਿੱਚ ਇਲਾਜ ਲਿਆਇਆ ਗਿਆ ਜਿਥੇ ਡਾਕਟਰਾਂ ਨੇ ਉਸ ਦੀ ਹਾਲਤ ਨਾਜ਼ੁਕ ਦੱਸੀ ਹੈ। ਜਿੱਥੇ ਉਹ ਜ਼ਿੰਦਗੀ ਅਤੇ ਮੌਤ ਦੀ ਲੜਾਈ ਲੜ ਰਿਹਾ ਹੈ। ਤਰਨਤਾਰਨ ਪੁਲਸ ਵੱਲੋਂ ਪ੍ਰਿੰਸ ਖ਼?ਲਾਫ਼ ਮਾਮਲਾ ਵੀ ਦਰਜ ਕੀਤਾ ਗਿਆ ਹੈ।

### ਤੁਹਾਡੇ ਮਨਪਸੰਦ ਬਿਸਕੁਟ, ਤੇਲ ਅਤੇ ਸਾਬਣ ਹੋਣ ਵਾਲੇ ਹਨ ਮਹਿੰਗੇ ! ਇੰਨੀਆਂ ਵੱਧ ਸਕਦੀਆਂ ਹਨ ਕੀਮਤਾਂ

ਬਿਜ਼ਨੈੱਸ ਡੈਸਕ 22 ਫਰਵਰੀ। ਆਮ ਆਦਮੀ ਲਈ ਵੱਡੀ ਖ਼ਬਰ ਹੈ। ਸਾਬਣ, ਬਿਸਕੁਟ ਅਤੇ ਡਿਟਰਜੈਂਟ ਵਰਗੀਆਂ ਰੋਜ਼ਾਨਾ ਵਰਤੋਂ ਦੀਆਂ ਚੀਜ਼ਾਂ 3% ਤੋਂ 5% ਤੱਕ ਮਹਿੰਗੀਆਂ ਹੋ ਸਕਦੀਆਂ ਹਨ। ਇਸ ਕੀਮਤ ਵਾਧੇ ਨਾਲ ਤੁਹਾਡੀ ਜੇਬ ’ਤੇ ਬੋਝ ਪਵੇਗਾ। ਤੁਹਾਡੀ ਜਾਣਕਾਰੀ ਲਈ ਦੱਸ ਦਈਏ ਕਿ ਸਰਕਾਰ ਨੇ ਪਿਛਲੇ ਸਾਲ ਸਤੰਬਰ ਵਿੱਚ ਵਿੱਚ ਕਟੌਤੀ ਦਾ ਐਲਾਨ ਕੀਤਾ ਸੀ। ਇਸ ਤੋਂ ਬਾਅਦ, ਕੀਮਤਾਂ ਹੁਣ ਫਿਰ ਵਧਣੀਆਂ ਸ਼ੁਰੂ ਹੋ ਗਈਆਂ ਹਨ। ਆਓ ਕੀਮਤਾਂ ਵਿੱਚ ਵਾਧੇ ਦੇ ਮੁੱਖ ਕਾਰਨਾਂ ਦੀ ਪੜਚੋਲ ਕਰੀਏ: ਕੱਚੇ ਮਾਲ ਦੀਆਂ ਕੀਮਤਾਂ ਵਿੱਚ ਵਾਧਾ: ਕੱਚੇ ਤੇਲ ਦੀਆਂ ਕੀਮਤਾਂ ਵਿੱਚ ਵਾਧੇ ਨੇ ਡਿਟਰਜੈਂਟ ਅਤੇ ਸਾਬਣ ਵਿੱਚ ਵਰਤੇ ਜਾਣ ਵਾਲੇ ਪੈਰਾਫਿਨ ਅਤੇ ਸਰਫੈਕਟੈਂਟ ਨੂੰ ਹੋਰ ਮਹਿੰਗਾ ਕਰ ਦਿੱਤਾ ਹੈ। ਇਸ ਤੋਂ ਇਲਾਵਾ, ਪਿਛਲੇ ਸਾਲ ਨਾਰੀਅਲ ਤੇਲ ਦੀਆਂ ਕੀਮਤਾਂ ਲਗਭਗ ਦੁੱਗਣੀਆਂ ਹੋ ਗਈਆਂ ਹਨ। ਰੁਪਏ ਵਿੱਚ ਇਤਿਹਾਸਕ ਗਿਰਾਵਟ: 30 ਜਨਵਰੀ, 2026 ਨੂੰ, ਭਾਰਤੀ ਰੁਪਿਆ ਡਾਲਰ ਦੇ ਮੁਕਾਬਲੇ 92.02 ਰੁਪਏ ਦੇ ਸਭ ਤੋਂ ਹੇਠਲੇ ਪੱਧਰ ’ਤੇ ਪਹੁੰਚ ਗਿਆ। ਇਸ ਨਾਲ ਵਿਦੇਸ਼ਾਂ ਤੋਂ ਆਯਾਤ ਕੀਤੀਆਂ ਜਾਣ ਵਾਲੀਆਂ ਵਸਤਾਂ, ਜਿਵੇਂ ਕਿ ਬਦਾਮ, ਜਵੀ ਅਤੇ ਮੂਸਲੀ ਦੀ ਦਰਾਮਦ ਲਾਗਤ ਵਧ ਗਈ ਹੈ। ਜੀਐਸਟੀ ਅਤੇ ਮੁਨਾਫ਼ਾਖੋਰੀ ਵਿਰੋਧੀ ਨਿਯਮਾਂ ਦਾ ਪ੍ਰਭਾਵ: ਹੁਣ ਤੱਕ, ਕੰਪਨੀਆਂ ਮੁਨਾਫ਼ਾਖੋਰੀ ਵਿਰੋਧੀ ਨਿਯਮਾਂ ਦੇ ਡਰੋਂ ਗਾਹਕਾਂ ਨੂੰ ਟੈਕਸ ਕਟੌਤੀ ਦਾ ਲਾਭ ਦੇ ਰਹੀਆਂ ਸਨ, ਪਰ ਹੁਣ ਉਹ ਮਾਰਜਿਨ ਦੀ ਰੱਖਿਆ ਲਈ ਕੀਮਤਾਂ ਵਧਾਉਣ ਲਈ ਮਜਬੂਰ ਹਨ।

## ਰੂਹ ਕੰਬਾਊ ਵਾਰਦਾਤ: ਚਰਿੱਤਰ ’ਤੇ ਸ਼ੱਕ ਕਰਨ ’ਤੇ ਯੂਟਿਊਬਰ ਧੀ ਨੇ ਦਾਤਰ ਨਾਲ ਵੱਢ ਦਿੱਤਾ ਪਿਓ

**ਕੌਮੀ ਪਤ੍ਰਿਕਾ**

ਕੋਰਬਾ 22 ਫਰਵਰੀ। ਛੱਤੀਸਗੜ੍ਹ ਦੇ ਕੋਰਬਾ ਜ਼ਿਲ੍ਹੇ ਤੋਂ ਇਕ ਦਿਲ ਦਹਿਲਾ ਦੇਣ ਵਾਲਾ ਮਾਮਲਾ ਸਾਹਮਣੇ ਆਇਆ ਹੈ, ਜਿੱਥੇ ਇਕ 25 ਸਾਲਾ ਯੂਟਿਊਬਰ ਧੀ ਨੇ ਆਪਣੇ ਹੀ ਪਿਤਾ ਦਾ ਬੇਰਹਿਮੀ ਨਾਲ ਕਤਲ ਕਰ ਦਿੱਤਾ। ਦੱਸਿਆ ਜਾ ਰਿਹਾ ਹੈ ਕਿ ਧੀ ਦੇ ਚਰਿੱਤਰ ’ਤੇ ਸ਼ੱਕ ਕਰਨ ਅਤੇ ਪਰਿਵਾਰਕ ਕਲੇਸ਼ ਤੋਂ ਤੰਗ ਆ ਕੇ ਕੁੜੀ ਨੇ ਸੁੱਤੇ ਹੋਏ ਪਿਤਾ ’ਤੇ ਤੇਜ਼ਧਾਰ ਦਾਤਰ (ਹੰਸੀਆ) ਨਾਲ ਹਮਲਾ ਕਰ ਦਿੱਤਾ। ਇਹ ਖ਼ੂਨੀ ਵਾਰਦਾਤ ਹਰਦੀ ਬਾਜ਼ਾਰ ਥਾਣਾ ਖੇਤਰ ਦੇ ਪਿੰਡ ਰਲੀਆ ’ਚ ਵਾਪਰੀ ਹੈ। ਮ੍ਰਿਤਕ ਦੀ ਪਛਾਣ 55 ਸਾਲਾ ਅਸ਼ੋਕ ਕੇਵਟ ਵਜੋਂ ਹੋਈ ਹੈ, ਜੋ ਪਿੰਡ ’ਚ ਇਕੱਲਾ ਰਹਿੰਦਾ ਸੀ। ਉਸ ਦੀ ਪਤਨੀ ਅਤੇ ਧੀਆਂ ਕੋਰਬਾ ਸ਼ਹਿਰ ’ਚ ਵੱਖ ਰਹਿੰਦੀਆਂ ਸਨ ਕਿਉਂਕਿ ਪਰਿਵਾਰ ’ਚ ਲੰਬੇ ਸਮੇਂ ਤੋਂ ਤਣਾਅ ਚੱਲ ਰਿਹਾ ਸੀ। ਮੁਲਜ਼ਮ ਧੀ, ਜਿਸ ਦੀ ਪਛਾਣ ਗੀਤਾ ਕੇਵਟ ਵਜੋਂ ਹੋਈ ਹੈ, ਸੋਸ਼ਲ ਮੀਡੀਆ ਅਤੇ ਯੂਟਿਊਬ ’ਤੇ ਕਾਫ਼ੀ ਸਰਗਰਮ ਰਹਿੰਦੀ ਸੀ। ਪੁਲਸ ਮੁਤਾਬਕ ਗੀਤਾ ਕੁਝ ਦਸਤਾਵੇਜ਼ ਬਣਵਾਉਣ ਦੇ ਸਿਲਸਿਲੇ ’ਚ ਪਿੰਡ ਆਈ ਹੋਈ ਸੀ ਅਤੇ ਆਪਣੇ ਤਾਏ ਦੇ ਘਰ ਰੁਕੀ ਹੋਈ ਸੀ। ਸੋਮਵਾਰ ਅਤੇ ਮੰਗਲਵਾਰ ਦੀ ਦਰਮਿਆਨੀ ਰਾਤ ਕਰੀਬ 2 ਵਜੇ ਉਹ ਆਪਣੇ ਪਿਤਾ ਦੇ ਘਰ ਪਹੁੰਚੀ ਅਤੇ ਜਦੋਂ ਉਹ ਗੂੜ੍ਹੀ ਨੀਂਦ ’ਚ ਸੀ, ਤਾਂ ਉਸ ਨੇ ਦਾਤਰ ਨਾਲ ਕਈ ਵਾਰ ਕੀਤੇ, ਜਿਸ ਕਾਰਨ ਅਸ਼ੋਕ ਕੇਵਟ ਦੀ ਮੌਕੇ ’ਤੇ ਹੀ ਮੌਤ ਹੋ ਗਈ। ਹੈਰਾਨੀ ਦੀ ਗੱਲ ਇਹ ਹੈ ਕਿ ਵਾਰਦਾਤ ਤੋਂ ਬਾਅਦ ਉਹ ਚੁੱਪਚਾਪ ਆਪਣੇ ਤਾਏ ਦੇ ਘਰ ਜਾ ਕੇ ਸੌਂ ਗਈ ਤਾਂ ਜੋ ਕਿਸੇ ਨੂੰ




ਕੋਈ ਸ਼ੱਕ ਨਾ ਹੋਵੇ। ਸਵੇਰੇ ਘਟਨਾ ਦਾ ਪਤਾ ਲੱਗਦਿਆਂ ਹੀ ਇਲਾਕੇ ’ਚ ਦਹਿਸ਼ਤ ਫੈਲ ਗਈ। ਪੁਲਸ ਨੇ ਫੋਰੈਂਸਿਕ ਟੀਮ ਅਤੇ ਡੌਗ ਸਕੁਐਡ ਦੀ ਮਦਦ ਨਾਲ ਜਾਂਚ ਸ਼ੁਰੂ ਕੀਤੀ ਅਤੇ ਵਾਰਦਾਤ ’ਚ ਵਰਤਿਆ ਹਥਿਆਰ ਬਰਾਮਦ ਕਰ ਲਿਆ ਹੈ। ਪੁਲਸ ਨੇ ਮੁਲਜ਼ਮ ਗੀਤਾ ਕੇਵਟ ਨੂੰ ਹਿਰਾਸਤ ’ਚ ਲੈ ਲਿਆ ਹੈ ਅਤੇ ਉਸ ਤੋਂ ਪੁੱਛ-ਗਿੱਛ ਜਾਰੀ ਹੈ।

## ਪੰਜਾਬ ਦੀਆਂ ਔਰਤਾਂ ਲਈ ਖ਼ਤਰੇ ਦੀ ਘੰਟੀ ! ਰੋਜ਼ਾਨਾ ਜਾ ਰਹੀ 8 ਔਰਤਾਂ ਦੀ ਜਾਨ, ’ਕਾਲ’ ਬਣੀ ਇਹ ਬਿਮਾਰੀ

ਚੰਡੀਗੜ੍ਹ 22 ਫਰਵਰੀ। ਪੰਜਾਬ ਵਿਚ ਕੈਂਸਰ ਦੀ ਸਥਿਤੀ ਬੇਹੱਦ ਚਿੰਤਾਜਨਕ ਹੁੰਦੀ ਜਾ ਰਹੀ ਹੈ। ਤਾਜ਼ਾ ਅੰਕੜਿਆਂ ਅਨੁਸਾਰ, ਸੂਬੇ ਵਿਚ



ਰੋਜ਼ਾਨਾ ਲਗਭਗ ਅੱਠ ਔਰਤਾਂ ਕੈਂਸਰ ਕਾਰਨ ਦਮ ਤੋੜ ਰਹੀਆਂ ਹਨ। ਸੰਸਦ ਦੇ ਹਾਲੀਆ ਸੈਸ਼ਨ ਦੌਰਾਨ ਕੇਂਦਰੀ ਸਿਹਤ ਮੰਤਰਾਲੇ ਵੱਲੋਂ ਸਾਂਝੇ ਕੀਤੇ ਗਏ ਅੰਕੜਿਆਂ ਮੁਤਾਬਕ, 2021 ਤੋਂ 2025 ਦੇ ਪੰਜ ਸਾਲਾਂ ਦੇ ਅਰਸੇ ਦੌਰਾਨ ਪੰਜਾਬ ਵਿਚ ਕੁੱਲ 13,299 ਔਰਤਾਂ ਦੀ ਇਸ ਨਾਮੁਰਾਦ ਬਿਮਾਰੀ ਕਾਰਨ ਮੌਤ ਹੋਈ ਹੈ। ਅੰਕੜਿਆਂ ਵਿਚ ਬ੍ਰੈਸਟ ਕੈਂਸਰ ਔਰਤਾਂ ਦੀ ਮੌਤ ਦਾ ਸਭ ਤੋਂ ਵੱਡਾ ਕਾਰਨ ਬਣ ਕੇ ਉੱਭਰਿਆ ਹੈ। ਔਰਤਾਂ ਵਿਚ ਹੋਣ ਵਾਲੀਆਂ ਕੈਂਸਰ ਦੀਆਂ ਕੁੱਲ ਮੌਤਾਂ ਵਿਚੋਂ 56 ਫੀਸਦੀ (7,186 ਮੌਤਾਂ) ਸਿਰਫ਼ ਬ੍ਰੈਸਟ ਕੈਂਸਰ ਕਾਰਨ ਹੋਈਆਂ ਹਨ। ਇਸ ਤੋਂ ਇਲਾਵਾ ਸਰਵਾਈਕਲ ਕੈਂਸਰ ਕਾਰਨ 3,502 ਅਤੇ ਅੰਡਕੋਸ਼ ਕੈਂਸਰ ਕਾਰਨ 2,611 ਮੌਤਾਂ ਦਰਜ ਕੀਤੀਆਂ ਗਈਆਂ ਹਨ। ਮਾਹਰਾਂ ਮੁਤਾਬਕ ਪਹਿਲਾਂ ਇਹ ਬਿਮਾਰੀ ਜ਼ਿਆਦਾਤਰ 50-60 ਸਾਲ ਤੋਂ ਵੱਧ ਉਮਰ ਦੀਆਂ ਔਰਤਾਂ ਵਿੱਚ ਦੇਖੀ ਜਾਂਦੀ ਸੀ, ਪਰ ਹੁਣ 40 ਤੋਂ 45 ਸਾਲ ਦੀਆਂ ਨੌਜਵਾਨ ਔਰਤਾਂ ਵਿੱਚ ਵੀ ਇਹ ਮਾਮਲੇ ਤੇਜ਼ੀ ਨਾਲ ਵਧ ਰਹੇ ਹਨ, ਜੋ ਕਿ ਚਿੰਤਾ ਦਾ ਵਿਸ਼ਾ ਹੈ। ਮਾਹਰਾਂ ਮੁਤਾਬਕ ਔਰਤਾਂ ਵਿਚ ਕੈਂਸਰ ਦੇ ਮੁੱਖ ਕਾਰਨ ਮਾਹਵਾਰੀ ਦਾ ਜਲਦੀ ਆਉਣਾ, ਦੇਰ ਨਾਲ ਮੈਨੋਪੌਜ਼, ਬੱਚੇ ਨਾ ਹੋਣਾ ਅਤੇ ਸੁਸਤ ਜੀਵਨ ਸ਼ੈਲੀ ਹੈ। ਇਸ ਤੋਂ ਬਚਾਅ ਲਈ ਹਰ ਮਹੀਨੇ ਸਵੈ-ਜਾਂਚ ਕਰਨਾ, ਐਚਪੀਵੀ ਟੀਕਾਕਰਨ ਅਤੇ ਸਮੇਂ-ਸਮੇਂ ’ਤੇ ਮੈਡੀਕਲ ਸਕ੍ਰੀਨਿੰਗ ਕਰਵਾਉਣੀ ਚਾਹੀਦੀ ਹੈ। ਡਾਕਟਰਾਂ ਅਨੁਸਾਰ, ਬੱਚਿਆਂ ਨੂੰ ਦੁੱਧ ਚੁੰਘਾਉਣ ਨਾਲ ਵੀ ਕੈਂਸਰ ਦੇ ਖ਼ਤਰੇ ਨੂੰ ਘਟਾਇਆ ਜਾ ਸਕਦਾ ਹੈ।

## ਤਲਾਕ ਦੇ ਵਿਵਾਦ ਨੇ ਲਿਆ ਖ਼ੂਨੀ ਰੂਪ: ਪਤੀ ਨੇ ਪਤਨੀ ਨੂੰ ਸ਼ਰੇਆਮ ਗੋਲੀਆਂ ਨਾਲ ਭੁੰਨਿਆ

ਫਰੀਦਾਬਾਦ 22 ਫਰਵਰੀ। ਹਰਿਆਣਾ ਦੇ ਫਰੀਦਾਬਾਦ ’ਚ ਸ਼ੁੱਕਰਵਾਰ ਰਾਤ ਇਕ ਵਿਅਕਤੀ ਨੇ ਵੱਖ ਰਹੀ ਆਪਣੀ ਪਤਨੀ ਦਾ ਉਸ ਦੇ ਘਰ ਦੇ ਬਾਹਰ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ। ਪੁਲਸ ਨੇ ਸ਼ਨੀਵਾਰ ਨੂੰ ਦੱਸਿਆ ਕਿ ਜੋੜੇ ਦਾ ਤਲਾਕ ਦਾ ਮਾਮਲਾ ਅਦਾਲਤ ’ਚ ਪੈਂਡਿੰਗ ਸੀ। ਸੰਗੀਤਾ ਦੇਵੀ (30) ਅਤੇ ਉਸ ਦੇ 2 ਬੱਚੇ ਪਿਛਲੇ ਕੁਝ ਸਮੇਂ ਤੋਂ ਆਪਣੇ ਪਤੀ ਅਤੇ ਸਹੁਰੇ ਪਰਿਵਾਰ ਤੋਂ ਵੱਖ ਰਹਿ ਰਹੇ ਸਨ। ਪੁਲਸ ਅਨੁਸਾਰ, ਇਹ ਘਟਨਾ ਬਸੰਤਪੁਰ ਪਿੰਡ ਦੀ ਸਨਲਾਈਟ ਕਾਲੋਨੀ ’ਚ ਰਾਤ ਕਰੀਬ 8 ਵਜੇ ਵਾਪਰੀ। ਸਥਾਨਕ ਲੋਕਾਂ ਨੇ ਦੱਸਿਆ ਕਿ ਸੰਗੀਤਾ ਦੇ ਪਤੀ ਅਤੇ ਸਹੁਰੇ ਪੱਖ ਦੇ ਕੁਝ ਲੋਕ ਉਸ ਦੇ ਘਰ ਪਹੁੰਚੇ ਪਰ ਉਸ ਸਮੇਂ ਉਹ ਬਾਹਰ ਗਈ ਹੋਈ ਸੀ। ਜਦੋਂ ਉਹ ਉੱਥੇ ਨਹੀਂ ਮਿਲੀ ਤਾਂ ਉਹ ਲੋਕ ਜਾਣ ਲੱਗੇ ਪਰ ਉਦੋਂ ਉਨ੍ਹਾਂ ਨੇ ਸੰਗੀਤਾ ਨੂੰ ਸੜਕ ’ਤੇ ਆਉਂਦੇ ਦੇਖਿਆ ਅਤੇ ਉਸ ਨੂੰ ਰੋਕਿਆ। ਪੁਲਸ ਅਨੁਸਾਰ, ਇਸ ਤੋਂ ਬਾਅਦ ਦੋਵਾਂ ਪੱਖਾਂ ਵਿਚਾਲੇ ਸ਼ੁਰੂ ਹੋਈ ਬਹਿਸ ਵਧ ਗਈ। ਇਸ ਦੌਰਾਨ ਜਦੋਂ ਸੰਗੀਤਾ ਨੇ ਆਪਣਾ ਬਚਾਅ ਕਰਨ ਦੀ ਕੋਸ਼ਿਸ਼ ਕੀਤੀ ਅਤੇ ਪਿੱਛੇ ਹਟੀ, ਉਦੋਂ ਉਸ ਦੇ ਪਤੀ ਨੇ ਉਸ ’ਤੇ ਤਿੰਨ ਗੋਲੀਆਂ ਚਲਾ ਦਿੱਤੀ, ਜਿਸ ਨਾਲ ਉਹ ਜ਼ਖ਼ਮੀ ਹੋ ਕੇ ਸੜਕ ’ਤੇ ਡਿੱਗ ਗਈ। ਗੋਲੀਆਂ ਚੱਲਣ ਦੀ ਆਵਾਜ਼ ਸੁਣ ਕੇ ਗੁਆਂਢੀ ਆਪਣੇ ਘਰਾਂ ’ਚੋਂ ਬਾਹਰ ਨਿਕਲ ਆਏ, ਜਿਸ ਨਾਲ ਦੋਸ਼ੀ ਮੌਕੇ ’ਤੇ ਫਰਾਰ ਹੋ ਗਏ। ਸੰਗੀਤਾ ਦੇ ਪਿਤਾ ਵੀ ਮੌਕੇ ’ਤੇ ਪਹੁੰਚੇ ਅਤੇ ਗੁਆਂਢੀਆਂ ਦੀ ਮਦਦ ਨਾਲ ਉਸ ਨੂੰ ਸੈਕਟਰ 31 ਦੇ ਇਕ ਨਿੱਜੀ ਹਸਪਤਾਲ ਪਹੁੰਚਾਇਆ ਗਿਆ, ਜਿੱਥੇ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ। ਪੁਲਸ ਨੇ ਲਾਸ਼ ਨੂੰ ਪੋਸਟਮਾਰਟਮ ਲਈ ਮੁਰਦਾਘਰ ਭੇਜ ਦਿੱਤਾ ਹੈ। ਪੱਲਾ ਥਾਣਾ ਇੰਚਾਰਜ ਇੰਸਪੈਕਟਰ ਸੱਤਿਆ ਪ੍ਰਕਾਸ਼ ਨੇ ਕਿਹਾ,”ਕਤਲ ਦਾ ਮਾਮਲਾ ਦਰਜ ਕਰ ਲਿਆ ਗਿਆ ਹੈ ਅਤੇ ਬਿਹਾਰ ਵਾਸੀ ਦੋਸ਼ੀ ਨੂੰ ਗ੍ਰਿਫ਼ਤਾਰ ਕਰਨ ਲਈ ਟੀਮ ਗਠਿਤ ਕੀਤੀ ਗਈ ਹੈ।

# ਸਟੇਡੀਅਮ ਦੇ ਬਾਹਰ ਗੈਸ ਏਜੰਸੀ ਸੰਚਾਲਕ ਦਾ ਸ਼ਰੇਆਮ ਗੋਲ?ੀ ਮਾਰ ਕੇ ਕਤਲ ! ਦਹਿਲ ਗਿਆ ਦੇਹਰਾਦੂਨ

**ਕੌਮੀ ਪਤ੍ਰਿਕਾ**

ਦੇਹਰਾਦੂਨ 22 ਫਰਵਰੀ। ਉੱਤਰਾਖੰਡ ਦੀ ਰਾਜਧਾਨੀ ਦੇਹਰਾਦੂਨ ’ਚ ਸਥਿਤ ਪਰੇਡ ਗਰਾਊਂਡ ਸਟੇਡੀਅਮ ਦੇ ਬਾਹਰ ਬੁੱਧਵਾਰ ਸਵੇਰੇ ਇਕ ਵੱਡੀ ਵਾਰਦਾਤ ਸਾਹਮਣੇ ਆਈ ਹੈ। ਇੱਥੇ 2 ਅਣਪਛਾਤੇ ਸਕੂਟੀ ਸਵਾਰ ਹਮਲਾਵਰਾਂ ਨੇ ਇਕ ਗੈਸ ਏਜੰਸੀ ਦੇ ਸੰਚਾਲਕ ਦੀ ਗੋਲੀ ਮਾਰ ਕੇ ਕਤਲ ਕਰ ਦਿੱਤਾ। ਮ੍ਰਿਤਕ ਦੀ ਪਛਾਣ 40 ਸਾਲਾ ਅਰਜੁਨ ਸ਼ਰਮਾ ਵਜੋਂ ਹੋਈ ਹੈ, ਜੋ ਜੀ.ਐੱਮ.ਐੱਸ. ਰੋਡ ’ਤੇ ’ਅਮਰ ਦੀਪ’ ਨਾਮ ਦੀ ਭਾਰਤ ਗੈਸ ਏਜੰਸੀ ਚਲਾਉਂਦਾ ਸੀ। ਪੁਲਸ ਸੂਤਰਾਂ ਅਨੁਸਾਰ, ਅਰਜੁਨ ਸ਼ਰਮਾ ਰੋਜ਼ਾਨਾ ਦੀ ਤਰ੍ਹਾਂ ਸਟੇਡੀਅਮ ’ਚ ਟੇਬਲ ਟੈਨਿਸ ਖੇਡਣ ਆਇਆ ਸੀ। ਸਵੇਰੇ ਕਰੀਬ 9 ਵਜੇ ਜਦੋਂ ਉਹ ਖੇਡ ਖਤਮ ਕਰਕੇ ਸਟੇਡੀਅਮ ਦੇ ਬਾਹਰ ਖੜ੍ਹੀ ਆਪਣੀ ਕਾਰ ’ਚ ਬੈਠਣ ਜਾ ਰਿਹਾ ਸੀ, ਤਾਂ ਘਾਤ ਲਗਾ ਕੇ ਬੈਠੇ ਹਮਲਾਵਰਾਂ ਨੇ ਉਸ ’ਤੇ ਗੋਲੀ ਚਲਾ ਦਿੱਤੀ ਅਤੇ ਮੌਕੇ ਤੋਂ ਫਰਾਰ ਹੋ ਗਏ। ਗੋਲੀ ਦੀ ਆਵਾਜ਼ ਸੁਣ ਕੇ ਆਸ-ਪਾਸ ਦੇ ਰੇਹੜੀ-ਫੜ੍ਹੀ ਵਾਲਿਆਂ ਨੇ ਖ਼ੂਨ ਨਾਲ ਲੱਥਪੱਥ ਅਰਜੁਨ ਨੂੰ ਤੁਰੰਤ ਐਂਬੂਲੈਂਸ ਰਾਹੀਂ



ਦੂਨ ਹਸਪਤਾਲ ਪਹੁੰਚਾਇਆ, ਜਿੱਥੇ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ। ਵਾਰਦਾਤ ਦੀ ਖਬਰ ਮਿਲਦਿਆਂ ਹੀ ਸੀਨੀਅਰ ਪੁਲਿਸ ਕਪਤਾਨ ਅਜੇ ਸਿੰਘ ਅਤੇ ਡਾਲਨਵਾਲਾ ਥਾਣੇ ਦੀ ਪੁਲਸ ਮੌਕੇ ’ਤੇ ਪਹੁੰਚ ਗਈ। ਪੁਲਿਸ ਨੇ ਸ਼ਹਿਰ ਦੇ ਸਾਰੇ ਮੁੱਖ ਰਸਤਿਆਂ ’ਤੇ ਨਾਕਾਬੰਦੀ ਕਰ ਦਿੱਤੀ ਹੈ ਅਤੇ ਫੋਰੈਂਸਿਕ ਟੀਮ ਘਟਨਾ ਸਥਾਨ ਤੋਂ ਸਬੂਤ ਇਕੱਠੇ ਕਰ ਰਹੀ ਹੈ। ਸ਼ਹਿਰ ਦੇ ਵਿਚਕਾਰ ਹੋਈ ਇਸ ਕਤਲ ਨੇ ਪੁਲਸ ਪ੍ਰਸ਼ਾਸਨ ’ਤੇ ਸਵਾਲ ਖੜ੍ਹੇ ਕਰ ਦਿੱਤੇ ਹਨ, ਕਿਉਂਕਿ ਪਿਛਲੇ 15 ਦਿਨਾਂ ’ਚ ਜ਼ਿਲ੍ਹੇ ’ਚ ਕਤਲ ਦੀ ਇਹ ਚੌਥੀ ਘਟਨਾ ਹੈ। ਇਸ ਤੋਂ ਪਹਿਲਾਂ 29 ਜਨਵਰੀ ਨੂੰ ਵਿਕਾਸਨਗਰ ’ਚ ਇਕ ਵਿਦਿਆਰਥਣ, 31 ਜਨਵਰੀ ਨੂੰ ਰਿਸ਼ੀਕੇਸ਼ ’ਚ ਇਕ ਔਰਤ ਦਾ ਗੋਲੀ ਮਾਰ ਕੇ ਕਤਲ ਅਤੇ 2 ਫਰਵਰੀ ਨੂੰ ਦੇਹਰਾਦੂਨ ’ਚ ਹੀ ਇਕ ਮੁਟਿਆਰ ਦਾ ਗਲਾ ਰੇਤ ਕੇ ਕਤਲ ਕਰਨ ਦੀਆਂ ਘਟਨਾਵਾਂ ਵਾਪਰ ਚੁੱਕੀਆਂ ਹਨ। ਇਸ ਤਾਜ਼ਾ ਵਾਰਦਾਤ ਤੋਂ ਬਾਅਦ ਪੂਰੇ ਸ਼ਹਿਰ ’ਚ ਦਹਿਸ਼ਤ ਅਤੇ ਸਨਸਨੀ ਦਾ ਮਾਹੌਲ ਹੈ।

## ਰਾਜਸਥਾਨ ਦੇ ਭਰਤਪੁਰ ’ਚ ਦਿਲ ਦਹਿਲਾਉਣ ਵਾਲੀ ਵਾਰਦਾਤ: ਸ਼ਰਾਬੀ ਪਤੀ ਨੇ ਪਤਨੀ ’ਤੇ ਸੁੱਟਿਆ ਤੇਜ਼ਾਬ

ਨੈਸ਼ਨਲ ਡੈਸਕ 22 ਫਰਵਰੀ। ਰਾਜਸਥਾਨ ਦੇ ਭਰਤਪੁਰ ਸਥਿਤ ਮਥੁਰਾ ਗੇਟ ਥਾਣਾ ਖੇਤਰ ਵਿੱਚ ਇੱਕ ਸ਼ਰਮਨਾਕ ਘਟਨਾ ਸਾਹਮਣੇ ਆਈ ਹੈ, ਜਿੱਥੇ ਇੱਕ ਸ਼ਰਾਬੀ ਪਤੀ ਨੇ ਆਪਣੀ ਹੀ ਪਤਨੀ ’ਤੇ ਤੇਜ਼ਾਬ ਸੁੱਟ ਕੇ ਉਸ ਨੂੰ ਗੰਭੀਰ ਰੂਪ ਵਿੱਚ ਜ਼ਖ਼ਮੀ ਕਰ ਦਿੱਤਾ। ਪੁਲਸ ਸੂਤਰਾਂ ਅਨੁਸਾਰ ਪੀੜਤ ਮਹਿਲਾ, ਜਿਸ ਦੀ ਪਛਾਣ ਕਿਰਨ ਵਜੋਂ ਹੋਈ ਹੈ, ਨੂੰ ਇਲਾਜ ਲਈ ਆਰ.ਬੀ.ਐਮ. ਹਸਪਤਾਲ ਵਿੱਚ ਭਰਤੀ ਕਰਵਾਇਆ ਗਿਆ ਹੈ। ਜਾਣਕਾਰੀ ਮੁਤਾਬਕ ਤੇਜ਼ਾਬ ਕਾਰਨ ਪੀੜਤ ਮਹਿਲਾ ਦੇ ਚਿਹਰੇ ਦਾ ਲਗਭਗ 50 ਫੀਸਦੀ ਹਿੱਸਾ ਬੁਰੀ ਤਰ੍ਹਾਂ ਝੁਲਸ ਗਿਆ ਹੈ। ਪੁਲਸ ਨੇ ਦੱਸਿਆ ਕਿ ਕਿਰਨ ਦਾ ਪਤੀ ਉਮੇਸ਼ ਸ਼ਰਾਬ ਪੀਣ ਦਾ ਆਦੀ ਹੈ ਅਤੇ ਕੋਈ ਕੰਮ-ਧੰਦਾ ਨਹੀਂ ਕਰਦਾ। ਵਾਰਦਾਤ ਦੇ ਸਮੇਂ ਵੀ ਮੁਲਜ਼ਮ ਸ਼ਰਾਬ ਦੇ ਨਸ਼ੇ ਵਿੱਚ ਧੁੱਤ ਸੀ। ਜਾਣਕਾਰੀ ਅਨੁਸਾਰ ਜਦੋਂ ਵੀ ਕਿਰਨ ਆਪਣੇ ਪਤੀ ਉਮੇਸ਼ ਨੂੰ ਕੋਈ ਕੰਮ-ਕਾਰ ਕਰਨ ਲਈ ਕਹਿੰਦੀ ਸੀ, ਤਾਂ ਉਹ ਉਸ ਨਾਲ ਅਕਸਰ ਕੁੱਟਮਾਰ ਕਰਦਾ ਸੀ। ਇਸ ਵਾਰ ਵੀ ਉਸ ਨੇ ਆਪਣੀ ਪਤਨੀ ’ਤੇ ਤੇਜ਼ਾਬ ਸੁੱਟ ਕੇ ਉਸ ਦੀ ਜਾਨ ਲੈਣ ਦੀ ਕੋਸ਼ਿਸ਼ ਕੀਤੀ। ਪੁਲਸ ਨੇ ਮਾਮਲਾ ਦਰਜ ਕਰਕੇ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

## ਨਾਕੇ ‘ਤੇ ਖੜ੍ਹੇ ਪੰਜਾਬ ਪੁਲਸ ਦੇ ਮੁਲਾਜਮ ਨੂੰ ਮੋਟਰਸਾਈਕਲ ਸਵਾਰ ਨੇ ਮਾਰੀ ਟੱਕਰ

ਲੁਧਿਆਣਾ 22 ਫਰਵਰੀ। ਮਾਡਲ ਟਾਊਨ ਦੇ ਇਲਾਕੇ ਗੋਲ ਚੌਕ ਨੇੜੇ ਨਾਕਾਬੰਦੀ ਕਰਕੇ ਚੈਕਿੰਗ ਕਰ ਰਹੀ ਪੁਲਸ ਪਾਰਟੀ ਦੇ ਇਕ ਮੁਲਾਜਮ ਨੂੰ ਮੋਟਰਸਾਈਕਲ ਸਵਾਰ ਦੋ ਨੌਜਵਾਨਾਂ ਨੇ ਟੱਕਰ ਮਾਰ ਦਿੱਤੀ। ਜਿਸ ਕਾਰਨ ਪੁਲਸ ਮੁਲਾਜਮ ਗੰਭੀਰ ਜਖਮੀ ਹੋ ਗਿਆ। ਜਿਸ ਨੂੰ ਹਸਪਤਾਲ ਲਿਜਾਇਆ ਗਿਆ। ਉਸ ਦੀ ਪਛਾਣ ਭਾਮੀਆਂ ਰੋਡ ਦੇ ਰਹਿਣ ਵਾਲੇ ਅੰਬਾ ਦੱਤ ਵਜੋਂ ਹੋਈ ਹੈ। ਪੁਲਸ ਨੇ ਮੋਟਰਸਾਈਕਲ ਸਵਾਰ ਦੋਵਾਂ ਨੌਜਵਾਨਾਂ ਨੂੰ ਕਾਬੂ ਕਰਕੇ ਉਨ੍ਹਾਂ ਖਿਲਾਫ ਮਾਮਲਾ ਦਰਜ ਕਰ ਲਿਆ ਹੈ। ਪੁਲਸ ਨੇ ਮੁਲਜਮਾਂ ਦੀ ਪਛਾਣ ਮਾਡਲ ਟਾਊਨ ਡਾਕਟਰ ਅੰਬੇਡਕਰ ਨਗਰ ਦੇ ਰਹਿਣ ਵਾਲੇ ਹਰਸ?ਿਤ ਅਤੇ ਜਨਤਾ ਕਲੋਨੀ ਦੇ ਰਹਿਣ ਵਾਲੇ ਰਿਹਾਨ ਅਹਿਮਦ ਵਜੋਂ ਕੀਤੀ ਹੈ। ਜਖਮੀ ਮੁਲਾਜਮ ਨੇ ਦੱਸਿਆ ਕਿ ਉਹ ਆਪਣੇ ਹੋਰ ਮੁਲਾਜਮਾਂ ਨਾਲ ਗੋਲ ਚੌਕ ਡੀ ਬਲਾਕ ਵਿਚ ਨਾਕਾਬੰਦੀ ਦੀ ਡਿਊਟੀ ਦੌਰਾਨ ਚੈਕਿੰਗ ਕਰ ਰਹੇ ਸਨ ਤਾਂ ਮੋਟਰਸਾਈਕਲ ‘ਤੇ ਦੋ ਨੌਜਵਾਨ ਸ਼ੱਕੀ ਹਾਲਤ ਵਿਚ ਆਉਂਦੇ ਦਿਖਾਈ ਦਿੱਤੇ। ਜਦੋਂ ਉਨ੍ਹਾਂ ਨੂੰ ਰੁਕਣ ਦਾ ਇਸਾਰਾ ਕੀਤਾ ਗਿਆ ਤਾਂ ਮੋਟਰਸਾਈਕਲ ਚਲਾ ਰਹੇ ਨੌਜਵਾਨ ਨੇ ਤੇਜ ਰਫਤਾਰ ਨਾਲ ਮੋਟਰਸਾਈਕਲ ਚਲਾਉਂਦੇ ਹੋਏ ਉਸ ਨੂੰ ਟੱਕਰ ਮਾਰ ਦਿੱਤੀ, ਜਿਸ ਕਾਰਨ ਉਹ ਗੰਭੀਰ ਜਖਮੀ ਹੋ ਗਿਆ। ਜਾਂਚ ਅਧਿਕਾਰੀ ਨੇ ਦੱਸਿਆ ਕਿ ਮਾਮਲੇ ਸਬੰਧੀ ਕਾਰਵਾਈ ਕੀਤੀ ਜਾ ਰਹੀ ਹੈ।

## ਲੁਧਿਆਣਾ ’ਚ ਲੁਟੇਰਿਆਂ ਦੀ ਛਿੱਤਰ-ਪਰੇਡ ! ਪੁਲਸ ਦੇ ਸਾਹਮਣੇ ਹੋਈ ਕੁੱਟਮਾਰ

ਲੁਧਿਆਣਾ 22 ਫਰਵਰੀ। ਮਹਾਨਗਰ ਵਿਚ ਸਨੈਚਰਾਂ ਦੇ ਹੌਸਲੇ ਇਸ ਕਦਰ ਬੁਲੰਦ ਹਨ ਕਿ ਹੁਣ ਉਹ ਦਿਨ-ਦਿਹਾੜੇ ਵਾਰਦਾਤਾਂ ਨੂੰ ਅੰਜਾਮ ਦੇ ਰਹੇ ਹਨ, ਪਰ ਚੰਦਰ ਨਗਰ ਵਿਚ ਜਨਤਾ ਦਾ ਗੁੱਸਾ ਇਨ੍ਹਾਂ ਲੁਟੇਰਿਆਂ ’ਤੇ ਭਾਰੀ ਪੈ ਗਿਆ। ਮਿਲੀ ਜਾਣਕਾਰੀ ਅਨੁਸਾਰ ਐਕਟਿਵਾ ’ਤੇ ਸਵਾਰ ਹੋ ਕੇ ਆਏ ਦੋ ਸ਼ਾਤਰ ਚੋਰਾਂ ਨੇ ਚਿੱਟੀ ਕੋਠੀ ਦੇ ਕੋਲ ਇਕ ਪ੍ਰਵਾਸੀ ਮਜ਼ਦੂਰ ਨੂੰ ਨਿਸ਼ਾਨਾ ਬਣਾਇਆ ਅਤੇ ਉਸ ਦਾ ਮੋਬਾਈਲ ਖੋਹ ਕੇ ਭੱਜਣ ਦੀ ਫ਼ਿਰਾਕ ਵਿਚ ਸਨ। ਇਸੇ ਦੌਰਾਨ ਇਕ ਬਹਾਦਰ ਰਾਹਗੀਰ ਨੇ ਆਪਣੀ ਐਕਟਿਵਾ ਲੁਟੇਰਿਆਂ ਦੀ ਐਕਟਿਵਾ ਵਿਚ ਮਾਰ ਦਿੱਤੀ, ਜਿਸ ਨਾਲ ਦੋਵੇਂ ਸੰਤੁਲਨ ਗੁਆ ਕੇ ਸੜਕ ’ਤੇ ਡਿੱਗ ਪਏ। ਸ਼ੋਰ ਮੱਚਦਿਆਂ ਹੀ ਮੁਹੱਲਾ ਨਿਵਾਸੀ ਮੌਕੇ ’ਤੇ ਇਕੱਠੇ ਹੋ ਗਏ ਅਤੇ ਦੋਵਾਂ ਨੂੰ ਚਾਰੇ ਪਾਸਿਓਂ ਘੇਰ ਲਿਆ। ਘਟਨਾ ਦੀ ਵਾਇਰਲ ਵੀਡੀਓ ਵਿੱਚ ਦੇਖਿਆ ਜਾ ਸਕਦਾ ਹੈ ਕਿ ਫੜੇ ਗਏ ਦੋਵੇਂ ਚੋਰ ਜ਼ਮੀਨ ’ਤੇ ਹੱਥ ਜੋੜ ਕੇ ਗਿੜਗਿੜਾ ਰਹੇ ਹਨ ਅਤੇ ਪਿੱਛੇ ਤੋਂ ਲੋਕ ਚੀਕ ਰਹੇ ਹਨ ਕਿ ਇਨ੍ਹਾਂ ਨੇ ਗਰੀਬ ਪ੍ਰਵਾਸੀ ਭਰਾ ਦਾ ਫ਼ੋਨ ਖੋਹਿਆ ਹੈ। ਇਸੇ ਗਹਿਮਾ-ਗਹਿਮੀ ਦੇ ਵਿਚਕਾਰ ਭੀੜ ਵਿੱਚੋਂ ਇੱਕ ਵਿਅਕਤੀ ਡੰਡਾ ਲੈ ਕੇ ਆਉਂਦਾ ਹੈ ਅਤੇ ਉਨ੍ਹਾਂ ’ਤੇ ਤਾਬੜਤੋੜ ਹਮਲਾ ਕਰ ਦਿੰਦਾ ਹੈ। ਹਾਲਾਂਕਿ ਚੋਰ ਵਾਰ-ਵਾਰ ਮਾਫ਼ੀ ਮੰਗਦੇ ਹੋਏ ਕਹਿ ਰਹੇ ਸਨ ਕਿ ’ਛੱਡ ਦਿਓ, ਅੱਗੇ ਤੋਂ ਅਜਿਹਾ ਨਹੀਂ ਕਰਾਂਗੇ’, ਪਰ ਇਲਾਕੇ ਵਿਚ ਵਧ ਰਹੀਆਂ ਸਨੈਚਿੰਗ ਦੀਆਂ ਵਾਰਦਾਤਾਂ ਤੋਂ ਗੁੱਸੇ ਵਿਚ ਆਏ ਲੋਕ ਉਨ੍ਹਾਂ ਨੂੰ ਗਾਲ੍ਹਾਂ ਕੱਢਦੇ ਹੋਏ ਪਿੱਟਦੇ ਰਹੇ। ਹੈਰਾਨੀ ਦੀ ਗੱਲ ਤਾਂ ਇਹ ਰਹੀ ਕਿ ਮੌਕੇ ’ਤੇ ਪੁਲਸ ਪ੍ਰਸ਼ਾਸਨ ਵੀ ਮੌਜੂਦ ਸੀ, ਪਰ ਜਨਤਾ ਦਾ ਰੋਸ ਇੰਨਾ ਜ਼ਿਆਦਾ ਸੀ ਕਿ ਪੁਲਸ ਦੀ ਮੌਜੂਦਗੀ ਵਿਚ ਹੀ ਉਨ੍ਹਾਂ ਦੀ ਕੁੱਟਮਾਰ ਹੁੰਦੀ ਰਹੀ। ਕਾਫ਼ੀ ਦੇਰ ਚੱਲੇ ਇਸ ਡਰਾਮੇ ਤੋਂ ਬਾਅਦ ਪੁਲਿਸ ਨੇ ਦੋਵਾਂ ਮੁਲਜ਼ਮਾਂ ਨੂੰ ਹਿਰਾਸਤ ਵਿੱਚ ਲਿਆ ਅਤੇ ਥਾਣੇ ਲੈ ਗਈ।

# ਲੁਧਿਆਣਾ ‘ਚ ਟਰੱਕ ਡਰਾਈਵਰ ਅਗਵਾ ! ਕੁੱਟਮਾਰ ਮਗਰੋਂ ਖੋਹ ਕੇ ਲੈ ਗਏ ਮਾਲ ਨਾਲ ਲੱਦਿਆ ਟਰੱਕ

**ਕੌਮੀ ਪਤ੍ਰਿਕਾ**

ਲੁਧਿਆਣਾ 22 ਫਰਵਰੀ। ਮਹਾਨਗਰ ਵਿਚ ਅਪਰਾਧੀਆਂ ਦੀ ਕਮਰ ਤੋੜਨ ਲਈ ਪੁਲਸ ਕਮਿਸਨਰ ਵੱਲੋਂ ਚਲਾਏ ਜਾ ਰਹੇ ‘ਆਪ੍ਰੇਸ਼ਨ ਪ੍ਰਹਾਰ’ ਦੇ ਦਾਵਿਆਂ ‘ਤੇ ਲੁਟੇਰਿਆਂ ਨੇ ਇਕ ਵਾਰ ਫਿਰ ਕਰਾਰਾ ‘ਪ੍ਰਹਾਰ’ ਕੀਤਾ ਹੈ। ਪੁਲਸ ਦੀ ਨਾਕਾਬੰਦੀ ਅਤੇ ਗਸ਼ਤ ਦੇ ਵੱਡੇ-ਵੱਡੇ ਦਾਵਿਆਂ ਦੇ ਵਿਚਕਾਰ ਬੇਖੌਫ ਬਦਮਾਸ਼ਾਂ ਨੇ ਸਾਹਨੇਵਾਲ ਇਲਾਕੇ ਵਿਚ ਇਕ ਟਰੱਕ ਡਰਾਈਵਰ ਨੂੰ ਅਗਵਾ ਕਰਕੇ ਉਸ ਦੀ ਕੁੱਟਮਾਰ ਕੀਤੀ ਅਤੇ ਸਕ੍ਰੈਪ ਨਾਲ ਲੱਦੀ ਗੱਡੀ ਲੁੱਟ ਕੇ ਰਫੂਚੱਕਰ ਹੋ ਗਏ। ਪੁਲਸ ਹੁਣ ਸੱਪ ਦੇ ਲੰਘਣ ਮਗਰੋਂ ਲਕੀਰ ਕੁੱਟਣ ਵਾਂਗ ਸੀ.ਸੀ.ਟੀ.ਵੀ. ਫੁਟੇਜ ਖੰਗਾਲਣ ਦੀ ਗੱਲ ਕਹਿ ਰਹੀ ਹੈ, ਪਰ ਸਹਿਰ ਦੇ ਮੁੱਖ ਮਾਰਗ ‘ਤੇ ਹੋਈ ਇਸ ਵਾਰਦਾਤ ਨੇ ਕਾਨੂੰਨ-ਵਿਵਸਥਾ ਦੀ ਪੋਲ ਖੋਲ੍ਹ ਕੇ ਰੱਖ ਦਿੱਤੀ ਹੈ। ਜਾਣਕਾਰੀ ਮੁਤਾਬਕ, ਪੀੜਤ ਡਰਾਈਵਰ ਜਸਵੰਤ ਸਿੰਘ ਬੀਤੀ ਰਾਤ ਕਰੀਬ 12 ਫਰਵਰੀ ਨੂੰ ਅਮਲੋਹ ਰੋਡ ਮੰਡੀ ਗੋਬਿੰਦਗੜ੍ਹ ਸਥਿਤ ਜੇ.ਪੀ.ਜੇ. ਸਟੀਲ ਐੱਲ.ਐੱਲ.ਪੀ. ਤੋਂ ਆਪਣੀ ਗੱਡੀ ਵਿਚ ਸਕ੍ਰੈਪ ਲੋਡ ਕਰਕੇ ਲੁਧਿਆਣਾ ਦੇ ਕੰਗਣਵਾਲ ਰੋਡ ਸਥਿਤ ਵਰਿਆਮ ਸਟੀਲ ਕਾਸਟਿੰਗ ਜਾ ਰਿਹਾ ਸੀ। ਜਦੋਂ ਉਹ ਸਾਹਨੇਵਾਲ ਦੇ ਕੋਲ ਵਾਹਿਗੁਰੂ ਢਾਬੇ ਦੀ ਸਰਵਿਸ ਲੇਨ ‘ਤੇ ਪਹੁੰਚਿਆ, ਤਾਂ ਖਾਣਾ ਖਾਣ ਤੋਂ ਬਾਅਦ ਜਿਵੇਂ ਹੀ ਉਸ ਨੇ ਆਪਣੀ ਗੱਡੀ ਅੱਗੇ ਵਧਾਈ, ਉਦੋਂ ਹੀ ਘਾਤ ਲਗਾ ਕੇ ਬੈਠੇ ਚਾਰ ਅਣਪਛਾਤੇ ਹਥਿਆਰਬੰਦ ਹਮਲਾਵਰਾਂ ਨੇ ਉਸ ਨੂੰ ਘੇਰ ਲਿਆ। ਬਦਮਾਸ਼ਾਂ ਨੇ ਪਹਿਲਾਂ ਤਾਂ ਡਰਾਈਵਰ ਦੀ ਬੁਰੀ ਤਰ੍ਹਾਂ ਕੁੱਟਮਾਰ ਕੀਤੀ ਅਤੇ ਫਿਰ ਉਸ ਨੂੰ ਜਬਰਦਸਤੀ ਗੱਡੀ ਦੇ ਅੰਦਰ ਹੀ ਸੁੱਟ ਦਿੱਤਾ। ਬਦਮਾਸ ਡਰਾਈਵਰ ਨੂੰ ਅਗਵਾ ਕਰਕੇ ਬੰਧਕ ਬਣਾ ਕੇ ਆਪਣੇ ਨਾਲ ਲੈ ਗਏ ਅਤੇ ਕੁਝ ਦੂਰ ਜਾਣ ਤੋਂ ਬਾਅਦ ਉਸ ਨੂੰ ਇੱਕ ਸੁੰਨਸਾਨ ਜਗ੍ਹਾ ‘ਤੇ ਸੁੱਟ ਦਿੱਤਾ। ਇਸ ਤੋਂ ਬਾਅਦ ਚਾਰੋਂ ਮੁਲਜਮ ਸਕ੍ਰੈਪ ਨਾਲ ਲੱਦੀ ਗੱਡੀ ਅਤੇ ਮਾਲ ਲੈ ਕੇ ਫਰਾਰ ਹੋ ਗਏ। ਪੀੜਤ ਨੇ ਕਿਸੇ ਤਰ੍ਹਾਂ ਆਪਣੇ ਮਾਲਕ ਨੂੰ ਸੂਚਨਾ ਦਿੱਤੀ, ਜਿਸ ਤੋਂ ਬਾਅਦ ਪੁਲਿਸ ਨੂੰ ਮਾਮਲੇ ਦੀ ਸ?ਿਕਾਇਤ ਦਿੱਤੀ ਗਈ ਹੈ। ਫਿਲਹਾਲ ਥਾਣਾ ਸਾਹਨੇਵਾਲ ਦੀ ਪੁਲਸ ਨੇ ਅਣਪਛਾਤੇ ਵਿਅਕਤੀਆਂ ਖ਼?ਲਾਫ਼ ਮਾਮਲਾ ਦਰਜ ਕਰ ਲਿਆ ਹੈ ਅਤੇ ਡਰਾਈਵਰ ਦੀ ਨਿਸ਼ਾਨਦੇਹੀ ‘ਤੇ ਮੁਲਜਮਾਂ ਦੀ ਭਾਲ ਸੁਰੂ ਕਰ ਦਿੱਤੀ ਗਈ ਹੈ। ਪਰ ਜਿਸ ਤਰ੍ਹਾਂ ਅਪਰਾਧੀ ਸਰੇਆਮ ਵਾਰਦਾਤਾਂ ਨੂੰ ਅੰਜਾਮ ਦੇ ਰਹੇ ਹਨ,

### ਪੜ੍ਹਾਈ ਦੇ ਤਣਾਅ ਕਾਰਨ 12ਵੀਂ ਦੀ ਵਿਦਿਆਰਥਣ ਨੇ ਕੀਤੀ ਖੁਦਕੁਸ਼ੀ

ਨੋਇਡਾ 22 ਫਰਵਰੀ। ਉੱਤਰ ਪ੍ਰਦੇਸ਼ ਦੇ ਨੋਇਡਾ ‘ਚ 12ਵੀਂ ਜਮਾਤ ਦੀ ਇਕ ਵਿਦਿਆਰਥਣ ਨੇ ਵੀਰਵਾਰ ਦੇਰ ਰਾਤ ਖ਼ੁਦਕੁਸ਼ੀ ਕਰ ਲਈ। ਪੁਲਸ ਨੇ ਇਹ ਜਾਣਕਾਰੀ ਦਿੱਤੀ। ਥਾਣਾ ਇੰਚਾਰਜ ਇੰਸਪੈਕਟਰ ਸੁਬੋਧ ਕੁਮਾਰ ਨੇ ਦੱਸਿਆ ਕਿ ਸੈਕਟਰ-22 ਦੇ ਐੱਫ-ਬਲਾਕ ‘ਚ 18 ਸਾਲਾ ਇਕ ਵਿਦਿਆਰਥਣ ਨੇ ਬੀਤੀ ਰਾਤ ਨੂੰ ਮਾਨਸਿਕ ਤਣਾਅ ਕਾਰਨ ਫਾਹਾ ਲੈ ਲਿਆ। ਉਨ੍ਹਾਂ ਦੱਸਿਆ ਕਿ ਵਿਦਿਆਰਥਣ ਦੀ ਲਾਸ਼ ਨੂੰ ਪੋਸਟਮਾਰਟਮ ਲਈ ਲਿਜਾਇਆ ਗਿਆ ਹੈ। ਉਨ੍ਹਾਂ ਕਿਹਾ ਕਿ ਵਿਦਿਆਰਥਣ ਦੇ ਪਰਿਵਾਰ ਵਾਲਿਆਂ ਨੇ ਦੱਸਿਆ ਕਿ 12ਵੀਂ ਦੀ ‘ਪ੍ਰੀ-ਬੋਰਡ’ ਪ੍ਰੀਖਿਆ ‘ਚ ਘੱਟ ਨੰਬਰ ਆਉਣ ਕਾਰਨ ਉਹ ਤਣਾਅ ‘ਚ ਸੀ

## ਹਰਦੋਈ ’ਚ ਵੱਡਾ ਹਾਦਸਾ: ਡੰਪਰ ਨਾਲ ਟਕਰਾਈ ਬਾਰਾਤੀਆਂ ਨਾਲ ਭਰੀ ਬੱਸ, ਮਚਿਆ ਚੀਕ-ਚਿਹਾੜਾ

ਹਰਦੋਈ 22 ਫਰਵਰੀ। ਉੱਤਰ ਪ੍ਰਦੇਸ਼ ਦੇ ਹਰਦੋਈ ਜ਼ਿਲ੍ਹੇ ਵਿੱਚ ਮੰਗਲਵਾਰ ਦੇਰ ਰਾਤ ਇੱਕ ਦਰਦਨਾਕ ਸੜਕ ਹਾਦਸਾ ਵਾਪਰ ਗਿਆ। ਇੱਥੋਂ ਦੇ ਬੇਹਟਾ ਗੋਕੁਲ ਥਾਣਾ ਖੇਤਰ ਦੇ ਸ਼ਾਹਜਹਾਂਪੁਰ ਹਾਈਵੇਅ ’ਤੇ ਬਾਰਾਤੀਆਂ ਨਾਲ ਭਰੀ ਇੱਕ ਨਿੱਜੀ ਬੱਸ ਅੱਗੇ ਜਾ ਰਹੇ ਡੰਪਰ ਨਾਲ ਜਾ ਟਕਰਾਈ। ਟੱਕਰ ਇੰਨੀ ਜ਼ਬਰਦਸਤ ਸੀ ਕਿ ਬੱਸ ਦੇ ਪਰਖੱਚੇ ਉੱਡ ਗਏ ਅਤੇ ਸਵਾਰੀਆਂ ਵਿੱਚ ਚੀਕ-ਚਿਹਾੜਾ ਮਚ ਗਿਆ। ਇਸ ਹਾਦਸੇ ਵਿੱਚ 15 ਬਾਰਾਤੀ ਜ਼ਖ਼ਮੀ ਹੋਏ ਹਨ, ਜਿਨ੍ਹਾਂ ਵਿੱਚੋਂ 11 ਦੀ ਹਾਲਤ ਨਾਜ਼ੁਕ ਦੱਸੀ ਜਾ ਰਹੀ ਹੈ। ਜਾਣਕਾਰੀ ਅਨੁਸਾਰ ਅਰਵਲ ਥਾਣਾ ਖੇਤਰ ਦੇ ਪਿੰਡ ਆਲਮਪੁਰ ਦੇ ਰਹਿਣ ਵਾਲੇ ਦਿਨੇਸ਼ ਦੇ ਪੁੱਤਰ ਬਾਦਾਮ ਦਾ ਵਿਆਹ ਸੀ। ਬਾਰਾਤ ਨਿੱਜੀ ਬੱਸ ਰਾਹੀਂ ਬੇਹਟਾ ਗੋਕੁਲ ਦੇ ਪਿੰਡ ਬਹੇਰਾ ਜਾ ਰਹੀ ਸੀ। ਬੱਸ ਵਿੱਚ ਕਰੀਬ 40 ਤੋਂ 45 ਬਾਰਾਤੀ ਸਵਾਰ ਸਨ। ਜਦੋਂ ਬੱਸ ਹਾਈਵੇਅ ’ਤੇ ਪਹੁੰਚੀ ਤਾਂ ਤੇਜ਼ ਰਫ਼ਤਾਰ ਬੱਸ ਨੇ ਅੱਗੇ ਜਾ ਰਹੇ ਇੱਕ ਹੋਲੀ ਚੱਲ ਰਹੇ ਡੰਪਰ ਨੂੰ ਪਿੱਛੇ ਤੋਂ ਜ਼ੋਰਦਾਰ ਟੱਕਰ ਮਾਰ ਦਿੱਤੀ। ਪ੍ਰਤੱਖਦਰਸ਼ੀਆਂ ਮੁਤਾਬਕ ਇਹ ਹਾਦਸਾ ਬੱਸ ਚਾਲਕ ਦੀ ਲਾਪਰਵਾਹੀ ਕਾਰਨ ਵਾਪਰਿਆ ਹੈ। ਹਾਦਸੇ ਤੋਂ ਤੁਰੰਤ ਬਾਅਦ ਬੱਸ ਦਾ ਡਰਾਈਵਰ ਅਤੇ ਕੰਡਕਟਰ ਮੌਕੇ ਤੋਂ ਫ਼ਰਾਰ




ਹੋ ਗਏ। ਪੁਲਿਸ ਨੇ ਮੌਕੇ ’ਤੇ ਪਹੁੰਚ ਕੇ ਰਾਹਤ ਕਾਰਜ ਸ਼ੁਰੂ ਕੀਤੇ ਅਤੇ ਜ਼ਖ਼ਮੀਆਂ ਨੂੰ ਤੁਰੰਤ ਮੈਡੀਕਲ ਕਾਲਜ ਵਿੱਚ ਭਰਤੀ ਕਰਵਾਇਆ। ਡਾਕਟਰਾਂ ਅਨੁਸਾਰ ਸਮੇਂ ਸਿਰ ਇਲਾਜ ਮਿਲਣ ਕਾਰਨ ਫਿਲਹਾਲ ਸਾਰੇ ਜ਼ਖ਼ਮੀ ਖ਼ਤਰੇ ਤੋਂ ਬਾਹਰ ਹਨ। ਹਾਦਸੇ ਵਿੱਚ ਗੰਭੀਰ ਰੂਪ ਵਿੱਚ ਜ਼ਖ਼ਮੀ ਹੋਣ ਵਾਲਿਆਂ ਵਿੱਚ ਦੇਵਦੱਤ (65), ਸਦਾਨੰਦ (45), ਅਤੇ ਮੁੰਨਾਲਾਲ (65) ਸ਼ਾਮਲ ਹਨ।

# ਅਣਪਛਾਤੇ ਵਾਹਨ ’ਚ ਟਕਰਾਉਣ ਕਾਰਨ ਐਕਟੀਵਾ ਸਵਾਰ ਦੀ ਮੌਤ, ਪਿੱਛੇ ਬੈਠੀ ਬੱਚੀ ਵਾਲ-ਵਾਲ ਬਚੀ

**ਕੌਮੀ ਪਤ੍ਰਿਕਾ**

ਮਲਸੀਆਂ 22 ਫਰਵਰੀ। ਸਥਾਨਕ ਨੈਸ਼ਨਲ ਹਾਈਵੇਅ ਨਕੋਦਰ ਰੋਡ ’ਤੇ ਅਣਪਛਾਤੇ ਵਾਹਨ ਨਾਲ ਟਕਰਾਉਣ ਕਾਰਨ ਇਕ ਵਿਅਕਤੀ ਦੀ ਮੌਤ ਹੋਣ ’ਤੇ ਉਸ ਦੇ ਪਿੱਛੇ ਬੈਠੀ ਬੱਚੀ ਵਾਲ-ਵਾਲ ਬਚ ਜਾਣ ਦਾ ਸਮਾਚਾਰ ਹੈ। ਮੌਕੇ ਤੋਂ ਪ੍ਰਾਪਤ ਜਾਣਕਾਰੀ ਅਨੁਸਾਰ ਬੀਤੇ ਦਿਨ ਦੁਪਹਿਰ ਬਾਅਦ ਇਕ ਸਕੂਟਰੀ ਸਵਾਰ ਜਗਜੀਵਨ ਸਿੰਘ (42) ਪੁੱਤਰ ਰੇਸ਼ਮ ਸਿੰਘ ਵਾਸੀ ਸੈਦੂਪੁਰ (ਨਕੋਦਰ) ਆਪਣੀ 8-9 ਸਾਲ ਦੀ ਮਾਸੂਮ ਬੱਚੀ ਨਾਲ ਸਕੂਟਰੀ ’ਤੇ ਸਵਾਰ ਹੋ ਕੇ ਨਕੋਦਰ ਤੋਂ ਮਲਸੀਆਂ ਵੱਲ ਜਾ ਰਿਹਾ ਸੀ। ਜਦੋਂ ਉਹ ਖਹਿਰਾ ਫਾਰਮ ਦੇ ਨਜ਼ਦੀਕ ਪਹੁੰਚੇ ਤਾਂ ਕਿਸੇ ਅਣਪਛਾਤੇ ਵਾਹਨ ਨਾਲ ਸਕੂਟਰੀ ਦੀ ਟੱਕਰ ਹੋ ਗਈ। ਇਸ ਦੌਰਾਨ ਉਹ ਗੰਭੀਰ ਰੂਪ ਵਿਚ ਜ਼ਖ਼ਮੀ ਹੋ ਕੇ ਸੜਕ ’ਤੇ ਡਿੱਗ ਪਿਆ। ਸੂਚਨਾ ਮਿਲਣ ’ਤੇ ਸੜਕ ਸੁਰੱਖਿਆ ਫੋਰਸ ਦੀ ਟੀਮ ਵੱਲੋਂ ਜ਼ਖ਼ਮੀ ਜਗਜੀਵਨ ਸਿੰਘ ਨੂੰ ਐਂਬੂਲੈਂਸ ਰਾਹੀਂ ਸਰਕਾਰੀ ਹਸਪਤਾਲ ਸ਼ਾਹਕੋਟ ਵਿਖੇ ਦਾਖ਼ਲ ਕਰਵਾਇਆ। ਡਿਊਟੀ ’ਤੇ ਮੌਜੂਦ ਡਾਕਟਰਾਂ ਨੇ ਜਾਂਚ ਉਪਰੰਤ ਉਸ ਨੂੰ ਮ੍ਰਿਤਕ ਐਲਾਨ ਦਿੱਤਾ। ਇਸ ਸਬੰਧੀ ਮਲਸੀਆਂ ਚੌਕੀ ਦੇ ਇੰਚਾਰਜ ਏ. ਐੱਸ. ਆਈ. ਜਗਤਾਰ ਸਿੰਘ ਨੇ ਦੱਸਿਆ ਕਿ ਪੁਲਸ ਨੇ ਲਾਸ਼ ਨੂੰ ਕਬਜ਼ੇ ਵਿਚ ਲੈ




ਕੇ ਪੋਸਟਮਾਰਟਮ ਲਈ ਸਿਵਲ ਹਸਪਤਾਲ ਨਕੋਦਰ ਭੇਜ ਦਿੱਤਾ ਹੈ। ਮ੍ਰਿਤਕ ਦੇ ਪਰਿਵਾਰਕ ਮੈਂਬਰਾਂ ਦੇ ਬਿਆਨਾਂ ਦੇ ਆਧਾਰ ’ਤੇ ਅਗਲੀ ਕਾਨੂੰਨੀ ਕਾਰਵਾਈ ਅਮਲ ਵਿਚ ਲਿਆਂਦੀ ਜਾਵੇਗੀ। ਫਿਲਹਾਲ ਅਣਪਛਾਤੇ ਵਾਹਨ ਚਾਲਕ ਦੀ ਭਾਲ ਕੀਤੀ ਜਾ ਰਹੀ ਹੈ। ਹਾਦਸੇ ਤੋਂ ਬਾਅਦ ਇਕ ਬਹੁਤ ਹੀ ਅਫ਼ਸੋਸਨਾਕ ਮੰਜ਼ਰ ਦੇਖਣ ਨੂੰ ਮਿਲਿਆ। ਜਗਜੀਵਨ ਸਿੰਘ ਖ਼ੂਨ ਨਾਲ ਲਥਪਥ ਸੜਕ ’ਤੇ ਤੜਫ਼ ਰਿਹਾ ਸੀ ਅਤੇ ਉਸ ਦੀ ਛੋਟੀ ਬੱਚੀ ਆਪਣੇ ਪਿਤਾ ਦੀ ਹਾਲਤ ਵੇਖ ਕੇ ਕੋਲ ਖੜ੍ਹੀ ਰੋ ਰਹੀ ਸੀ। ਹੈਰਾਨੀ ਦੀ ਗੱਲ ਇਹ ਰਹੀ ਕਿ ਹਾਈਵੇ ਤੋਂ ਲੰਘਣ ਵਾਲੇ ਵਾਹਨ ਚਾਲਕਾਂ ਅਤੇ ਰਾਹਗੀਰਾਂ ਨੇ ਰੁਕ ਕੇ ਮਦਦ ਕਰਨ ਦੀ ਬਜਾਏ ਵੀਡੀਓ ਬਣਾਉਣ ਤੋਂ ਬਾਅਦ ਉੱਥੋਂ ਲੰਘਣਾ ਹੀ ਮੁਨਾਸਿਬ ਸਮਝਿਆ। ਕਿਸੇ ਨੇ ਵੀ ਐਂਬੂਲੈਂਸ ਬੁਲਾਉਣ ਜਾਂ ਬੱਚੀ ਨੂੰ ਹੌਸਲਾ ਦੇਣ ਦੀ ਕੋਸ਼ਿਸ਼ ਨਹੀਂ ਕੀਤੀ। ਇਸ ਦੌਰਾਨ ਬੱਸ ਵਿਚ ਸਫ਼ਰ ਕਰ ਰਹੇ ਇਕ ਸਥਾਨਕ ਪੱਤਰਕਾਰ ਦੀ ਨਜ਼ਰ ਜਦੋਂ ਇਸ ਹਾਦਸੇ ‘ਤੇ ਪਈ ਤਾਂ ਉਨ੍ਹਾਂ ਨੇ ਤੁਰੰਤ ਪੁਲਸ ਨੂੰ ਸੂਚਿਤ ਕੀਤਾ, ਜਿਸ ਤੋਂ ਬਾਅਦ ਗੰਭੀਰ ਜ਼ਖ਼ਮੀ ਵਿਅਕਤੀ ਨੂੰ ਹਸਪਤਾਲ ਲਿਆਂਦਾ ਗਿਆ ਜਿੱਥੇ ਡਾਕਟਰਾਂ ਵੱਲੋਂ ਜਗਜੀਵਨ ਸਿੰਘ ਨੂੰ ਮ੍ਰਿਤਕ ਐਲਾਨ ਦਿੱਤਾ ਗਿਆ।

### ਆਖ਼ਿਰਕਾਰ ਪੁਲਸ ਨੇ ਲੱਭ ਲਿਆ 15 ਸਾਲਾ ਲਾਪਤਾ ’ਲੱਡੂ’, ਪਰਿਵਾਰ ਨੇ ਕੀਤਾ ਹਾਈਵੇਅ ਜਾਮ

ਜਲੰਧਰ 22 ਫਰਵਰੀ। ਚੱਕ ਜਿੰਦਾ ਪਿੰਡ ਤੋਂ ਲਾਪਤਾ ਹੋਇਆ 15 ਸਾਲ ਦਾ ਕਰਨ ਉਰਫ਼ ਲੱਡੂ ਪੁਲਸ ਨੇ ਬਰਾਮਦ ਕਰ ਲਿਆ ਹੈ। ਪੁਲਸ ਦੀ ਮੰਨੀਏ ਤਾਂ ਬੱਚਾ ਆਪਣੀ ਮਰਜ਼ੀ ਨਾਲ ਘਰ ਛੱਡ ਕੇ ਗਿਆ ਸੀ। ਲੱਡੂ ਨੂੰ ਬਰਾਮਦ ਕਰਕੇ ਪੁਲਸ ਨੇ ਉਸ ਨੂੰ ਉਸ ਦੇ ਪਰਿਵਾਰਕ ਮੈਂਬਰਾਂ ਦੇ ਹਵਾਲੇ ਕਰ ਦਿੱਤਾ ਹੈ। ਜਾਣਕਾਰੀ ਦਿੰਦੇ ਥਾਣਾ ਨੰਬਰ 1 ਦੇ ਇੰਚਾਰਜ ਰਾਕੇਸ਼ ਕੁਮਾਰ ਨੇ ਦੱਸਿਆ ਕਿ ਉਹ ਬੱਚੇ ਦੇ ਲਾਪਤਾ ਹੋਣ ਤੋਂ ਬਾਅਦ ਲਗਾਤਾਰ ਉਸ ਦੀ ਭਾਲ ਵਿਚ ਸੀ. ਸੀ. ਟੀ. ਵੀ. ਕੈਮਰਿਆਂ ਦੀ ਫੁਟੇਜ ਚੈੱਕ ਕਰ ਰਹੇ ਸਨ। ਉਸ ਦੀ ਲੋਕੇਸ਼ਨ ਵੇਰਕਾ ਮਿਲਕ ਪਲਾਂਟ ਨੇੜੇ ਮਿਲੀ ਸੀ, ਜਿਸ ਦੇ ਬਾਅਦ ਲਗਾਤਾਰ ਉਸ ਦੀ ਭਾਲ ਵਿਚ ਸੀ. ਸੀ. ਟੀ. ਵੀ. ਕੈਮਰਿਆਂ ਦੀ ਫੁਟੇਜ ਚੈੱਕ ਕਰਨ ਦਾ ਕੰਮ ਜਾਰੀ ਸੀ। ਉਨ੍ਹਾਂ ਕਿਹਾ ਕਿ ਸ਼ੁੱਕਰਵਾਰ ਨੂੰ ਕਈ ਇਨਪੁੱਟ ਮਿਲਣ ਦੇ ਬਾਅਦ ਲੱਡੂ ਨੂੰ ਸਹੀ ਸਲਾਮਤ ਬਰਾਮਦ ਕਰ ਲਿਆ ਗਿਆ ਅਤੇ ਉਸ ਨੂੰ ਉਸ ਦੇ ਪਰਿਵਾਰਕ ਮੈਂਬਰਾਂ ਦੇ ਹਵਾਲੇ ਕਰ ਦਿੱਤਾ ਗਿਆ। ਦੱਸ ਦੇਈਏ ਕਿ 5 ਦਿਨਾਂ ਤੋਂ 15 ਸਾਲ ਦੇ ਲੱਡੂ ਦੇ ਲਾਪਤਾ ਹੋਣ ਦੇ ਬਾਅਦ ਪਰਿਵਾਰਕ ਮੈਂਬਰਾਂ ਨੇ ਜਲੰਧਰ-ਅੰਮ੍ਰਿਤਸਰ ਹਾਈਵੇਅ ਨੂੰ ਜਾਮ ਕਰ ਦਿੱਤਾ ਸੀ।

**ਕੌਮੀ ਪਤ੍ਰਿਕਾ**

ਮੁੱਖ ਸੰਪਾਦਕ-ਗੁਰਚਰਨ ਸਿੰਘ ਬੱਬਰ, ਸਵਾਮੀ ਪ੍ਰਿੰਟਰ ਪਬਲਿਸ਼ਰ ਅਤੇ ਐਡੀਟਰ ਨੇ ਕੌਮੀ ਪਤ੍ਰਿਕਾ ਪ੍ਰਿੰਟਿੰਗ ਪ੍ਰੈਸ ਏ-144 ਇੰਡਸਟ੍ਰਿਅਲ ਏਰੀਆ ਸੈਕਟਰ ਏ-4, ਟ੍ਰੋਨਿਕਾ ਸਿਟੀ ਲੋਨੀ ਗਾਜ਼ਿਆਬਾਦ ਤੋਂ ਛਪਵਾ ਕੇ 5, ਬਹਾਦੁਰ ਸ਼ਾਹ ਜਫਰ ਮਾਰਗ ਨਵੀਂ ਦਿੱਲੀ-110002 ਤੋਂ ਪ੍ਰਕਾਸ਼ਿਤ ਕੀਤਾ ਹੈ।

Edited Printed Published and Owned by Gurcharan Singh Babbar 5, Bahadur Shah Zafar Marg New Delhi 110002. Printed at Qaumi Patrika Printing Press A-4 Tronica City Loni Ghaziabad

Ph. : 011-41509689, 011-23315814
Mob. : 9971359517, 9312262300

E-mail address: qpatrika@gmail.com

R.N.I. No. 39272/81

Legal Advisors:
Advocate Mohd. Sajid
Advocate Dr. A.P.Singh
Advocate Manish Sharma
Advocate Pooja Bhaskar Sharma

ਕੌਮੀ ਪੱਤ੍ਰਿਕਾ

# ਪੰਚਾਇਤਾਂ ਨੂੰ ਦਿੱਤੇ ਫੰਡਾਂ ਦੀ ਵਿਜੀਲੈਂਸ ਜਾਂਚ ਦੀ ਮੰਗ ਕਰਦੀ ਪਟੀਸ਼ਨ ਹਾਈਕੋਰਟ 'ਚ ਦਾਇਰ

**ਚੰਡੀਗੜ੍ਹ, 22 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿੱਚ ਇੱਕ ਜਨਹਿਤ ਪਟੀਸ਼ਨ ਦਾਇਰ ਕੀਤੀ ਗਈ ਹੈ, ਜਿਸ ਵਿੱਚ 14ਵੇਂ/15ਵੇਂ ਵਿੱਤ ਕਮਿਸ਼ਨ ਅਤੇ ਮਨਰੇਗਾ ਵਰਗੀਆਂ ਕੇਂਦਰੀ ਪੇਂਡੂ ਵਿਕਾਸ ਸਕੀਮਾਂ ਦੇ ਤਹਿਤ ਦਿੱਤੀਆਂ ਜਾਣ ਵਾਲੀਆਂ ਗ੍ਰਾਂਟਾਂ ਦੇ ਪ੍ਰਸ਼ਾਸਨ ਵਿੱਚ ਕਥਿਤ ਪ੍ਰਣਾਲੀਗਤ ਬੇਨਿਯਮੀਆਂ ਅਤੇ ਪਾਰਦਰਸ਼ਤਾ ਦੀ ਘਾਟ ਨੂੰ ਠੀਕ ਕਰਨ ਲਈ ਨਿਆਂਇਕ ਦਖਲ ਦੀ ਮੰਗ ਕੀਤੀ ਗਈ ਹੈ।

ਪੰਜਾਬ ਦੇ ਜ਼ਿਲ੍ਹਾ ਹੁਸ਼ਿਆਰਪੁਰ ਦੀ ਤਹਿਸੀਲ ਮੁਕੇਰੀਆਂ ਦੇ ਪਿੰਡ ਮੁਸਾਹਿਬਪੁਰ ਦੇ ਨਿਵਾਸੀ ਸੰਜੀਵ ਕੁਮਾਰ ਨੇ ਐਡਵੋਕੇਟ ਅਖਿਲ ਭਡਵਾਲ ਰਾਹੀਂ ਦਾਇਰ ਪਟੀਸ਼ਨ ਵਿੱਚ ਦੋਸ਼ ਲਾਇਆ ਹੈ ਕਿ ਪੰਜਾਬ ਵਿੱਚ ਪੰਚਾਇਤਾਂ ਦੇ ਫੰਡ ਪ੍ਰਬੰਧਨ ਦੀ ਕੋਈ ਉਚਿਤ ਨਿਗਰਾਨੀ ਜਾਂ ਆਡਿਟ ਨਹੀਂ ਹੈ, ਜਿਸ ਕਾਰਨ ਸੰਭਾਵੀ ਦੁਰਵਰਤੋਂ, ਘਟੀਆ ਬੁਨਿਆਦੀ ਢਾਂਚਾ ਅਤੇ ਪੇਂਡੂ ਭਾਈਚਾਰਿਆਂ ਦਾ ਨੁਕਸਾਨ ਹੋ ਰਿਹਾ ਹੈ। ਪਟੀਸ਼ਨਕਰਤਾ ਨੇ ਪੰਜਾਬ ਸਰਕਾਰ ਨੂੰ ਪੇਂਡੂ ਫੰਡ ਪ੍ਰਸ਼ਾਸਨ ਵਿੱਚ ਨਿਯਮਤ ਆਡਿਟ ਅਤੇ ਪਾਰਦਰਸ਼ਤਾ ਲਈ ਰਾਜ ਵਿਆਪੀ ਦਿਸ਼ਾ-ਨਿਰਦੇਸ਼ ਜਾਰੀ ਕਰਨ ਦੇ ਨਿਰਦੇਸ਼ ਦੇਣ ਦੀ ਵੀ ਪ੍ਰਾਰਥਨਾ ਕੀਤੀ ਹੈ। ਉਸ ਨੇ ਕਿਹਾ ਕਿ ਉਸ ਨੇ 25 ਅਕਤੂਬਰ 2024 ਨੂੰ ਗ੍ਰਾਮ ਪੰਚਾਇਤ ਪਿੰਡ ਮੁਸਾਹਿਬਪੁਰ, ਤਹਿਸੀਲ ਮੁਕੇਰੀਆਂ ਵਿਖੇ ਸਰਪੰਚ ਰਾਹੀਂ ਆਰ.ਟੀ.ਆਈ. ਐਪਲੀਕੇਸ਼ਨ ਦਾਇਰ ਕਰਕੇ ਫੰਡਾਂ ਦੀ ਵਰਤੋਂ ਬਾਰੇ ਰਿਕਾਰਡ ਮੰਗਿਆ ਸੀ, ਜਿਸ ਵਿੱਚ ਵਿੱਤੀ ਖਾਤੇ ਅਤੇ ਸਟੇਟਮੈਂਟ ਸ਼ਾਮਲ ਸਨ। ਉਸ ਨੇ ਇਹ ਜਾਣਕਾਰੀ ਮੰਗੀ ਸੀ ਕਿ 15ਵੇਂ ਵਿੱਤ ਕਮਿਸ਼ਨ ਦੇ ਤਹਿਤ ਕਿੰਨੀ ਗ੍ਰਾਂਟ ਪ੍ਰਾਪਤ ਹੋਈ ਅਤੇ ਇਹ ਕਿਹੜੇ ਬੈਂਕ ਖਾਤੇ ਵਿੱਚ ਜਮ੍ਹਾ ਕੀਤੀ ਗਈ।

ਉਸ ਨੇ ਵਾਊਚਰ, ਖਰਚੇ ਦੇ ਵਾਊਚਰਾਂ ਦੀਆਂ ਪ੍ਰਮਾਣਿਤ ਕਾਪੀਆਂ ਅਤੇ ਉਨ੍ਹਾਂ ਉਦੇਸ਼ਾਂ ਦੀਆਂ ਪ੍ਰਮਾਣਿਤ ਕਾਪੀਆਂ ਵੀ ਮੰਗੀਆਂ ਸਨ ਜਿਨ੍ਹਾਂ ਲਈ ਇਹ ਖਰਚ ਕੀਤਾ ਗਿਆ ਸੀ। ਪਰ ਨਿਰਧਾਰਤ ਮਿਆਦ ਦੇ ਅੰਦਰ ਕੋਈ ਜਵਾਬ ਨਹੀਂ ਮਿਲਿਆ, ਜਿਸ ਕਾਰਨ 10 ਦਸੰਬਰ 2024 ਨੂੰ ਬਲਾਕ ਵਿਕਾਸ ਅਤੇ ਪੰਚਾਇਤ ਅਫ਼ਸਰ ਮੁਕੇਰੀਆਂ ਕੋਲ ਪਹਿਲੀ ਅਪੀਲ ਅਤੇ 11 ਦਸੰਬਰ 2024 ਨੂੰ ਜ਼ਿਲ੍ਹਾ ਵਿਕਾਸ ਅਤੇ ਪੰਚਾਇਤ ਅਫਸਰ ਹੁਸ਼ਿਆਰਪੁਰ ਨੂੰ ਦੂਜੀ ਅਪੀਲ ਦਾਇਰ ਕਰਨੀ ਪਈ। ਪਰ ਇਸ ਦੇ ਬਾਵਜੂਦ ਹੁਣ ਤੱਕ ਸਾਰੀ ਜਾਣਕਾਰੀ ਨਹੀਂ ਦਿੱਤੀ ਗਈ ਹੈ। ਰਿਕਾਰਡ ਬਿਲਿੰਗ ਅਤੇ ਕੰਮਾਂ ਵਿੱਚ ਅੰਤਰ ਨੂੰ ਪ੍ਰਗਟ ਕਰਦਾ ਹੈ।

ਉਸ ਨੇ 20 ਦਸੰਬਰ 2024 ਨੂੰ ਡਾਇਰੈਕਟਰ, ਵਿਜੀਲੈਂਸ ਬਿਊਰੋ ਪੰਜਾਬ ਕੋਲ ਸ਼ਿਕਾਇਤ ਦਰਜ ਕਰਵਾਈ ਸੀ, ਪਰ ਕੋਈ ਕਾਰਵਾਈ ਨਹੀਂ ਹੋਈ। ਪਟੀਸ਼ਨਕਰਤਾ ਨੇ ਕਿਹਾ ਕਿ ਕਾਰਵਾਈ ਨਾ ਹੋਣ ਨਾਲ ਬੇਨਿਯਮੀਆਂ ਦੀ ਸੰਭਾਵਨਾ, ਜਨਤਕ ਵਿਸ਼ਵਾਸ ਦਾ ਖਾਤਮਾ, ਲਾਭਾਂ ਤੱਕ ਅਸਮਾਨ ਪਹੁੰਚ, ਸਰੋਤਾਂ 'ਤੇ ਦਬਾਅ ਅਤੇ ਜਵਾਬਦੇਹ ਪ੍ਰਸ਼ਾਸਨ ਦੇ ਸਿਧਾਂਤਾਂ ਦੀ ਉਲੰਘਣਾ ਵਧੀ ਹੈ।

ਉਸ ਨੇ ਕਿਹਾ ਕਿ ਇਸ ਦੇ ਮੱਦੇਨਜ਼ਰ ਉਸ ਨੇ 'ਰਿੱਟ ਆਫ ਮੈਂਡਾਮਸ' ਜਾਰੀ ਕਰਨ ਦੀ ਮੰਗ ਕੀਤੀ ਹੈ ਜਿਸ ਵਿੱਚ ਪੰਜਾਬ ਰਾਜ ਅਤੇ ਡਾਇਰੈਕਟਰ, ਵਿਜੀਲੈਂਸ ਬਿਊਰੋ ਪੰਜਾਬ ਨੂੰ ਨਿਰਦੇਸ਼ ਦਿੱਤੇ ਜਾਣ ਕਿ ਉਹ ਪਟੀਸ਼ਨਕਰਤਾ ਦੇ ਪਿੰਡ 'ਤੇ ਸ਼ੁਰੂ ਕਰਦੇ ਹੋਏ ਗ੍ਰਾਂਟ ਦੀ ਵਰਤੋਂ ਬਾਰੇ ਸਮਾਂਬੱਧ ਪੁੱਛਗਿੱਛ ਕਰਨ ਅਤੇ ਅਦਾਲਤ ਨੂੰ ਰਿਪੋਰਟ ਸੌਂਪਣ। ਉਸ ਨੇ ਤੁਰੰਤ ਆਰ.ਟੀ.ਆਈ. ਦੀ ਪਾਲਣਾ ਕਰਨ ਅਤੇ ਬਕਾਇਆ ਜਾਣਕਾਰੀ ਦੇਣ ਦੇ ਨਿਰਦੇਸ਼ ਅਤੇ ਰਾਜ ਸਰਕਾਰ ਨੂੰ ਪੇਂਡੂ ਫੰਡ ਪ੍ਰਸ਼ਾਸਨ ਵਿੱਚ ਨਿਯਮਤ ਆਡਿਟ ਅਤੇ ਪਾਰਦਰਸ਼ਤਾ ਲਈ ਰਾਜ ਵਿਆਪੀ ਦਿਸ਼ਾ-ਨਿਰਦੇਸ਼ ਜਾਰੀ ਕਰਨ ਦੇ ਹੋਰ ਨਿਰਦੇਸ਼ਾਂ ਦੀ ਵੀ ਮੰਗ ਕੀਤੀ ਹੈ।

# ਦਿੱਲੀ 'ਚ ਧਾਰਮਿਕ ਸਥਾਨਾਂ 'ਤੇ ਅੱਤਵਾਦੀ ਹਮਲੇ ਦਾ ਅਲਰਟ: ਲਾਲ ਕਿਲ੍ਹੇ ਤੇ ਚਾਂਦਨੀ ਚੌਕ ਨੇੜੇ ਸੁਰੱਖਿਆ ਸਖ਼ਤ

## ਲਸ਼ਕਰ-ਏ-ਤਾਇਬਾ ਧਾਰਮਿਕ ਸਥਾਨਾਂ ਨੂੰ ਨਿਸ਼ਾਨਾ ਬਣਾਉਣ ਦੀ ਰਚ ਰਿਹਾ ਸਾਜ਼ਿਸ਼



**ਨਵੀਂ ਦਿੱਲੀ, 22 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਕੇਂਦਰੀ ਖ਼ੁਫ਼ੀਆ ਏਜੰਸੀਆਂ ਵੱਲੋਂ ਦਿੱਲੀ ਵਿੱਚ ਅਤਿਵਾਦੀ ਹਮਲੇ ਦੇ ਖਦਸ਼ੇ ਦੇ ਮੱਦੇਨਜ਼ਰ ਲਾਲ ਕਿਲ੍ਹੇ ਅਤੇ ਚਾਂਦਨੀ ਚੌਕ ਸਮੇਤ ਕਈ ਇਤਿਹਾਸਕ ਤੇ ਧਾਰਮਿਕ ਸਥਾਨਾਂ 'ਤੇ ਸੁਰੱਖਿਆ ਵਧਾ ਦਿੱਤੀ ਗਈ ਹੈ। ਰਿਪੋਰਟਾਂ ਅਨੁਸਾਰ, ਪਾਕਿਸਤਾਨ ਅਧਾਰਤ ਅਤਿਵਾਦੀ ਸੰਗਠਨ ਲਸ਼ਕਰ-ਏ-ਤਾਇਬਾ ਭਾਰਤ ਦੇ ਪ੍ਰਮੁੱਖ ਧਾਰਮਿਕ ਸਥਾਨਾਂ ਨੂੰ ਨਿਸ਼ਾਨਾ ਬਣਾਉਣ ਦੀ ਸਾਜ਼ਿਸ਼ ਰਚ ਰਿਹਾ ਹੈ। ਖਾਸ ਤੌਰ 'ਤੇ ਚਾਂਦਨੀ ਚੌਕ ਦੇ ਇੱਕ ਪ੍ਰਾਚੀਨ ਮੰਦਰ ਅਤੇ ਲਾਲ ਕਿਲ੍ਹੇ ਦੇ ਆਸ-ਪਾਸ 954 ਧਮਾਕੇ ਦੀ ਚੇਤਾਵਨੀ ਦਿੱਤੀ ਗਈ ਹੈ।

ਦੱਸ ਦਈਏ ਕਿ ਇਹ ਅਲਰਟ ਇਸ ਲਈ ਵੀ ਗੰਭੀਰ ਹੈ ਕਿਉਂਕਿ ਪਿਛਲੇ ਸਾਲ 10 ਨਵੰਬਰ ਨੂੰ ਲਾਲ ਕਿਲ੍ਹੇ ਨੇੜੇ ਹੋਏ ਕਾਰ ਧਮਾਕੇ ਵਿੱਚ 13 ਲੋਕਾਂ ਦੀ ਜਾਨ ਚਲੀ ਗਈ ਸੀ, ਜਿਸ ਕਾਰਨ ਸੁਰੱਖਿਆ ਏਜੰਸੀਆਂ ਹੁਣ ਕੋਈ ਵੀ ਢਿੱਲ ਨਹੀਂ ਵਰਤਣਾ ਚਾਹੁੰਦੀਆਂ। ਦਿੱਲੀ ਪੁਲੀਸ ਅਤੇ ਕੇਂਦਰੀ ਏਜੰਸੀਆਂ ਨੇ ਆਪਸੀ ਤਾਲਮੇਲ ਵਧਾਉਂਦੇ ਹੋਏ ਸ਼ੱਕੀ ਥਾਵਾਂ 'ਤੇ ਸੀਸੀਟੀਵੀ ਨਿਗਰਾਨੀ, ਵਾਹਨਾਂ ਦੀ ਚੈਕਿੰਗ ਅਤੇ ਵਾਧੂ ਫੋਰਸ ਤਾਇਨਾਤ ਕਰ ਦਿੱਤੀ ਹੈ। ਬੰਬ ਨਿਰੋਧਕ ਦਸਤੇ ਅਤੇ ਕਵਿੱਕ ਰਿਐਕਸ਼ਨ ਟੀਮਾਂਨੂੰ ਵੀ ਸਟੈਂਡਬਾਏ 'ਤੇ ਰੱਖਿਆ ਗਿਆ ਹੈ। ਅਧਿਕਾਰੀਆਂ ਨੇ ਜਨਤਾ ਨੂੰ ਅਪੀਲ ਕੀਤੀ ਹੈ ਕਿ ਉਹ ਕਿਸੇ ਵੀ ਸ਼ੱਕੀ ਵਸਤੂ ਜਾਂ ਗਤੀਵਿਧੀ ਦੀ ਸੂਚਨਾ ਤੁਰੰਤ ਪੁਲੀਸ ਨੂੰ ਦੇਣ। ਹਾਲਾਂਕਿ ਪੁਲੀਸ ਦਾ ਕਹਿਣਾ ਹੈ ਕਿ ਘਬਰਾਉਣ ਦੀ ਲੋੜ ਨਹੀਂ ਹੈ ਅਤੇ ਇਹ ਸਭ ਸੁਰੱਖਿਆ ਦੇ ਲਿਹਾਜ਼ ਨਾਲ ਸਿਰਫ਼ ਸਾਵਧਾਨੀ ਵਜੋਂ ਕੀਤਾ ਜਾ ਰਿਹਾ ਹੈ।

# ਕੋਰਟ ਦੇ ਫੈਸਲੇ ਤੋਂ ਬਾਅਦ ਟਰੰਪ ਦਾ ਬਿਆਨ 'ਕੁਝ ਨਹੀਂ ਬਦਲਿਆ, ਭਾਰਤ ਟੈਰਿਫ ਅਦਾ ਕਰੇਗਾ'

**ਨਿਊਯਾਰਕ, 22 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**



ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਕਿਹਾ ਹੈ ਕਿ ਉਨ੍ਹਾਂ ਦੇ ਵਿਆਪਕ ਟੈਰਿਫਾਂ ਦੇ ਖ਼ਿਲਾਫ਼ ਸੁਪਰੀਮ ਕੋਰਟ ਦੇ ਫੈਸਲੇ ਦੇ ਮੱਦੇਨਜ਼ਰ ਭਾਰਤ ਨਾਲ ਵਪਾਰਕ ਸਮਝੌਤੇ ਵਿੱਚ ÷ਕੁਝ ਵੀ ਨਹੀਂ ਬਦਲਿਆ÷ ਹੈ,ਕਿਉਂਕਿ ਉਨ੍ਹਾਂ ਨੇ ਅਮਰੀਕਾ ਵਿੱਚ ਆਯਾਤ ਕੀਤੀਆਂ ਜਾਣ ਵਾਲੀਆਂ ਵਸਤੂਆਂ 'ਤੇ ਵਾਧੂ 10 ਫੀਸਦੀ ਵਿਸ਼ਵਵਿਆਪੀ ਲੇਵੀ ਲਗਾਉਣ ਦਾ ਐਲਾਨ ਕਰਕੇ ਫੈਸਲੇ ਦਾ ਜਵਾਬ ਦਿੱਤਾ।

ਟਰੰਪ ਦੇ ਦੂਜੇ ਕਾਰਜਕਾਲ ਦੇ ਮਹੱਤਵਪੂਰਨ ਆਰਥਿਕ ਏਜੰਡੇ ਲਈ ਇੱਕ ਵੱਡੇ ਝਟਕੇ ਵਜੋਂ,ਅਮਰੀਕੀ ਸੁਪਰੀਮ ਕੋਰਟ ਨੇ ਮੁੱਖ ਜੱਜ ਜੌਨ ਰੌਬਰਟਸ ਦੁਆਰਾ ਲਿਖੇ 6-3 ਦੇ ਫੈਸਲੇ ਵਿੱਚ ਕਿਹਾ ਕਿ ਦੁਨੀਆ ਭਰ ਦੇ ਦੇਸ਼ਾਂ 'ਤੇ ਟਰੰਪ ਦੁਆਰਾ ਲਗਾਏ ਗਏ ਟੈਰਿਫ ਗੈਰ-ਕਾਨੂੰਨੀ ਸਨ ਅਤੇ ਰਾਸ਼ਟਰਪਤੀ ਨੇ ਆਪਣੀ ਅਥਾਰਟੀ ਦੀ ਉਲੰਘਣਾ ਕੀਤੀ ਸੀ ਜਦੋਂ ਉਨ੍ਹਾਂ ਨੇ ਇਹ ਵਿਆਪਕ ਟੈਰਿਫ ਲਗਾਏ ਸਨ। ਟਰੰਪ ਨੇ ਉਨ੍ਹਾਂ ਸੁਪਰੀਮ ਕੋਰਟ ਦੇ ਜੱਜਾਂ 'ਤੇ ਨਿਸ਼ਾਨਾ ਸਾਧਿਆ ਜਿਨ੍ਹਾਂ ਨੇ ਉਨ੍ਹਾਂ ਦੇ ਖ਼ਿਲਾਫ਼ ਫੈਸਲਾ ਸੁਣਾਇਆ,ਉਨ੍ਹਾਂ ਨੂੰ ਮੂਰਖ ਅਤੇ ਚਾਪਲੂਸ ਕਿਹਾ। ਫੈਸਲਾ ਆਉਣ ਤੋਂ ਕੁਝ ਘੰਟਿਆਂ ਬਾਅਦ ਸ਼ੁੱਕਰਵਾਰ ਨੂੰ ਵ੍ਹਾਈਟ ਹਾਊਸ ਵਿਚ ਇਕ ਨਿਊਜ਼ ਕਾਨਫਰੰਸ ਵਿਚ ਟਰੰਪ ਨੇ ਕਿਹਾ,ਟੈਰਿਫਾਂ 'ਤੇ ਸੁਪਰੀਮ ਕੋਰਟ ਦਾ ਫੈਸਲਾ ਬਹੁਤ ਨਿਰਾਸ਼ਾਜਨਕ ਹੈ,ਅਤੇ ਮੈਨੂੰ ਅਦਾਲਤ ਦੇ ਕੁਝ ਮੈਂਬਰਾਂ 'ਤੇ ਸ਼ਰਮ ਆਉਂਦੀ ਹੈ,ਸਾਡੇ ਦੇਸ਼ ਲਈ ਜੋ ਸਹੀ ਹੈ ਉਹ ਕਰਨ ਦੀ ਹਿੰਮਤ ਨਾ ਦਿਖਾਉਣ ਲਈ ਬਿਲਕੁਲ ਸ਼ਰਮ ਆਉਂਦੀ ਹੈ। ਨਿਊਜ਼ ਕਾਨਫਰੰਸ ਵਿਚ ਟਰੰਪ ਨੇ ਫਿਰ ਆਪਣੇ ਇਸ ਦਾਅਵੇ ਨੂੰ ਦੁਹਰਾਇਆ ਕਿ ਉਨ੍ਹਾਂ ਨੇ ਪਿਛਲੇ ਗਰਮੀਆਂ ਵਿਚ ਟੈਰਿਫ ਦੀ ਧਮਕੀ ਦੀ ਵਰਤੋਂ ਕਰਕੇ ਭਾਰਤ ਅਤੇ ਪਾਕਿਸਤਾਨ ਵਿਚਾਲੇ ਜੰਗ ਨੂੰ ਸੁਲਝਾਇਆ ਸੀ,ਦਾਅਵਾ ਕੀਤਾ ਕਿ ਨਵੀਂ ਦਿੱਲੀ ਨੇ ਉਨ੍ਹਾਂ ਦੀ ਬੇਨਤੀ 'ਤੇ ਰੂਸੀ ਤੇਲ ਖਰੀਦਣ ਤੋਂ ਕਾਫੀ ਪਿੱਛੇ ਹਟ ਗਏ ਹਨ।

# ਭਾਰਤ ਅਤੇ ਬ੍ਰਾਜ਼ੀਲ ਅਗਲੇ ਪੰਜ ਸਾਲਾਂ ਵਿੱਚ ਦੁਵੱਲੇ ਵਪਾਰ ਨੂੰ 20 ਅਰਬ ਡਾਲਰ ਤੱਕ ਲਿਜਾਣਗੇ: ਮੋਦੀ



**ਨਵੀਂ ਦਿੱਲੀ, 22 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਅੱਜ ਐਲਾਨ ਕੀਤਾ ਕਿ ਭਾਰਤ ਅਤੇ ਬ੍ਰਾਜ਼ੀਲ ਨੇ ਅਗਲੇ ਪੰਜ ਸਾਲਾਂ ਵਿੱਚ ਆਪਣੇ ਦੁਵੱਲੇ ਵਪਾਰ ਨੂੰ 20 ਅਰਬ ਡਾਲਰ ਤੋਂ ਪਾਰ ਲਿਜਾਣ ਦਾ ਟੀਚਾ ਮਿੱਥਿਆ ਹੈ। ਇਹ ਫੈਸਲਾ ਭਾਰਤ ਦੌਰੇ 'ਤੇ ਆਏ ਬ੍ਰਾਜ਼ੀਲ ਦੇ ਰਾਸ਼ਟਰਪਤੀ ਲੁਈਜ਼ ਇਨਾਸੀਓ ਲੂਲਾ ਡਾ ਸਿਲਵਾ ਨਾਲ ਹੋਈ ਇੱਕ ਉੱਚ-ਪੱਧਰੀ ਮੀਟਿੰਗ ਦੌਰਾਨ ਲਿਆ ਗਿਆ। ਇਸ ਮੀਟਿੰਗ ਦਾ ਮੁੱਖ ਮਕਸਦ ਦੋਵਾਂ ਦੇਸ਼ਾਂ ਵਿਚਾਲੇ ਤਕਨਾਲੋਜੀ, ਊਰਜਾ, ਰੱਖਿਆ ਅਤੇ ਖੇਤੀਬਾੜੀ ਖੇਤਰਾਂ ਵਿੱਚ ਰਣਨੀਤਕ ਸਾਂਝੇਦਾਰੀ ਨੂੰ ਹੋਰ ਮਜ਼ਬੂਤ ਕਰਨਾ ਸੀ।

ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਪ੍ਰਧਾਨ ਮੰਤਰੀ ਮੋਦੀ ਨੇ ਕਿਹਾ ਕਿ ਲਾਤੀਨੀ ਅਮਰੀਕਾ ਵਿੱਚ ਬ੍ਰਾਜ਼ੀਲ ਭਾਰਤ ਦਾ ਸਭ ਤੋਂ ਵੱਡਾ ਵਪਾਰਕ ਭਾਈਵਾਲ ਹੈ। ਉਨ੍ਹਾਂ ਕਿਹਾ ਕਿ ਇਹ ਆਰਥਿਕ ਰਿਸ਼ਤਾ ਸਿਰਫ਼ ਇੱਕ ਅੰਕੜਾ ਨਹੀਂ ਹੈ, ਸਗੋਂ ਇਹ ਦੋਵਾਂ ਦੇਸ਼ਾਂ ਦੇ ਆਪਸੀ ਭਰੋਸੇ ਦਾ ਪ੍ਰਤੀਕ ਹੈ। ਬ੍ਰਾਜ਼ੀਲ ਦੇ ਰਾਸ਼ਟਰਪਤੀ 'ਏਆਈ ਇੰਪੈਕਟ ਸਮਿਟ' ਵਿੱਚ ਹਿੱਸਾ ਲੈਣ ਅਤੇ ਹੋਰ ਦੁਵੱਲੇ ਸਮਝੌਤਿਆਂ ਲਈ ਭਾਰਤ ਆਏ ਹੋਏ ਹਨ। ਮੀਟਿੰਗ ਦੌਰਾਨ ਦੋਵਾਂ ਆਗੂਆਂ ਨੇ ਆਰਥਿਕ ਸਹਿਯੋਗ ਨੂੰ ਮਜ਼ਬੂਤ ??ਕਰਨ ਲਈ 'ਮਰਕੋਸੁਰ' ਵਪਾਰਕ ਢਾਂਚੇ ਦੇ ਵਿਸਥਾਰ ਬਾਰੇ ਵੀ ਚਰਚਾ ਕੀਤੀ। ਇਸ ਤੋਂ ਇਲਾਵਾ ਬ੍ਰਾਜ਼ੀਲ ਵਿੱਚ ਇੱਕ 'ਡਿਜੀਟਲ ਪਬਲਿਕ ਇਨਫਰਾਸਟਰੱਕਚਰ' ਲਈ ਸੈਂਟਰ ਆਫ਼ ਐਕਸੀਲੈਂਸ ਸਥਾਪਤ ਕੀਤਾ ਜਾਵੇਗਾ। ਦੋਵੇਂ ਦੇਸ਼ ਆਰਟੀਫੀਸ਼ੀਅਲ ਇੰਟੈਲੀਜੈਂਸ (19), ਸੈਮੀਕੰਡਕਟਰ, ਸੁਪਰਕੰਪਿਊਟਿੰਗ ਅਤੇ ਬਲਾਕਚੈਨ ਤਕਨਾਲੋਜੀਆਂ ਵਿੱਚ ਵੀ ਸਹਿਯੋਗ ਵਧਾਉਣਗੇ।

# ਪੰਜਾਬ ਸਰਕਾਰ ਸਿਰਫ਼ ਇਸ਼ਤਿਹਾਰਾਂ 'ਤੇ ਵਹਾ ਰਹੀ ਹੈ ਪੈਸਾ; ਨਸ਼ਾ ਰੋਕਣ ਲਈ ਕੋਈ ਕੰਮ ਨਹੀਂ: ਨਾਇਬ ਸੈਣੀ

**ਚੰਡੀਗੜ੍ਹ, 22 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**



ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਪੰਜਾਬ ਦੀ ਆਮ ਆਦਮੀ ਪਾਰਟੀ ਸਰਕਾਰ 'ਤੇ ਤਿੱਖੇ ਹਮਲੇ ਕਰਦਿਆਂ ਦੋਸ਼ ਲਾਇਆ ਹੈ ਕਿ ਭਗਵੰਤ ਮਾਨ ਸਰਕਾਰ ਨਸ਼ਿਆਂ ਦੇ ਖ਼ਿਲਾਫ਼ ਸਿਰਫ਼ ਅਖ਼ਬਾਰੀ ਇਸ਼ਤਿਹਾਰਾਂ 'ਤੇ ਜਨਤਾ ਦਾ ਪੈਸਾ ਬਰਬਾਦ ਕਰ ਰਹੀ ਹੈ, ਜਦੋਂਕਿ ਜ਼ਮੀਨੀ ਪੱਧਰ 'ਤੇ ਨਸ਼ਾ ਲਗਾਤਾਰ ਵਧ ਰਿਹਾ ਹੈ।

ਪੰਜਾਬ ਦੌਰੇ ਦੌਰਾਨ ਸੈਣੀ ਨੇ ਕਿਹਾ ਕਿ ਸੂਬੇ ਵਿੱਚ ਅਮਨ-ਕਾਨੂੰਨ ਦੀ ਸਥਿਤੀ ਇੰਨੀ ਮਾੜੀ ਹੈ ਕਿ ਅੱਜ ਕੋਈ ਵੀ ਪੰਜਾਬ ਵਿੱਚ ਆਪਣੇ ਆਪ ਨੂੰ ਸੁਰੱਖਿਅਤ ਮਹਿਸੂਸ ਨਹੀਂ ਕਰ ਰਿਹਾ।

ਉਨ੍ਹਾਂ ਦਾਅਵਾ ਕੀਤਾ ਕਿ 2027 ਵਿੱਚ ਜਦੋਂ ਪੰਜਾਬ ਵਿੱਚ ਭਾਜਪਾ ਦੀ ਸਰਕਾਰ ਬਣੇਗੀ ਤਾਂ ਗੈਂਗਸਟਰ ਕਲਚਰ ਨੂੰ ਜੜ੍ਹੋਂ ਖ਼ਤਮ ਕਰ ਦਿੱਤਾ ਜਾਵੇਗਾ। ਸੈਣੀ ਨੇ ਆਪਣੀ ਸਰਕਾਰ ਦੀਆਂ ਉਪਲਬਧੀਆਂ ਗਿਣਾਉਂਦਿਆਂ ਕਿਹਾ ਕਿ ਹਰਿਆਣਾ ਵਿੱਚ ਪਿਛਲੇ 10 ਸਾਲਾਂ ਦੌਰਾਨ 2 ਲੱਖ ਨੌਕਰੀਆਂ ਬਿਨਾਂ ਕਿਸੇ 'ਖਰਚੀ-ਪਰਚੀ' ਦੇ ਪਾਰਦਰਸ਼ੀ ਢੰਗ ਨਾਲ ਦਿੱਤੀਆਂ ਗਈਆਂ ਹਨ।

ਉਨ੍ਹਾਂ ਪੰਜਾਬ ਸਰਕਾਰ 'ਤੇ ਉਨ੍ਹਾਂ ਦੇ ਪ੍ਰੋਗਰਾਮਾਂ ਵਿੱਚ ਰੁਕਾਵਟ ਪਾਉਣ ਦੇ ਦੋਸ਼ ਵੀ ਲਾਏ ਅਤੇ ਕਿਹਾ ਕਿ 'ਆਪ' ਅਤੇ 'ਕਾਂਗਰਸ' ਦੋਵੇਂ ਹੀ ਭ੍ਰਿਸ਼ਟਾਚਾਰ ਅਤੇ ਨਸ਼ਿਆਂ ਨੂੰ ਹੱਲਾਸ਼ੇਰੀ ਦੇਣ ਵਾਲੀਆਂ ਪਾਰਟੀਆਂ ਹਨ। ਮੁੱਖ ਮੰਤਰੀ ਨੇ ਕਿਹਾ ਕਿ ਜਿੱਥੇ ਹਰਿਆਣਾ ਸਰਕਾਰ ਨਸ਼ਾ ਤਸਕਰਾਂ ਦੀਆਂ ਜਾਇਦਾਦਾਂ 'ਤੇ ਬੁਲਡੋਜ਼ਰ ਚਲਾ ਰਹੀ ਹੈ, ਉੱਥੇ ਹੀ ਪੰਜਾਬ ਸਰਕਾਰ ਸਿਰਫ਼ ਦਾਅਵਿਆਂ ਤੱਕ ਸੀਮਤ ਹੈ।

ਉਨ੍ਹਾਂ ਪੰਜਾਬ ਦੇ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰਹਿਣ ਦੀ ਅਪੀਲ ਕਰਦਿਆਂ ਕਿਹਾ ਕਿ ਸਿਰਫ਼ ਭਾਜਪਾ ਹੀ ਪੰਜਾਬ ਨੂੰ ਖੁਸ਼ਹਾਲੀ ਦੇ ਰਾਹ 'ਤੇ ਲਿਜਾ ਸਕਦੀ ਹੈ।

# ਸਰਕਾਰੀ ਸਕੂਲਾਂ ਦੇ 305 ਵਿਦਿਆਰਥੀ ਨੇ ਪਾਸ ਕੀਤਾ ਜੇ.ਈ.ਈ. ਮੇਨਜ਼ : ਹਰਜੋਤ ਸਿੰਘ ਬੈਂਸ

**ਚੰਡੀਗੜ੍ਹ, 22 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**



ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨੇ ਅੱਜ ਪੰਜਾਬ ਭਵਨ ਵਿਖੇ ਹੋਈ ਪ੍ਰੈਸ ਕਾਨਫਰੰਸ ਦੌਰਾਨ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਵੱਲੋਂ ਵਿੱਦਿਆ ਦੇ ਖੇਤਰ ਵਿੱਚ ਕੀਤੇ ਜਾ ਰਹੇ ਨਿਰੰਤਰ ਸੁਧਾਰਾਂ ਸਦਕਾ ਸੂਬੇ ਦੇ ਸਰਕਾਰੀ ਸਕੂਲਾਂ ਦੇ 305 ਵਿਦਿਆਰਥੀਆਂ ਨੇ ਪਹਿਲੀ ਕੋਸ਼ਿਸ਼ ਵਿੱਚ ਹੀ ਜੁਆਇੰਟ ਐਂਟਰੈਂਸ ਪ੍ਰੀਖਿਆ (ਜੇ.ਈ.ਈ.) ਮੇਨਜ਼- 2026 ਪਾਸ ਕਰਨ ਵਿੱਚ ਕਾਮਯਾਬੀ ਹਾਸਲ ਕੀਤੀ ਹੈ, ਜੋ ਕਿ ਪਿਛਲੇ ਸਾਲ ਦੇ 187 ਸਫਲ ਉਮੀਦਵਾਰਾਂ ਨਾਲੋਂ 63 ਫੀਸਦੀ ਦੇ ਸ਼ਾਨਦਾਰ ਵਾਧੇ ਨੂੰ ਦਰਸਾਉਂਦੀ ਹੈ। ਉਨ੍ਹਾਂ ਨੇ ਇਸ ਪ੍ਰਾਪਤੀ ਨੂੰ ਸੂਬੇ ਦੀ ਸਕੂਲ ਸਿੱਖਿਆ ਪ੍ਰਣਾਲੀ ਲਈ ਇੱਕ ਅਹਿਮ ਤੇ ਇਤਿਹਾਸਕ ਪਲ ਦੱਸਿਆ।

ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨੇ ਦੱਸਿਆ ਕਿ ਉਨ੍ਹਾਂ ਦੇ ਹਲਕੇ ਸ੍ਰੀ ਆਨੰਦਪੁਰ ਸਾਹਿਬ ਦੇ ਪੰਜ ਵਿਦਿਆਰਥੀਆਂ ਨੇ ਵੀ ਇਹ ਵੱਕਾਰੀ ਪ੍ਰੀਖਿਆ ਪਾਸ ਕੀਤੀ ਹੈ। ਉਨ੍ਹਾਂ ਐਲਾਨ ਕੀਤਾ ਕਿ ਸਰਕਾਰ ਯੋਗ ਵਿਦਿਆਰਥੀਆਂ ਨੂੰ ਜੇ.ਈ.ਈ. ਐਡਵਾਂਸ ਦੀ ਤਿਆਰੀ ਲਈ ਤਿੰਨ ਹਫ਼ਤਿਆਂ ਦਾ ਵਿਸ਼ੇਸ਼ ਰਿਹਾਇਸ਼ੀ ਸਿਖਲਾਈ ਕੈਂਪ ਲਾਵੇਗੀ ਤਾਂ ਜੋ ਅਗਲੇ ਪੜਾਅ ਲਈ ਉਨ੍ਹਾਂ ਦਾ ਸਹੀ ਮਾਰਗਦਰਸ਼ਨ ਯਕੀਨੀ ਬਣਾਇਆ ਜਾ ਸਕੇ। ਸ. ਬੈਂਸ ਨੇ ਕਿਹਾ, ਇਹ ਪ੍ਰਾਪਤੀ ਸਾਡੇ ਪੂਰੇ ਸਕੂਲ ਸਿੱਖਿਆ ਵਿਭਾਗ ਲਈ ਬਹੁਤ ਮਾਣ ਵਾਲੀ ਗੱਲ ਹੈ। ਮੈਂ ਆਪਣੇ ਸਾਰੇ ਸਮਰਪਿਤ ਅਧਿਆਪਕਾਂ ਦਾ ਦਿਲੋਂ ਧੰਨਵਾਦ ਕਰਦਾ ਹਾਂ। ਹਾਲ ਹੀ ਵਿੱਚ ਆਏ ਜੇ.ਈ.ਈ. ਮੇਨਜ਼ ਫੇਜ਼ 1 ਦੇ ਨਤੀਜਿਆਂ ਨੇ ਪੰਜਾਬ ਦੇ ਸਰਕਾਰੀ ਸਕੂਲਾਂ ਦੇ ਸ਼ਾਨਦਾਰ ਪ੍ਰਦਰਸ਼ਨ ਦੀ ਤਸਵੀਰ ਪੇਸ਼ ਕੀਤੀ ਹੈ , ਜਿਸ ਵਿੱਚ 305 ਵਿਦਿਆਰਥੀਆਂ ਨੇ ਪ੍ਰਤੀਯੋਗੀ ਇੰਜੀਨੀਅਰਿੰਗ ਪ੍ਰੀਖਿਆ ਪਾਸ ਕੀਤੀ ਹੈ। ਇਹ ਪ੍ਰਾਪਤੀ ਪਿਛਲੇ ਸਾਲ ਦੇ 187 ਸਫ਼ਲ ਉਮੀਦਵਾਰਾਂ ਨਾਲੋਂ 63 ਫੀਸਦ ਦਾ ਸ਼ਾਨਦਾਰ ਵਾਧਾ ਦਰਸਾਉਂਦੀ ਹੈ। ਉਨ੍ਹਾਂ ਕਿਹਾ ਕਿ ਸਿਰਫ਼ ਇੱਕ ਸਾਲ ਵਿੱਚ ਹੀ ਇੰਨਾ ਵੱਡਾ ਮੀਲ ਪੱਥਰ ਸਥਾਪਤ ਕਰਨਾ ਸਾਡੀ ਪੰਜਾਬ ਸਿੱਖਿਆ ਕ੍ਰਾਂਤੀ ਪਹਿਲਕਦਮੀ ਦੀ ਪਰਿਵਰਤਨਸ਼ੀਲ ਸ਼ਕਤੀ ਦਾ ਪ੍ਰਤੱਖ ਪ੍ਰਮਾਣ ਹੈ। ਅਸੀਂ ਆਪਣੀ ਤਰੱਕੀ ਨੂੰ ਹੋਰ ਤੇਜ਼ ਕਰਨ ਲਈ ਵਚਨਬੱਧ ਹਾਂ।"

ਇਨ੍ਹਾਂ ਵਿਦਿਆਰਥੀਆਂ ਦੀ ਸਫਲਤਾ ਦੀਆਂ ਕਹਾਣੀਆਂ ਸਾਂਝੀਆਂ ਕਰਦਿਆਂ ਸਿੱਖਿਆ ਮੰਤਰੀ ਨੇ ਕਿਹਾ ਕਿ ਭਵਿੱਸ਼ਯਾ, ਜੋ ਸਕੂਲ ਆਫ਼ ਐਮੀਨੈਂਸ, ਟਾਊਨ ਹਾਲ, ਅੰਮ੍ਰਿਤਸਰ , 12ਵੀਂ ਜਮਾਤ ਨਾਨ-ਮੈਡੀਕਲ ਦਾ ਵਿਦਿਆਰਥੀ ਹੈ, ਨੇ 98.182 ਫੀਸਦੀ ਅੰਕ ਪ੍ਰਾਪਤ ਕੀਤੇ, ਭਾਵੇਂ ਕਿ ਉਹ ਸਿਰਫ਼ 1.5 ਲੱਖ ਦੀ ਸਾਲਾਨਾ ਆਮਦਨ ਵਾਲੇ ਗਰੀਬ ਪਰਿਵਾਰ ਤੋਂ ਆਉਂਦਾ ਹੈ। ਉਸਦੇ ਪਿਤਾ ਮੋਬਾਈਲ ਮੁਰੰਮਤ ਦੀ ਦੁਕਾਨ ਚਲਾਉਂਦੇ ਹਨ ਅਤੇ ਉਸਦੀ ਮਾਂ ਕੱਪੜੇ ਸਿਉਂਦੀ ਹੈ । ਮੰਤਰੀ ਨੇ ਦੱਸਿਆ ਕਿ ਵਿੱਤੀ ਰੁਕਾਵਟਾਂ ਦੇ ਬਾਵਜੂਦ, ਇੰਜੀਨੀਅਰਿੰਗ ਕਰਨ ਅਤੇ ਆਪਣੇ ਪਰਿਵਾਰ ਦੇ ਵਿੱਤੀ ਪੱਧਰ ਨੂੰ ਉੱਚਾ ਚੁੱਕਣ ਦਾ ਉਸਦਾ ਇਰਾਦਾ ਅਡੋਲ ਤੇ ਅਡਿੱਗ ਰਿਹਾ। ਸਕੂਲ ਦੇ ਪੂਰਨ ਸਮਰਥਨ ਅਤੇ ਅਨੁਸ਼ਾਸਿਤ ਤਿਆਰੀ ਸਦਕਾ ਉਸਨੇ ਸ਼ਾਨਦਾਰ ਸਫਲਤਾ ਪ੍ਰਾਪਤ ਕੀਤੀ।

ਸਿੱਖਿਆ ਮੰਤਰੀ ਨੇ ਅੱਗੇ ਦੱਸਿਆ ਕਿ ਬਠਿੰਡਾ ਦੇ ਸਰਕਾਰੀ ਸਕੂਲ ਦੇ ਵਿਦਿਆਰਥੀ ਦਿਲਖੁਸ਼ ਝਾਅ ਨੇ ਜੇਈਈ ਮੇਨਜ਼ ਵਿੱਚ 95.091 ਪ੍ਰਤੀਸ਼ਤ ਅੰਕ ਪ੍ਰਾਪਤ ਕੀਤੇ। ਇੱਕ ਮਜ਼ਦੂਰ ਪਿਤਾ ਅਤੇ ਘਰੇਲੂ ਮਾਂ ਅਤੇ ਸਿਰਫ਼ 1.2 ਲੱਖ ਦੀ ਸਾਲਾਨਾ ਪਰਿਵਾਰਕ ਆਮਦਨ ਵਾਲੇ ਇਸ ਮਿਹਨਤੀ ਵਿਦਿਆਰਥੀ ਨੇ ਸਵੈ-ਅਧਿਐਨ ਅਤੇ ਪੇਸ ਕਲਾਸਾਂ ਰਾਹੀਂ ਇਹ ਸਫ਼ਲਤਾ ਹਾਸਲ ਕੀਤੀ।

# ਗੁਰਦੁਆਰਾ ਸ੍ਰੀ ਰਕਾਬ ਗੰਜ ਸਾਹਿਬ ਵਿਖੇ ਲਿਫ਼ਟ ਸੇਵਾ ਦਾ ਸ਼ੁਭ ਆਰੰਭ



**ਨਵੀਂ ਦਿੱਲੀ, 22 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਮੀਤ ਸਿੰਘ ਕਾਲਕਾ ਪ੍ਰਧਾਨ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਸੰਗਤਾਂ ਦੀ ਸਹੂਲਤ ਨੂੰ ਧਿਆਨ ਵਿੱਚ ਰੱਖਦਿਆਂ ਗੁਰਦੁਆਰਾ ਰਕਾਬ ਗੰਜ ਸਾਹਿਬ ਵਿਖੇ ਆਧੁਨਿਕ ਲਿਫ਼ਟ ਸੇਵਾ ਦਾ ਅਰਦਾਸ ਕਰਕੇ ਸ਼ੁਭ ਆਰੰਭ ਕੀਤਾ ਗਿਆ। ਇਹ ਪਵਿੱਤਰ ਸੇਵਾ ਸਤਿਕਾਰਯੋਗ ਮਹਾਂਪੁਰਖ ਬਾਬਾ ਬਚਨ ਸਿੰਘ ਜੀ ਅਤੇ ਬਾਬਾ ਮਹਿੰਦਰ ਸਿੰਘ ਜੀ ਕਾਰ ਸੇਵਾ ਵਾਲਿਆਂ ਦੇ ਸਹਿਯੋਗ ਨਾਲ ਪੂਰੀ ਹੋਈ ਹੈ।

ਪ੍ਰਧਾਨ ਕਾਲਕਾ ਨੇ ਕਿਹਾ ਕਿ ਗੁਰੂ ਘਰ ਵਿੱਚ ਆਉਣ ਵਾਲੀਆਂ ਵੱਡੀ ਉਮਰ ਦੀਆਂ ਮਾਤਾਵਾਂ-ਭੈਣਾਂ, ਬਜ਼ੁਰਗ ਸੰਗਤ ਵਾਲੇ ਸ਼ਰਧਾਲੂਆਂ ਦੀ ਸਹੂਲਤ ਲਈ ਇਹ ਇੱਕ ਮਹੱਤਵਪੂਰਨ ਉਪਰਾਲਾ ਹੈ। ਉਨ੍ਹਾਂ ਨੇ ਦੱਸਿਆ ਕਿ ਮਹਾਂਪੁਰਖਾਂ ਵੱਲੋਂ ਅਰਦਾਸ ਉਪਰੰਤ ਲਿਫ਼ਟ ਸੇਵਾ ਨੂੰ ਸੰਗਤਾਂ ਦੀ ਸੇਵਾ ਵਿੱਚ ਸਮਰਪਿਤ ਕੀਤਾ ਗਿਆ, ਜੋ ਕਿ ਗੁਰੂ ਘਰ ਦੀ ਨਿਸ਼ਕਾਮ ਸੇਵਾ ਦੀ ਪ੍ਰੰਪਰਾ ਨੂੰ ਹੋਰ ਮਜ਼ਬੂਤ ਕਰਦਾ ਹੈ।

ਇਸ ਪਵਿੱਤਰ ਮੌਕੇ 'ਤੇ ਕਮੇਟੀ ਦੇ ਮੈਂਬਰ ਸਾਹਿਬਾਨਾਂ ਸਮੇਤ ਵੱਡੀ ਗਿਣਤੀ ਵਿੱਚ ਸੰਗਤਾਂ ਨੇ ਹਾਜ਼ਰੀ ਭਰੀ ਅਤੇ ਗੁਰੂ ਘਰ ਦੀ ਇਸ ਨਵੀਂ ਸੇਵਾ ਲਈ ਆਪਣੀ ਖੁਸ਼ੀ ਅਤੇ ਸੰਤੁਸ਼ਟੀ ਪ੍ਰਗਟ ਕੀਤੀ।

ਪ੍ਰਧਾਨ ਕਾਲਕਾ ਨੇ ਸਮੂਹ ਸੰਗਤਾਂ, ਸੇਵਾਦਾਰਾਂ ਅਤੇ ਪ੍ਰੇਮੀਆਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਹਮੇਸ਼ਾਂ ਗੁਰੂ ਘਰਾਂ ਵਿੱਚ ਆਉਣ ਵਾਲੀ ਸੰਗਤ ਦੀ ਆਸਾਨੀ, ਆਰਾਮ ਅਤੇ ਆਦਰ ਨੂੰ ਹਮੇਸ਼ਾ ਵਿਸ਼ੇਸ਼ ਮਹੱਤਵ ਦਿੰਦੀ ਰਹੇਗੀ। ਉਨ੍ਹਾਂ ਨੇ ਕਿਹਾ ਕਿ ਇਸ ਤਰ੍ਹਾਂ ਦੇ ਉਪਰਾਲੇ ਸਿੱਖ ਪੰਥ ਦੀ ਸੇਵਾ-ਭਾਵਨਾ ਅਤੇ ਚੜ੍ਹਦੀ ਕਲਾ ਦੇ ਜੀਵੰਤ ਪ੍ਰਤੀਕ ਹਨ।

ਗੁਰੂ ਘਰ ਦੀ ਇਹ ਨਵੀਂ ਸਹੂਲਤ ਨਿਸ਼ਚਿਤ ਤੌਰ 'ਤੇ ਸੰਗਤਾਂ ਲਈ ਆਤਮਿਕ ਅਨੁਭਵ ਨੂੰ ਹੋਰ ਅਸਾਨ ਅਤੇ ਸੁਖਦਾਈ ਬਣਾਏਗੀ।

# ਸੁਖਪਾਲ ਖਹਿਰਾ ਵੱਲੋਂ 750 ਕਰੋੜ ਦੇ ਵਿੱਤੀ ਘੁਟਾਲੇ ਸਬੰਧੀ ਜਾਂਚ ਦੀ ਮੰਗ



**ਫਗਵਾੜਾ, 22 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਸੀਨੀਅਰ ਵਿਧਾਇਕ ਸੁਖਪਾਲ ਸਿੰਘ ਖਹਿਰਾ ਨੇ ਕੇਂਦਰੀ ਪੇਂਡੂ ਵਿਕਾਸ ਅਤੇ ਪੰਚਾਇਤੀ ਰਾਜ ਮੰਤਰੀ ਸ਼ਿਵਰਾਜ ਸਿੰਘ ਚੌਹਾਨ ਨੂੰ ਰਸਮੀ ਤੌਰ @ਤੇ ਪੱਤਰ ਲਿਖ ਕੇ ਪੰਜਾਬ ਵਿੱਚ ਪੇਂਡੂ ਸਥਾਨਕ ਇਕਾਈਆਂ ਲਈ 15ਵੇਂ ਵਿੱਤ ਕਮਿਸ਼ਨ ਦੇ ਤਹਿਤ ਜਾਰੀ ਕੀਤੇ ਗਏ ਲਗਪਗ 750 ਕਰੋੜ ਰੁਪਏ ਦੇ ਫੰਡਾਂ ਦੀ ਕਥਿਤ ਦੁਰਵਰਤੋਂ ਦੀ ਤੁਰੰਤ ਜਾਂਚ ਦੀ ਮੰਗ ਕੀਤੀ ਹੈ। ਨਵੀਂ ਦਿੱਲੀ ਵਿੱਚ ਕੇਂਦਰੀ ਮੰਤਰੀ ਨੂੰ ਭੇਜੇ ਆਪਣੇ ਪੱਤਰ ਵਿੱਚ ਖਹਿਰਾ ਨੇ ਉਨ੍ਹਾਂ ਭਰੋਸੇਯੋਗ ਸੂਚਨਾਵਾਂ @ਤੇ ਡੂੰਘੀ ਚਿੰਤਾ ਪ੍ਰਗਟਾਈ ਹੈ, ਜਿਨ੍ਹਾਂ ਅਨੁਸਾਰ ਸੰਵਿਧਾਨਕ ਤੌਰ @ਤੇ ਲਾਜ਼ਮੀ ਗ੍ਰਾਂਟਾਂ ਦਾ ਇੱਕ ਵੱਡਾ ਹਿੱਸਾ ਸਿੱਧੇ ਤੌਰ @ਤੇ ਪੰਚਾਇਤੀ ਰਾਜ ਸੰਸਥਾਵਾਂ ਨੂੰ ਤਬਦੀਲ ਨਹੀਂ ਕੀਤਾ ਗਿਆ, ਜਿਵੇਂ ਕਿ ਨਿਯਮਾਂ ਅਨੁਸਾਰ ਜ਼ਰੂਰੀ ਸੀ।

ਉਨ੍ਹਾਂ ਦੋਸ਼ ਲਾਇਆ ਕਿ ਇਸ ਦੀ ਬਜਾਏ, ਰਿਪੋਰਟਾਂ ਅਨੁਸਾਰ ਇਨ੍ਹਾਂ ਫੰਡਾਂ ਦੀ ਵਰਤੋਂ ਵਿਭਾਗੀ ਦੇਣਦਾਰੀਆਂ ਨੂੰ ਪੂਰਾ ਕਰਨ ਲਈ ਕੀਤੀ ਗਈ, ਜਿਸ ਵਿੱਚ ਜਲ ਸਪਲਾਈ ਅਤੇ ਸਬੰਧਤ ਸੇਵਾਵਾਂ ਨਾਲ ਜੁੜੇ ਸੰਚਾਲਨ ਖਰਚੇ ਸ਼ਾਮਲ ਹਨ, ਜੋ ਕਿ ਨਿਰਧਾਰਤ ਵਿੱਤੀ ਨਿਯਮਾਂ ਦੀ ਪਾਲਣਾ @ਤੇ ਸਵਾਲ ਖੜ੍ਹੇ ਕਰਦੇ ਹਨ।

15ਵੇਂ ਵਿੱਤ ਕਮਿਸ਼ਨ ਦੀਆਂ ਗ੍ਰਾਂਟਾਂ ਦਾ ਉਦੇਸ਼ ਸਥਾਨਕ ਵਿਕਾਸ ਕਾਰਜਾਂ ਲਈ ਸਿੱਧੇ ਵਿੱਤੀ ਤਬਾਦਲੇ ਰਾਹੀਂ ਗ੍ਰਾਮ ਪੰਚਾਇਤਾਂ, ਪੰਚਾਇਤ ਸੰਮਤੀਆਂ ਅਤੇ ਜ਼ਿਲ੍ਹਾ ਪਰਿਸ਼ਦਾਂ ਨੂੰ ਮਜ਼ਬੂਤ ਕਰਕੇ ਜ਼ਮੀਨੀ ਪੱਧਰ @ਤੇ ਲੋਕਤੰਤਰ ਨੂੰ ਸ਼ਕਤੀ ਪ੍ਰਦਾਨ ਕਰਨਾ ਸੀ। ਇਹ ਫੰਡ ਜ਼ਰੂਰੀ ਨਾਗਰਿਕ ਬੁਨਿਆਦੀ ਢਾਂਚੇ ਵਿੱਚ ਸੁਧਾਰ ਕਰਨ ਅਤੇ ਪੇਂਡੂ ਸ਼ਾਸਨ ਵਿੱਚ ਪਾਰਦਰਸ਼ਤਾ ਯਕੀਨੀ ਬਣਾਉਣ ਲਈ ਤਿਆਰ ਕੀਤੇ ਗਏ ਹਨ। ਖਹਿਰਾ ਨੇ ਚਿਤਾਵਨੀ ਦਿੱਤੀ ਕਿ ਸਥਾਪਤ ਢਾਂਚੇ ਤੋਂ ਕੋਈ ਵੀ ਭਟਕਣਾ ਨਾ ਸਿਰਫ਼ ਸੰਵਿਧਾਨਕ ਵਿਕੇਂਦਰੀਕਰਨ ਦੀ ਭਾਵਨਾ ਨੂੰ ਕਮਜ਼ੋਰ ਕਰੇਗੀ, ਸਗੋਂ ਪੇਂਡੂ ਸਥਾਨਕ ਇਕਾਈਆਂ ਨੂੰ ਵਿਕਾਸ ਲਈ ਮਹੱਤਵਪੂਰਨ ਸਰੋਤਾਂ ਤੋਂ ਵੀ ਵਾਂਝਾ ਕਰ ਦੇਵੇਗੀ।

# ਬੀਬੀਐਮਬੀ ਫਾਇਰ ਟੀਮ ਦੇ ਜਾਬਾਂਜ਼ਾਂ ਨੇ ਨਹਿਰ ਵਿੱਚ ਡੁੱਬਦੇ ਨੌਜਵਾਨ ਦੀ ਜਾਨ ਬਚਾਈ



**ਤਲਵਾੜਾ, 22 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਭਾਖੜਾ ਬਿਆਸ ਪ੍ਰਬੰਧ ਬੋਰਡ (ਬੀਬੀਐਮਬੀ) ਦੇ ਫਾਇਰ ਸਟੇਸ਼ਨ ਦੀ ਟੀਮ ਨੇ ਸ਼ੁੱਕਰਵਾਰ ਨੂੰ ਆਪਣੀ ਜਾਬਾਂਜ਼ੀ ਅਤੇ ਤਕਨੀਕੀ ਸੂਝਬੂਝ ਦਾ ਸਬੂਤ ਦਿੰਦਿਆਂ ਇੱਕ ਡੁੱਬਦੇ ਨੌਜਵਾਨ ਨੂੰ ਸੁਰੱਖਿਅਤ ਬਚਾ ਲਿਆ। ਸ਼ਾਹ ਨਹਿਰ ਦੇ ਤੇਜ਼ ਵਹਾਅ ਵਿੱਚ ਕਰੀਬ ਇੱਕ ਕਿਲੋਮੀਟਰ ਤੱਕ ਵਹਿ ਚੁੱਕੇ ਇਸ ਵਿਅਕਤੀ ਦੀ ਜਾਨ ਬਚਾਉਣ ਵਿੱਚ ਫਾਇਰ ਟੀਮ ਦੇ ਕਰਮਚਾਰੀਆਂ ਨੇ ਫਰਿਸ਼ਤਿਆਂ ਵਾਂਗ ਭੂਮਿਕਾ ਨਿਭਾਈ।

**ਚੀਖ ਸੁਣਕੇ ਰਾਹਗੀਰ ਨੇ ਦਿੱਤੀ ਸੂਚਨਾ**

ਪ੍ਰਾਪਤ ਜਾਣਕਾਰੀ ਅਨੁਸਾਰ ਨੇੜਲੇ ਪਿੰਡ ਵਿੱਚ ਮੈਡੀਕਲ ਸਟੋਰ ਚਲਾਉਂਦਾ ਇੱਕ ਵਿਅਕਤੀ ਅਚਾਨਕ ਅਣਨਿਯੰਤਰਿਤ ਹੋ ਕੇ ਨਹਿਰ ਵਿੱਚ ਡਿੱਗ ਗਿਆ। ਪਾਣੀ ਦਾ ਵਹਾਅ ਬਹੁਤ ਤੇਜ਼ ਹੋਣ ਕਰਕੇ ਉਹ ਕੁਝ ਹੀ ਪਲਾਂ ਵਿੱਚ ਕਾਫ਼ੀ ਦੂਰ ਤੱਕ ਵਹਿ ਗਿਆ। ਡੁੱਬਦੇ ਵਿਅਕਤੀ ਦੀਆਂ ਚੀਖਾਂ ਸੁਣਕੇ ਇੱਕ ਰਾਹਗੀਰ ਨੇ ਤੁਰੰਤ ਸੂਝਬੂਝ ਦਿਖਾਉਂਦੇ ਹੋਏ ਬੀਬੀਐਮਬੀ ਫਾਇਰ ਸਟੇਸ਼ਨ ਨੂੰ ਫੋਨ ਰਾਹੀਂ ਸੂਚਿਤ ਕੀਤਾ। ਸੂਚਨਾ ਮਿਲਦਿਆਂ ਹੀ ਫਾਇਰ ਡਰਾਈਵਰ ਅਰੁਣਦੀਪ ਸਿੰਘ ਨੇ ਆਪਣੀ ਡਰਾਈਵਿੰਗ ਕਾਬਲੀਅਤ ਦਾ ਪ੍ਰਦਰਸ਼ਨ ਕਰਦਿਆਂ ਟੀਮ ਨੂੰ ਚੰਦ ਮਿੰਟਾਂ ਵਿੱਚ ਮੌਕੇ 'ਤੇ ਪਹੁੰਚਾ ਦਿੱਤਾ। ਉਸ ਸਮੇਂ ਤੱਕ ਵਿਅਕਤੀ ਬਹੁਤ ਥੱਕ ਚੁੱਕਾ ਸੀ ਅਤੇ ਉਸਦੀ ਹਿੰਮਤ ਜਵਾਬ ਦੇ ਰਹੀ ਸੀ। ਇਸ ਨਾਜ਼ੁਕ ਘੜੀ ਵਿੱਚ ਟੀਮ ਨੇ ਗਜ਼ਬ ਦੀ ਬੁੱਧਿਮਾਨੀ ਦਿਖਾਈ।

ਲੀਡਿੰਗ ਫਾਇਰਮੈਨ ਦਰਸ਼ਨ ਕੁਮਾਰ ਦੀ ਅਗਵਾਈ ਹੇਠ ਫਾਇਰਮੈਨ ਧੰਨਾ ਸਿੰਘ, ਫਾਇਰਮੈਨ ਜੈਵੀਰ ਅਤੇ ਡਰਾਈਵਰ ਅਰੁਣਦੀਪ ਸਿੰਘ ਨੇ ਨਹਿਰ ਦੇ ਦੋਨੋਂ ਕੰਢਿਆਂ ਦਰਮਿਆਨ ਰੱਸੀ ਦਾ ਵਿਸ਼ੇਸ਼ ਜ਼ਿਗ-ਜ਼ੈਗ ਜਾਲ ਤਿਆਰ ਕੀਤਾ। ਜਿਵੇਂ ਹੀ ਡੁੱਬਦਾ ਵਿਅਕਤੀ ਇਸ ਰੱਸੀ ਦੇ ਸੰਪਰਕ ਵਿੱਚ ਆਇਆ, ਉਸਨੇ ਇਸਨੂੰ ਮਜ਼ਬੂਤੀ ਨਾਲ ਫੜ ਲਿਆ।

**ਸਟੀਕ ਟੀਮ ਵਰਕ ਨਾਲ ਮਿਲੀ ਕਾਮਯਾਬੀ**

ਲੀਡਿੰਗ ਫਾਇਰਮੈਨ ਦਰਸ਼ਨ ਕੁਮਾਰ ਦੀ ਯੋਗ ਅਗਵਾਈ ਹੇਠ ਪੂਰੀ ਟੀਮ ਨੇ ਪੂਰੇ ਤਾਲਮੇਲ ਨਾਲ ਰੱਸੀ ਖਿੱਚ ਕੇ ਵਿਅਕਤੀ ਨੂੰ ਸੁਰੱਖਿਅਤ ਬਾਹਰ ਕੱਢ ਲਿਆ। ਤੁਰੰਤ ਉਸਨੂੰ ਬੀਬੀਐਮਬੀ ਹਸਪਤਾਲ ਲਿਜਾਇਆ ਗਿਆ, ਜਿੱਥੇ ਡਾਕਟਰਾਂ ਨੇ ਉਸਦੀ ਹਾਲਤ ਨੂੰ ਖਤਰੇ ਤੋਂ ਬਾਹਰ ਦੱਸਿਆ ਹੈ।

ਇਸ ਮੌਕੇ ਲੀਡਿੰਗ ਫਾਇਰਮੈਨ ਦਰਸ਼ਨ ਕੁਮਾਰ ਨੇ ਕਿਹਾ, ਜਿਵੇਂ ਹੀ ਸਾਨੂੰ ਕਾਲ ਮਿਲੀ, ਸਾਡਾ ਇਕੱਲਾ ਉਦੇਸ਼ ਸਮੇਂ ਸਿਰ ਮੌਕੇ 'ਤੇ ਪਹੁੰਚਣਾ ਸੀ। ਪਾਣੀ ਦਾ ਵਹਾਅ ਤੇਜ਼ ਸੀ ਅਤੇ ਵਿਅਕਤੀ ਹਿੰਮਤ ਹਾਰ ਚੁੱਕਾ ਸੀ, ਪਰ ਸਾਡੀ ਟੀਮ ਦੇ ਸਾਂਝੇ ਯਤਨਾਂ ਅਤੇ ਸਹੀ ਤਕਨੀਕ ਨੇ ਇੱਕ ਪਰਿਵਾਰ ਦਾ ਚਿਰਾਗ ਬੁੱਝਣ ਤੋਂ ਬਚਾ ਲਿਆ। ਬੀਬੀਐਮਬੀ ਦੀ ਫਾਇਰ ਟੀਮ ਦੀ ਇਸ ਸਲਾਘਾ ਯੋਗ ਕਾਰਵਾਈ ਦੀ ਇਲਾਕੇ ਵਿੱਚ ਖੂਬ ਪ੍ਰਸ਼ੰਸਾ ਹੋ ਰਹੀ ਹੈ।

# ਫਰੀਦਕੋਟ ਪੁਲਿਸ ਵੱਲੋਂ ਵੱਡੇ ਅੰਤਰ-ਜਿਲ੍ਹਾ ਸ਼ਾਤਿਰ ਚੋਰ ਗਿਰੋਹ ਦਾ ਕੀਤਾ ਪਰਦਾਫਾਸ਼, ਗਿਰੋਹ ਵਿੱਚ ਸ਼ਾਮਿਲ 03 ਮਹਿਲਾਵਾ ਸਮੇਤ ਕੁੱਲ 06 ਦੋਸ਼ੀ ਕੀਤੇ ਕਾਬੂ

**ਜੈਤੋਂ,22 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**



ਸ਼੍ਰੀ ਗੌਰਵ ਯਾਦਵ ਡੀ.ਜੀ.ਪੀ ਪੰਜਾਬ ਜੀ ਦੇ ਨਿਰਦੇਸ਼ਾ ਤਹਿਤ ਮਾੜੇ ਅਨਸਰਾ ਖਿਲਾਫ ਜੀਰੋ ਟਾਲਰੈਸ ਨੀਤੀ ਤਹਿਤ ਕਾਰਵਾਈ ਕਰਦੇ ਹੋਏ ਫਰੀਦਕੋਟ ਪੁਲਿਸ ਵੱਲੋਂ ਸ਼੍ਰੀਮਤੀ ਨਿਲਾਬਰੀ ਜਗਦਲੇ ਆਈ.ਜੀ ਫਰੀਦੋਕਟ ਰੇਜ ਜੀ ਦੀ ਰਹਿਨੁਮਾਈ ਹੇਠ ਇੱਕ ਵੱਡੀ ਕਾਮਯਾਬੀ ਹਾਸਿਲ ਕਰਦਿਆ ਚੋਰੀ ਦੀਆ ਵਾਰਦਾਤਾ ਨੂੰ ਅੰਜਾਮ ਦੇਣ ਵਾਲੇ ਇੱਕ ਵੱਡੇ ਅੰਤਰ-ਜਿਲ੍ਹਾ ਸ਼ਾਤਿਰ ਚੋਰ ਗਿਰੋਹ ਦਾ ਪਰਦਾਫਾਸ਼ ਕੀਤਾ ਹੈ ਅਤੇ ਉਹਨਾ ਦੇ ਕਬਜੇ ਵਿੱਚੋ ਚੋਰੀ ਕੀਤੀ ਨਕਦੀ ਅਤੇ ਅਸਲਾ ਵੀ ਬਰਾਮਦ ਕੀਤਾ ਗਿਆ ਹੈ। ਇਹ ਜਾਣਕਾਰੀ ਡਾ. ਪ੍ਰਗਿਆ ਜੈਨ ਐਸ.ਐਸ.ਪੀ ਫਰੀਦਕੋਟ ਵੱਲੋਂ ਸ਼ਨੀਵਾਰ ਨੂੰ ਪ੍ਰੈਸ ਕਾਨਫਰੰਸ ਦੌਰਾਨ ਦਿੱਤੀ।

ਗ੍ਰਿਫਤਾਰ ਕੀਤੇ ਦੋਸ਼ੀਆ ਦੀ ਪਹਿਚਾਣ ਮੰਗਲ ਸਿੰਘ ਉਰਫ ਅਕਾਸ਼ (ਵਾਸੀ ਫਿਰੋਜਪੁਰ), ਨਿਰਮਲਾ ਦੇਵੀ (ਵਾਸੀ ਫਿਰੋਜਪੁਰ), ਗੀਟਾ ਰਾਣੀ (ਵਾਸੀ ਫਾਜਿਲਕਾ), ਪੱਪੂ ਸਿੰਘ ਉਰਫ ਤੋਤੀ (ਵਾਸੀ ਫਾਜਿਲਕਾ), ਸੀਤਾ ਰਾਣੀ (ਜਿਲਾ ਫਿਰੋਜਪੁਰ) ਅਤੇ ਵੀਰ ਸਿੰਘ ਉਰਫ ਵੀਰੂ (ਵਾਸੀ ਫਿਰੋਜਪੁਰ) ਵਜੋ ਹੋਈ ਹੈ। ਪੁਲਿਸ ਪਾਰਟੀ ਵੱਲੋ ਦੋਸ਼ੀਆ ਪਾਸੋ ਚੋਰੀ ਕੀਤੇ 02 ਲੱਖ 20 ਹਜਾਰ ਰੁਪਏ ਅਤੇ ਚੋਰੀ ਕੀਤਾ .32 ਬੋਰ ਰਿਵਾਲਵਰ ਵੀ ਬਰਾਮਦ ਕੀਤਾ ਗਿਆ ਹੈ।

ਜਾਣਕਾਰੀ ਮੁਤਾਬਿਕ ਮਿਤੀ 07 ਫਰਵਰੀ ਨੂੰ ਜੈਤੋ ਵਿਖੇ ਮੌਜੂਦ ਤੇਲ ਦੀ ਫੈਕਟਰੀ ਵਿੱਚੋ 15 ਲੱਖ 50 ਹਜਾਰ ਰੁਪਏ ਨਕਦ ਅਤੇ ਇੱਕ ਰਿਵਾਲਵਰ .32 ਬੋਰ ਤੇ ਕੁੱਝ ਜਰੂਰੀ ਦਸਤਾਵੇਜ ਚੋਰੀ ਹੋਣ ਘਟਨਾ ਬਾਰੇ ਜਾਣਕਾਰੀ ਹਾਸਿਲ ਹੋਈ ਸੀ। ਜਿਸ ਸਬੰਧੀ ਥਾਣਾ ਜੈਤੋ ਵਿਖੇ ਮੁਕੱਦਮਾ ਨੰਬਰ 29 ਮਿਤੀ 07.02.2026 ਅ/ਧ 331(4), 305 ਬੀ.ਐਨ.ਐਸ ਦਰਜ ਰਜਿਸਟਰ ਕਰਕੇ ਕਾਰਵਾਈ ਸ਼ੁਰੂ ਕੀਤੀ ਗਈ।

ਜਿਸ ਦੌਰਾਨ ਸ਼੍ਰੀ ਜੋਗੇਸ਼ਵਰ ਸਿੰਘ ਗੋਰਾਇਆ ਐਸ.ਪੀ (ਇੰਨਵੈਸਟੀਗੇਸ਼ਨ) ਫਰੀਦਕੋਟ ਦੀ ਰਹਿਨੁਮਾਈ ਅਤੇ ਸ਼੍ਰੀ ਇਕਬਾਲ ਸਿੰਘ ਡੀ.ਐਸ.ਪੀ ਜੈਤੋ ਅਤੇ ਸ਼੍ਰੀ ਅਵਤਾਰ ਸਿੰਘ ਡੀ.ਐਸ.ਪੀ(ਇੰਨਵਸੈਟੀਗੇਸ਼ਨ) ਫਰੀਦਕੋਟ ਦੀ ਨਿਗਰਾਨੀ ਹੇਠ ਥਾਣਾ ਜੈਤੋ ਅਤੇ ਸੀ.ਆਈ.ਏ ਸਟਾਫ ਦੀਆ ਵਿਸ਼ੇਸ਼ ਟੀਮਾਂ ਦਾ ਗਠਨ ਕਰਕੇ ਦੋਸ਼ੀਆ ਦਾ ਭਾਲ ਸ਼ੁਰੂ ਕੀਤੀ ਗਈ।

ਜਿਸ ਦੌਰਾਨ ਟੈਕਨੀਕਲ ਇੰਨਪੁੱਟ ਅਤੇ ਹਿਊਮਨ ਇੰਟੈਲੀਜੈਸ ਦੇ ਅਧਾਰ ਤੇ ਕਾਰਵਾਈ ਕਰਦੇ ਹੋਏ ਇਸ ਵਿੱਚ ਸ਼ਾਮਿਲ ਮੰਗਲ ਸਿੰਘ ਉਰਫ ਅਕਾਸ਼ (ਵਾਸੀ ਫਿਰੋਜਪੁਰ), ਨਿਰਮਲਾ ਦੇਵੀ (ਵਾਸੀ ਫਿਰੋਜਪੁਰ), ਗੀਟਾ ਰਾਣੀ (ਵਾਸੀ ਫਾਜਿਲਕਾ) ਨੂੰ ਮਿਤੀ 20 ਫਰਵਰੀ ਨੂੰ ਗ੍ਰਿਫਤਾਰ ਕੀਤਾ ਗਿਆ।

ਜਿਸ ਉਪਰੰਤ ਇਸ ਵਿੱਚ ਸ਼ਾਮਿਲ 03 ਹੋਰ ਦੋਸ਼ੀਆ ਪੱਪੂ ਸਿੰਘ ਉਰਫ ਤੋਤੀ (ਵਾਸੀ ਫਾਜਿਲਕਾ), ਸੀਤਾ ਰਾਣੀ (ਜਿਲਾ ਫਿਰੋਜਪੁਰ) ਅਤੇ ਵੀਰ ਸਿੰਘ ਉਰਫ ਵੀਰੂ (ਵਾਸੀ ਫਿਰੋਜਪੁਰ) ਨੂੰ ਵੀ ਮਿਤੀ 21 ਫਰਵਰੀ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਇਸ ਦੌਰਾਨ ਦੋਸ਼ੀਆ ਪਾਸੋ ਜੈਤੋ ਦੀ ਫੈਕਟਰੀ ਵਿੱਚੋ ਚੋਰੀ ਕੀਤੇ 02 ਲੱਖ 20 ਹਜਾਰ ਰੁਪਏ ਅਤੇ ਚੋਰੀ ਕੀਤਾ .32 ਬੋਰ ਰਿਵਾਲਵਰ ਵੀ ਬਰਾਮਦ ਕੀਤਾ ਗਿਆ।

ਐਸ.ਐਸ.ਪੀ ਫਰੀਦਕੋਟ ਡਾ. ਪ੍ਰਗਿਆ ਜੈਨ ਨੇ ਦੱਸਿਆ ਕਿ ਸ਼ੁਰੂਆਤੀ ਜਾਚ ਦੌਰਾਨ ਇਹ ਸਾਹਮਣੇ ਆਇਆ ਹੈ ਕਿ ਇਹ ਇੱਕ ਸ਼ਾਤਿਰ ਚੋਰ ਗਿਰੋਹ ਸੀ, ਜੋ ਕਿ ਪੰਜਾਬ ਦੇ ਵੱਖ-ਵੱਖ ਜਿਲਿਆ ਅੰਦਰ ਚੋਰੀ ਦੀਆ ਵਾਰਦਾਤਾ ਨੂੰ ਅੰਜਾਮ ਦਿੰਦਾ ਸੀ, ਇਹ ਵਿੱਚ ਸ਼ਾਮਿਲ ਮਹਿਲਾਵਾ ਵੱਲੋ ਦਿਨ ਸਮੇ ਫੈਕਟਰੀਆ, ਦੁਕਾਨਾ ਅਤੇ ਘਰਾ ਦੀ ਜਾਸੂਸੀ ਕੀਤੀ ਜਾਦੀ ਸੀ, ਜਿਸ ਉਪਰੰਤ ਰਾਤ ਸਮੇ ਦੋਸ਼ੀਆ ਵੱਲ ਚੋਰੀ ਦੀ ਵਾਰਦਾਤ ਨੂੰ ਅੰਜਾਮ ਦਿੱਤਾ ਜਾਦਾ ਸੀ। ਉਹਨਾ ਦੱਸਿਆ ਕਿ ਇਸ ਮਾਮਲੇ ਦੀ ਰੋਚਿਕ ਗੱਲ ਇਹ ਸੀ ਕਿ ਇਸ ਗਿਰੋਹ ਇੰਨਾ ਸ਼ਾਤਿਰ ਸੀ ਕਿ ਇਹਨਾ ਵੱਲੋ ਤਫਤੀਸ਼ ਨੂੰ ਗੁੰਮਰਾਹ ਕਰਨ ਲਈ ਚੋਰੀ ਦੌਰਾਨ ਕੈਮਰਿਆ ਵਿੱਚ ਜਾਣ ਬੁੱਝ ਕੇ ਆਪਣੇ ਮੋਬਾਇਲ ਫੋਨਾ ਦੀ ਵਰਤੋ ਕਰਨ ਦਾ ਦਿਖਾਵਾ ਕੀਤਾ ਗਿਆ, ਜੋ ਕਿ ਅਸਲ ਵਿੱਚ ਏਅਰਪਲੇਨ ਮੋਡ ਪਰ ਰੱਖੇ ਹੋਏ ਸਨ। ਇਸਤੋ ਇਲਾਵਾ ਦੋਸ਼ੀਆ ਵੱਲੋ ਖੱਬੀ ਲੱਤ ਵਿੱਚ ਸਰੀਰਕ ਤੌਰ ਤੇ ਅਪਾਹਜ ਬਣ ਕੇ ਜਾਚ ਨੂੰ ਭਟਕਾਉਣ ਦੀ ਦੀ ਕੋਸ਼ਿਸ਼ ਕੀਤੀ ਗਈ।

# ਪਾਣੀ ਦੀ ਸੰਭਾਲ ਲਈ, ਨਿਰੰਕਾਰੀ ਮਿਸ਼ਨ ਦਾ ਮਜ਼ਬੂਤ ਕਦਮ: ਪ੍ਰੋਜੈਕਟ ਅਮ੍ਰਿਤ ਦਾ ਚੌਥਾ ਪੜਾਅ

**ਜੈਤੋਂ,22 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਜਦੋਂ ਸੇਵਾ ਸਾਧਨਾ ਬਣ ਜਾਂਦੀ ਹੈ ਅਤੇ ਪ੍ਰਕ੍ਰਿਤੀ ਦੇ ਪ੍ਰਤੀ ਸਵੰਦੇਨਾ ਜੀਵਨ ਦਾ ਮੂਲ ਮੰਤਰ ਹੋਵੇ ਤਾਂ ਪਵਿੱਤਰ ਸੰਕਲਪ ਜਨਮ ਲੈਂਦੇ ਹਨ। ਮਾਨਵ ਸੇਵਾ ਅਤੇ ਲੋਕ ਕਲਿਆਣ ਦੀ ਇਸ ਅਦਭੁੱਤ ਚੇਤਨਾ ਨੂੰ ਸਾਕਾਰ ਰੂਪ ਪ੍ਰਦਾਨ ਕਰਨ ਲਈ ਸੰਤ ਨਿਰੰਕਾਰੀ ਮਿਸ਼ਨ ਦੁਆਰਾ ÷ਪ੍ਰੋਜੈਕਟ ਅਮ੍ਰਿਤ÷ ਅਧੀਨ ÷ਸਵੱਛ ਜਲ-ਸਵੱਛ ਮਨ÷ ਦੇ ਚੌਥੇ ਚਰਨ ਦਾ ਸ਼ਾਨਦਾਰ ਸ਼ੁਭ ਕਾਰਜ ਨਿਰੰਕਾਰੀ ਸਤਿਗੁਰੂ ਸੁਦੀਕਸ਼ਾ ਦੇ ਦਿਸ਼ਾ ਨਿਰਦੇਸ਼ ਅਨੁਸਾਰ ਪੂਰੇ ਭਾਰਤ ਵਿੱਚ ਅਯੋਜਿਤ ਕੀਤਾ ਜਾ ਰਿਹਾ ਹੈ।

ਅੱਜ ਸੰਤ ਨਿਰੰਕਾਰੀ ਸਤਿਸੰਗ ਭਵਨ ਜੈਤੋ ਵਿਖੇ ਜ਼ੋਨਲ ਇੰਚਾਰਜ ਫ਼ਿਰੋਜ਼ਪੁਰ ਐੱਨ ਐੱਸ ਗਿੱਲ ਅਤੇ ਜੈਤੋ ਦੇ ਮੁਖੀ ਅਸ਼ੋਕ ਧੀਰ ਨੇ ਪ੍ਰੈੱਸ ਨੂੰ ਜਾਣਕਾਰੀ ਦਿੰਦਿਆਂ ਦੱਸਿਆ ਕਿ ਪਿਛਲੇ ਸਾਲਾਂ ਦੀ ਤਰਾਂ ਇਸ ਸਾਲ ਵੀ ਸੰਤ ਨਿਰੰਕਾਰੀ ਮਿਸ਼ਨ ਬ੍ਰਾਂਚ ਜੈਤੋ ਦੇ ਸੇਵਾਦਲ ਭੈਣਾਂ ਤੇ ਭਰਾਵਾਂ ਵੱਲੋਂ ਵਾਟਰ ਵਰਕਸ, ਬਠਿੰਡਾ ਰੋਡ ਜੈਤੋ ਵਿਖੇ ਸਫਾਈ ਅਭਿਆਨ ਚਲਾਇਆ ਜਾਵੇਗਾ, ਪੀਣ ਵਾਲਾ ਪਾਣੀ ਸਟੋਰ ਕਰਨ ਵਾਲੇ ਪਾਣੀ ਦੇ ਵੱਡੇ ਤਲਾਬਾਂ ਦੇ ਆਸ ਪਾਸ ਖੇਤਰ ਦੀ ਸਾਫ ਸਫਾਈ ਕੀਤੀ ਜਾਵੇਗੀ ਅਤੇ ਪੁਰਾਣੇ ਪੌਦਿਆਂ ਦੀ ਸਾਂਭ ਸੰਭਾਲ ਕਰਕੇ ਕੁਝ ਨਵੇਂ ਪੌਦੇ ਲਗਾਏ ਜਾਣਗੇ।

ਸੰਤ ਨਿਰੰਕਾਰੀ ਮਿਸ਼ਨ ਦੇ ਸਕੱਤਰ ਸਤਿਕਾਰਯੋਗ ਭਾ.ਸਾ. ਜੋਗਿੰਦਰ ਸੁਖੀਜਾ ਜੀ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਇਹ ਵਿਸ਼ਾਲ ਅਭਿਆਨ ਦੇਸ਼ ਭਰ ਵਿੱਚ 1500 ਤੋਂ ਵੱਧ ਸਥਾਨਾਂ ਤੇ ਇੱਕੋ ਸਮੇਂ ਤੇ ਆਯੋਜਿਤ ਕੀਤਾ ਜਾ ਜਾਵੇਗਾ। ਇਸ ਤਰਾਂ ਵਿਆਪਕ ਪੱਧਰ ਤੇ ਕੀਤਾ ਗਿਆ ਇਹ ਯਤਨ ਇਤਿਹਾਸਿਕ ਬਣ ਜਾਵੇਗਾ ਜੋ ਪਾਣੀ ਦੀ ਸੰਭਾਲ ਅਤੇ ਸਫਾਈ ਦੇ ਸੰਦੇਸ਼ ਨੂੰ ਸਮਾਜ ਦੇ ਹਰੇਕ ਵਰਗ ਤੱਕ ਪ੍ਰਭਾਵਸ਼ਾਲੀ ਰੂਪ ਨਾਲ ਪਹੁੰਚਾਏਗਾ। ਇਸ ਪਹਿਲ ਦਾ ਮੁੱਖ ਉਦੇਸ਼ ਸਮਾਜ ਨੂੰ ਇਹ ਜਾਣਕਾਰੀ ਕਰਵਾਉਣਾ ਹੈ ਪਾਣੀ ਕੋਈ ਸਰੋਤ ਨਹੀਂ ਸਗੋਂ ਜੀਵਨ ਦਾ ਅਧਾਰ ਅਤੇ ਪ੍ਰਮਾਤਮਾ ਦੀ ਅਣਮੁੱਲੀ ਦੇਣ ਹੈ। ਜਿਸ ਦੀ ਰੱਖਿਆ ਕਰਨਾ ਹਰੇਕ ਇਨਸਾਨ ਦਾ ਨੈਤਿਕ ਕਰਤੱਵ ਹੈ। ਸੰਤ ਨਿਰੰਕਾਰੀ ਮਿਸ਼ਨ ਨੇ ਬਾਬਾ ਹਰਦੇਵ ਸਿੰਘ ਜੀ ਦੀਆਂ ਪ੍ਰੇਣਾਦਾਈਕ ਸਿੱਖਿਆਵਾਂ ਨੂੰ ਆਪਣਾਉਂਦੇ ਹੋਏ ਸਾਲ 2023 ਵਿੱਚ ਭਾਰਤ ਸਰਕਾਰ ਦੇ ਸਹਿਯੋਗ ਨਾਲ ਮਿਲਕੇ ਪ੍ਰੋਜੈਕਟ ਅਮ੍ਰਿਤ ਸ਼ੁਰੂ ਕੀਤਾ ਗਿਆ ਸੀ। ਇਹ ਪਾਣੀ ਬਚਾਉਣ ਦੀ ਪਹਿਲ ਕਿਸੇ ਇੱਕ ਦਿਨ ਜਾਂ ਅਭਿਆਨ ਤੱਕ ਸੀਮਤ ਨਾ ਰੱਖ ਕੇ ਉਸ ਨੂੰ ਜੀਵਨ ਸ਼ੈਲੀ, ਸੰਸਕਾਰ ਅਤੇ ਸੇਵਾ ਭਾਵ ਦੇ ਰੂਪ ਵਿੱਚ ਪ੍ਰਗਟ ਕਰਨ ਦੀ ਪ੍ਰੇਰਣਾ ਦਿੰਦਾ ਹੈ। ਜਿੱਥੇ ਸਵੱਛ ਜਲ- ਸਵੱਛ ਮਨ ਅਤੇ ਸਵੱਛ ਸਮਾਜ ਦਾ ਨਿਰਮਾਣ ਸਭੰਵ ਹੋ ਸਕੇ। ਨਦੀਆਂ ਝੀਲਾਂ, ਤਲਾਬ, ਖੂਹ ਅਤੇ ਝਰਨਿਆ ਵਰਗੇ ਪ੍ਰਾਕ੍ਰਿਤਕ ਪਾਣੀ ਦੇ ਸਰੋਤਾਂ ਨੂੰ ਸੰਭਾਲਣ ਲਈ ਸਮਰਪਿਤ ਜਨ ਅਦੋਲਨ ਨੇ ਆਪਣੇ ਪਹਿਲੇ ਤਿੰਨ ਚਰਨਾ ਵਿੱਚ ਸੇਵਾ, ਸਮਰਪਣ ਅਤੇ ਸਾਰਿਆ ਦੀ ਭਾਗੀਦਾਰੀ ਦੀ ਅਦਭੁੱਤ ਮਿਸਾਲ ਪੇਸ਼ ਕੀਤੀ ਹੈ। ਇਨ੍ਹਾਂ ਉਪਲਬਧੀਆਂ ਤੋਂ ਪ੍ਰੇਰਿਤ ਹੋ ਕੇ ਇਸ ਪੜਾਅ ਵਿੱਚ ਹੋਰ ਜਿਆਦਾ ਵਿਆਪਕ ਸੰਗਠਨ ਅਤੇ ਦੂਰ ਦਰਸ਼ੀ ਦ੍ਰਿਸ਼ਟੀਕੋਣ ਦੇ ਨਾਲ ਲਾਗੂ ਕੀਤਾ ਜਾ ਰਿਹਾ ਹੈ।

# ਰਾਗ ਨਾਦ ਸਬਦਿ ਸੋਹਣੇ

**ਇਕਵਾਕ ਸਿੰਘ ਪੱਟੀ**

ਸਮੁੱਚੀ ਮਾਨਵਤਾ ਦੇ ਸਰਬ ਸਾਂਝੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਪੰਜਵੇਂ ਨਾਨਕ ਗੁਰੂ ਅਰਜਨ ਦੇਵ ਜੀ ਵੱਲੋਂ ਭਾਈ ਗੁਰਦਾਸ ਜੀ ਕੋਲੋਂ ਦਰਜ ਕਰਵਾਈ ਗਈ ਬਾਣੀ ਰਾਗਾਂ ਦੇ ਅਧੀਨ ਹੈ। ਗੁਰੂ ਗ੍ਰੰਥ ਸਾਹਿਬ ਵਿਚ ਕੁਝ ਬਾਣੀ ਰਾਗ ਮੁਕਤ ਵੀ ਹੈ ਪਰ ਜ਼ਿਆਦਾਤਾਰ ਬਾਣੀ ਰਾਗਾਂ ਦੇ ਅਧੀਨ ਹੈ। ਸਭ ਤੋਂ ਸ੍ਰੇਸ਼ਟ ਰਾਗ ਬਾਰੇ ਗੁਰੂ ਰਾਮਦਾਸ ਜੀ ਫ਼ੁਰਮਾਉਂਦੇ ਹਨ, 'ਸਭਨਾ ਰਾਗਾਂ ਵਿਚਿ ਸੋ ਭਲਾ ਭਾਈ ਜਿਤੁ ਵਸਿਆ ਮਨਿ ਆਇ॥' ਭਾਵ ਉਹੀ ਰਾਗ ਸਫ਼ਲ ਹੈ ਜਿਸ ਨੂੰ ਸੁਣਦਿਆਂ-ਪੜ੍ਹਦਿਆਂ, ਗਾਉਂਦਿਆਂ ਹੋਇਆਂ ਸ੍ਰਿਸ਼ਟੀ ਦਾ ਕਰਤਾ ਪਰਮਾਤਮਾ ਚੇਤੇ ਆ ਜਾਵੇ। ਅੱਜ ਜਾਣਦੇ ਹਾਂ ਗੁਰੂ ਸਾਹਿਬ ਵੱਲੋਂ ਉਚਾਰੇ 31 ਰਾਗਾਂ ਵਿੱਚੋਂ ਸੱਤਵੇਂ ਸਥਾਨ 'ਤੇ ਆਉਣ ਵਾਲੇ ਰਾਗ 'ਬਿਹਾਗੜਾ' ਬਾਰੇ...

## ਰਾਗ ਬਿਹਾਗੜਾ

ਗੁਰੂ ਅਰਜਨ ਦੇਵ ਦੀ ਵੱਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਨੂੰ ਦਿੱਤੀ ਗਈ ਰਾਗ ਤਰਤੀਬ ਵਿਚ ਰਾਗ ਬਿਹਾਗੜਾ ਸੱਤਵੇਂ ਸਥਾਨ 'ਤੇ ਆਉਂਦਾ ਹੈ। ਰਾਗ ਬਿਹਾਗੜਾ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਨਾ ਨੰਬਰ 537 ਤੋਂ ਲੈ ਕੇ 556 ਪੰਨੇ ਤਕ ਦਰਜ ਹੈ। ਇਸ ਰਾਗ ਵਿਚ ਬਿਹਾਗੜੇ ਕੀ ਵਾਰ ਅਤੇ ਭਾਈ ਮਰਦਾਨਾ ਜੀ ਨੂੰ ਸੰਬੋਧਿਤ ਤਿੰਨ ਸਲੋਕ ਦਰਜ ਹਨ। ਇਸ ਰਾਗ ਵਿਚ ਗੁਰੂ ਸਾਹਿਬਾਨ ਵੱਲੋਂ ਉਚਾਰੀ ਬਾਣੀ ਦੀ ਗੱਲ ਕਰੀਏ ਤਾਂ ਇਸ ਰਾਗ ਦੇ ਅੰਤਰਗਤ ਗੁਰੂ ਅਮਰਦਾਸ ਜੀ, ਗੁਰੂ ਰਾਮਦਾਸ ਜੀ, ਗੁਰੂ ਅਰਜਨ ਦੇਵ ਜੀ, ਗੁਰੂ ਤੇਗ਼ ਬਹਾਦਰ ਜੀ ਦੀ ਬਾਣੀ ਸ਼ਾਮਲ ਹੈ। ਇਸ ਰਾਗ ਵਿਚ 'ਬਿਹਾਗੜੇ ਕੀ ਵਾਰ' ਸਿਰਲੇਖ ਹੇਠ ਬਾਣੀ ਦਰਜ ਹੈ, ਜਿਸ ਦੀਆਂ ਕੁੱਲ 21 ਪਾਉੜੀਆਂ ਹਨ ਅਤੇ 43 ਸਲੋਕ ਹਨ। ਇਨ੍ਹਾਂ ਵਿੱਚੋਂ ਪਉੜੀ ਨੰਬਰ 12 ਦੇ ਨਾਲ ਗੁਰੂ ਨਾਨਕ ਦੇਵ ਜੀ ਦੇ ਭਾਈ ਮਰਦਾਨਾ ਜੀ ਨੂੰ ਸੰਬੋਧਿਤ ਕੀਤੇ ਤਿੰਨ ਸਲੋਕ ਅਤੇ ਦੋ ਵੱਖਰੇ ਤੌਰ ਤੇ, ਕੁੱਲ ਪੰਜ ਸਲੋਕ ਹਨ। ਇਸੇ ਤਰ੍ਹਾਂ ਪਉੜੀ ਨੰਬਰ 17 ਨਾਲ ਇਕ ਸਲੋਕ ਭਗਤ ਕਬੀਰ ਜੀ ਦਾ ਉਚਾਰਣ ਕੀਤਾ ਹੋਇਆ ਹੈ।

ਜੇ ਇਸ ਰਾਗ ਬਾਰੇ ਇਤਿਹਾਸਕ ਅਤੇ ਸੰਗੀਤਕ ਪੱਖ ਤੋਂ ਗੱਲ ਕਰੀਏ ਤਾਂ ਇਸ ਰਾਗ ਦਾ ਜ਼ਿਕਰ ਪ੍ਰਾਚੀਨ ਸੰਗੀਤ ਗ੍ਰੰਥਾਂ ਵਿਚ ਵੀ ਮਿਲਦਾ ਹੈ। ਭਾਈ ਕਾਨ੍ਹ ਸਿੰਘ ਨਾਭਾ ਦੀ ਕ੍ਰਿਤ 'ਮਹਾਨ ਕੋਸ਼' ਦੇ ਪੰਨਾ ਨੰਬਰ 864 ਅਨੁਸਾਰ, 'ਇਹ ਬਿਲਾਵਲ ਥਾਟ ਦਾ ਸੰਪੂਰਣ ਰਾਗ ਹੈ। ਬਿਹਾਗ ਵਿਚ ਕੋਮਲ ਨਿਸ਼ਾਦ ਲਗਾਉਣ ਤੋਂ ਬਿਹਾਗੜਾ ਹੋ ਜਾਂਦਾ ਹੈ। ਇਸ ਵਿਚ ਤੀਵਰ ਮੱਧਮ ਵੀ ਬਹੁਤ ਦੁਰਲਭ ਹੋ ਕੇ ਲੱਗ ਜਾਂਦਾ ਹੈ। ਅੰਤਰੇ ਵਿਚ ਸ਼ੁੱਧ ਨਿਸ਼ਾਦ ਵੀ ਲਗਦਾ ਹੈ, ਗਾਉਣ ਦਾ ਵੇਲਾ ਅੱਧੀ ਰਾਤ ਹੈ।'

98150-24920





**ਅਕਾਲੀ ਫੂਲਾ ਸਿੰਘ ਨੇ ਖ਼ਾਲਸਾ ਰਾਜ ਦੇ ਵਿਸਥਾਰ ਲਈ ਮਹਾਰਾਜਾ ਰਣਜੀਤ ਸਿੰਘ ਦੀਆਂ ਬਹੁਤ ਸਾਰੀਆਂ ਔਖੀਆਂ ਮੁਹਿੰਮਾਂ 'ਚ ਵਧ-ਚੜ੍ਹ ਕੇ ਹਿੱਸਾ ਲਿਆ...**

# ਮਹਾਨ ਸ਼ਹੀਦ ਜਰਨੈਲ ਅਕਾਲੀ ਫੂਲਾ ਸਿੰਘ

**ਗੁਰਮੇਲ ਸਿੰਘ ਸੰਗਤਪੁਰਾ**

ਸਿੱਖ ਕੌਮ ਦੇ ਮਹਾਨ ਸ਼ਹੀਦ ਅਕਾਲੀ ਬਾਬਾ ਫੂਲਾ ਸਿੰਘ ਦੀ ਵਿਲੱਖਣਤਾ ਸੀ ਕਿ ਅਕਾਲ ਤਖ਼ਤ ਸਹਿਬ ਦੇ ਜਥੇਦਾਰ ਰਹਿੰਦਿਆਂ ਉਨ੍ਹਾਂ ਨੇ ਸਮੇਂ ਦੀ ਸੱਤਾ ਅੱਗੇ ਕਦੇ ਸਿਰ ਨਹੀਂ ਸੀ ਝੁਕਾਇਆ। ਸਿੱਖ ਮਰਿਆਦਾ ਦੇ ਖ਼ਿਲਾਫ਼ ਗ਼ਲਤੀ ਕਰਨ 'ਤੇ ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਨੂੰ ਕੋੜੇ ਮਾਰਨ ਦੀ ਸਜ਼ਾ ਸੁਣਾਉਣਾ ਤੋਂ ਵੀ ਉਹ ਨਹੀਂ ਸਨ ਝਿਜਕੇ। ਅਕਾਲੀ ਬਾਬਾ ਫੂਲਾ ਸਿੰਘ ਨੇ ਖ਼ਾਲਸਾ ਰਾਜ ਦੇ ਵਿਸਥਾਰ ਵਿਚ ਵੀ ਵਡਮੁੱਲਾ ਯੋਗਦਾਨ ਪਾਇਆ।

ਬਾਬਾ ਫੂਲਾ ਸਿੰਘ ਦਾ ਜਨਮ 14 ਜਨਵਰੀ 1761 ਨੂੰ ਸੰਗਰੂਰ ਜ਼ਿਲ੍ਹੇ ਦੇ ਪਿੰਡ ਦੇਹਲਾ ਸ਼ੀਹਾਂ ਵਿਖੇ ਪਿਤਾ ਸਰਦਾਰ ਈਸ਼ਰ ਸਿੰਘ ਤੇ ਮਾਤਾ ਮਾਤਾ ਹਰਿ ਕੌਰ ਦੇ ਘਰ ਹੋਇਆ। ਇਸ ਪਿੰਡ ਨੂੰ ਅੱਜ ਕੱਲ੍ਹ ਪੁਰਾਣਾ ਦੇਹਲਾ ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਦੁੱਖਦਾਈ ਗੱਲ ਇਹ ਹੈ ਕਿ ਬਾਬਾ ਫੂਲਾ ਸਿੰਘ ਦਾ ਪਿੰਡ ਇਤਿਹਾਸਕ ਹੋ ਕੇ ਵੀ ਇਤਿਹਾਸ ਦੇ ਪੰਨਿਆਂ 'ਤੇ ਬਣਦੀ ਥਾਂ ਤੇ ਯੋਗ ਸਤਿਕਾਰ ਪ੍ਰਾਪਤ ਨਹੀਂ ਕਰ ਸਕਿਆ। ਅਕਾਲੀ ਫੂਲਾ ਸਿੰਘ ਦੇ ਪਿਤਾ ਈਸ਼ਰ ਸਿੰਘ ਨੇ ਵੱਡੇ ਘੱਲੂਘਾਰੇ ਸਮੇਂ ਸਿੱਖ ਫ਼ੌਜ 'ਚ ਸ਼ਾਮਲ ਹੋ ਕੇ ਵੱਧ-ਚੜ੍ਹ ਕੇ ਕੰਮ ਕੀਤਾ ਸੀ ਤੇ ਜੰਗ ਵਿਚ ਜ਼ਖ਼ਮੀ ਹੋਣ ਤੋਂ ਬਾਅਦ ਅਕਾਲ ਚਲਾਣਾ ਕਰ ਗਏ ਸਨ। ਉਨ੍ਹਾਂ ਦੀ ਮੌਤ ਉਪਰੰਤ ਜਥੇਦਾਰ ਈਸ਼ਰ ਸਿੰਘ ਦੇ ਦੋਸਤ ਸਰਦਾਰ ਨਰੈਣ ਸਿੰਘ (ਨੈਣਾ ਸਿੰਘ) ਨੇ ਫੂਲਾ ਸਿੰਘ ਦੀ ਪਰਵਰਿਸ਼ ਕੀਤੀ। ਜਦੋਂ ਅਕਾਲੀ ਫੂਲਾ ਸਿੰਘ ਸੱਤ ਸਾਲ ਦੇ ਸਨ ਤਾਂ ਉਨ੍ਹਾਂ ਦੇ ਸਿਰ ਤੋਂ ਮਾਤਾ ਹਰਿ ਕੌਰ ਦਾ ਸਾਇਆ ਵੀ ਉੱਠ ਗਿਆ।

ਛੋਟੀ ਉਮਰੇ ਹੀ ਅਕਾਲੀ ਫੂਲਾ ਸਿੰਘ ਨੇ ਘੋੜ-ਸਵਾਰੀ, ਨਿਸ਼ਾਨੇਬਾਜ਼ੀ ਤੇ ਵੀਰਤਾ ਭਰੇ ਹੋਰ ਕਰਤੱਬਾਂ 'ਚ ਨਿਪੁੰਨਤਾ ਹਾਸਲ ਕਰ ਲਈ ਸੀ। ਆਪ ਨੇ ਸਰਦਾਰ ਨਰੈਣ ਸਿੰਘ ਤੋਂ ਪ੍ਰਭਾਵਿਤ ਹੋ ਕੇ ਨਿਹੰਗ ਸਿੰਘਾਂ ਵਾਲਾ ਬਾਣਾ ਧਾਰਨ ਕਰ ਲਿਆ। ਨੈਰਣ ਸਿੰਘ ਦੀ ਮੌਤ ਤੋਂ ਬਾਅਦ ਆਪ ਅੰਮ੍ਰਿਤਸਰ ਰਹਿਣ ਲੱਗੇ। ਮਹਾਰਾਜਾ ਰਣਜੀਤ ਸਿੰਘ ਨੇ 'ਅਕਾਲ ਰੈਜਮੈਂਟ' ਨਾਂ ਦੀ ਫ਼ੌਜੀ ਟੁਕੜੀ ਦਾ ਗਠਨ ਕੀਤਾ ਤੇ ਬਾਬਾ ਫੂਲਾ ਸਿੰਘ ਨੂੰ ਇਸ ਦਾ ਮੁੱਖੀ ਥਾਪਿਆ। ਮਹਾਰਾਜਾ ਰਣਜੀਤ ਸਿੰਘ ਅਕਾਲੀ ਫੂਲਾ ਸਿੰਘ ਦਾ ਬੇਹੱਦ ਸਤਿਕਾਰ ਕਰਦੇ ਸਨ। ਕਾਰਨ ਇਹ ਸੀ ਕਿ ਜਦੋਂ ਮਹਾਰਾਜਾ ਰਣਜੀਤ ਸਿੰਘ ਨੇ ਅੰਮ੍ਰਿਤਸਰ ਨੂੰ ਫ਼ਤਹਿ ਕਰਨ ਲਈ ਚੜ੍ਹਾਈ ਕੀਤੀ ਤਾਂ ਸਿੱਖ ਫ਼ੌਜਾਂ ਆਪਸ 'ਚ ਲੜਨ ਲੱਗੀਆਂ ਸਨ। ਅਕਾਲੀ ਫੂਲਾ ਸਿੰਘ ਨੇ ਦਖ਼ਲ ਦੇ ਕੇ ਸਿੱਖ ਫ਼ੌਜਾਂ ਦੀ ਅੰਦਰੂਨੀ ਜੰਗ ਖ਼ਤਮ ਕਰਵਾ ਦਿੱਤੀ ਸੀ।

ਅਕਾਲੀ ਫੂਲਾ ਸਿੰਘ ਨੇ ਮਹਾਰਾਜਾ ਰਣਜੀਤ ਸਿੰਘ ਦੀਆਂ ਔਖੀਆਂ ਮੁਹਿੰਮਾਂ 'ਚ ਵਧ-ਚੜ੍ਹ ਕੇ ਸਹਾਇਤਾ ਕੀਤੀ। ਮੁਲਤਾਨ ਦੀ ਮੁਹਿੰਮ ਵੇਲੇ ਅਕਾਲੀ ਫੂਲਾ ਸਿੰਘ ਪਾਸ ਮਹਾਰਾਜਾ ਰਣਜੀਤ ਸਿੰਘ ਨੇ ਮਦਦ ਲਈ ਬੇਨਤੀ ਕੀਤੀ। ਉਨ੍ਹਾਂ ਨੇ ਮਹਾਰਾਜਾ ਰਣਜੀਤ ਸਿੰਘ ਨਾਲ ਆਪਣੇ ਸੂਰਬੀਰ ਘੋੜ-ਸਵਾਰਾਂ ਨੂੰ ਲੈ ਕੇ ਮੁਲਤਾਨ 'ਤੇ ਚੜ੍ਹਾਈ ਕੀਤੀ। ਕਿਲ੍ਹੇ ਦੀ ਕੰਧ ਵਿਚ ਪਾੜ ਪਾ ਕੇ ਆਪਣੇ ਘੋੜ-ਸਵਾਰ ਯੋਧੇ ਲੈ ਕੇ ਕਿਲ੍ਹੇ ਅੰਦਰ ਦਾਖ਼ਲ ਹੋਏ ਤੇ ਆਪਣੀ ਤਲਵਾਰ ਦੇ ਬਲ 'ਤੇ ਦੁਸ਼ਮਣਾਂ ਦੀਆਂ ਲਾਸ਼ਾਂ ਦੇ ਢੇਰ ਲਾ ਦਿੱਤੇ। ਨਵਾਬ ਤੇ ਉਸ ਦੇ ਪੁੱਤਰਾਂ ਨੂੰ ਮਾਰ ਕੇ ਕਿਲ੍ਹਾ ਫ਼ਤਹਿ ਕਰ ਲਿਆ। ਇਸ ਤੋਂ ਇਲਾਵਾ ਅਕਾਲੀ ਫੂਲਾ ਸਿੰਘ ਨੇ ਕਸ਼ਮੀਰ, ਪਿਸ਼ਾਵਰ ਤੇ ਨੌਸ਼ਹਿਰੇ ਦੇ ਯੁੱਧਾਂ ਵਿਚ ਸ਼ਾਮਲ ਹੋ ਕੇ ਸਿੱਖ ਰਾਜ ਦੀ ਉਸਾਰੀ 'ਚ ਵਡਮੁੱਲਾ ਯੋਗਦਾਨ ਪਾਇਆ। ਬਾਬਾ ਫੂਲਾ ਸਿੰਘ ਵੱਲੋਂ ਲੜੀ ਗਈ ਆਖ਼ਰੀ ਲੜਾਈ ਨੌਸ਼ਹਿਰੇ ਦੀ ਸੀ। ਇਸ ਲੜਾਈ ਵਿਚ ਜਿੱਤ ਦਾ ਝੰਡਾ ਲਹਿਰਾਉਂਦਿਆਂ ਆਪ 14 ਮਾਰਚ 1823 ਨੂੰ ਸ਼ਹੀਦ ਹੋ ਗਏ। ਇਹ ਲੜਾਈ ਵੀ ਬਾਕੀ ਲੜਾਈਆਂ ਦੀ ਤਰ੍ਹਾਂ ਉਨ੍ਹਾਂ ਦੀ ਸੂਰਬੀਰਤਾ ਕਰਕੇ ਜਿੱਤੀ ਜਾ ਸਕੀ ਸੀ।

ਉਹ ਨਿਰਭੈ, ਅਣਖੀਲੇ ਤੇ ਨਿਧੜਕ ਜਰਨੈਲ ਸਨ। ਇਤਿਹਾਸ ਗਵਾਹ ਹੈ ਕਿ ਉਹ ਮਰਿਆਦਾ ਦੇ ਉਲਟ ਕਿਸੇ ਵੀ ਕਾਰਵਾਈ ਨੂੰ ਬਰਦਾਸ਼ਤ ਨਹੀਂ ਸਨ ਕਰਦੇ। ਇਸੇ ਦਾ ਨਤੀਜਾ ਸੀ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਹੁੰਦਿਆਂ ਆਪ ਨੇ ਮਹਾਰਾਜਾ ਰਣਜੀਤ ਸਿੰਘ ਨੂੰ ਕੋੜੇ ਮਾਰਨ ਦੀ ਸਜ਼ਾ ਸੁਣਾਈ। ਉਹ ਹਮੇਸ਼ਾ ਸੱਚ 'ਤੇ ਪਹਿਰਾ ਦਿੰਦੇ ਸਨ। ਇਹ ਹਕੀਕਤ ਹੈ ਕਿ ਸਿੱਖ ਰਾਜ ਵਿਚ ਅਕਾਲੀ ਫੂਲਾ ਸਿੰਘ ਤੋਂ ਵੱਧ ਸੂਰਬੀਰ, ਧਾਰਮਿਕ ਤੌਰ 'ਤੇ ਪ੍ਰਪੱਕ ਤੇ ਨਿਡਰ ਜਰਨੈਲ ਹੋਰ ਕੋਈ ਨਜ਼ਰ ਨਹੀਂ ਆਉਂਦਾ। ਉਹ ਅੰਮ੍ਰਿਤਸਰ ਵਿਖੇ ਜਿਸ ਸਥਾਨ 'ਤੇ ਰਹੇ, ਉੱਥੇ ਅੱਜ-ਕੱਲ੍ਹ 'ਬੁਰਜ ਬਾਬਾ ਫੂਲਾ ਸਿੰਘ ਅਕਾਲੀ' ਬਣਿਆ ਹੋਇਆ ਹੈ। ਇਥੇ ਹੀ ਨਿਹੰਗ ਸਿੰਘਾਂ ਦੀ ਛਾਉਣੀ ਵੀ ਹੈ, ਜਿਸ ਦਾ ਪ੍ਰਬੰਧ ਸ਼੍ਰੋਮਣੀ ਪੰਥ ਅਕਾਲੀ 96 ਕਰੋੜੀ ਬੁੱਢਾ ਦਲ ਕੋਲ ਹੈ। ਹਰ ਸਾਲ 14 ਮਾਰਚ ਨੂੰ ਪਿੰਡ ਦੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਇਲਾਕਾ ਵਾਸੀਆਂ ਦੇ ਸਹਿਯੋਹ ਨਾਲ ਉਨ੍ਹਾਂ ਦਾ ਸ਼ਹੀਦੀ ਦਿਹਾੜਾ ਸ਼ਰਧਾ ਪੂਰਵਕ ਮਨਾਇਆ ਜਾਂਦਾ ਹੈ। ਸਾਲਾਨਾ ਸ਼ਹੀਦੀ ਸਮਾਗਮ 'ਚ ਸਿੱਖ ਕੌਮ ਦੀਆਂ ਪ੍ਰਮੁੱਖ ਧਾਰਮਿਕ ਸ਼ਖ਼ਸੀਅਤਾਂ, ਰਾਗੀ, ਢਾਡੀ ਤੇ ਕਥਾਵਾਚਕ ਬਾਬਾ ਜੀ ਨੂੰ ਸ਼ਰਧਾ ਤੇ ਸਤਿਕਾਰ ਭੇਟ ਕਰਦੇ ਹਨ।

ਪੰਜਾਬੀ ਯੂਨੀਵਰਸਿਟੀ ਵੱਲੋਂ ਸੰਨ 2006 ਵਿਚ ਸ਼ਹੀਦ ਬਾਬਾ ਅਕਾਲੀ ਫੂਲਾ ਸਿੰਘ ਜੀ ਦੇ ਨਾਂ 'ਤੇ ਉਨ੍ਹਾਂ ਦੇ ਜਨਮ ਸਥਾਨ ਪਿੰਡ ਦੇਹਲਾ ਸੀਹਾਂ ਵਿਖੇ ਆਪਣਾ ਕੈਂਪਸ ਖੋਲ੍ਹਿਆ ਗਿਆ ਸੀ। ਇਸ ਜਗ੍ਹਾ ਬਾਬਾ ਫੂਲਾ ਸਿੰਘ ਜੀ ਦੇ ਜਨਮ ਸਮੇਂ ਦੀ ਬਾਰਾਂਦਰੀ, ਖੂਹ, ਪੁਰਾਤਨ ਤ੍ਰਿਵੇਣੀ ਮੌਜੂਦ ਹੀ ਨਹੀਂ ਸਗੋਂ ਪਿੰਡ ਦੇ ਉੱਦਮੀ ਨੌਜਵਾਨ ਜਸਪਾਲ ਸਿੰਘ ਦੇਹਲਾ ਨੇ ਪਿੰਡ ਵਾਸੀਆਂ ਦੇ ਸਹਿਯੋਗ ਨਾਲ ਇਸ ਦੀ ਸੁੰਦਰਤਾ ਨੂੰ ਬਰਕਾਰ ਰੱਖਿਆ ਹੋਇਆ ਹੈ। ਇਸ ਸਥਾਨ ਨੂੰ ਪੰਜਾਬ ਪੁਰਾਤੱਤਵ ਸਰਵੇਖਣ ਤੇ ਅਜਾਇਬ ਘਰ ਵਿਭਾਗ ਵੱਲੋਂ ਸੁਰੱਖਿਅਤ ਕਰਾਰ ਦਿੱਤਾ ਗਿਆ ਹੈ ਪਰ ਪਿੰਡ ਦੇ ਲੋਕਾਂ ਦਾ ਕਹਿਣਾ ਹੈ ਕਿ ਵਿਭਾਗ ਵੱਲੋਂ ਇਸ ਸਥਾਨ ਦੀ ਸਾਂਭ ਸੰਭਾਲ ਲਈ ਕਦੇ ਕੋਈ ਅਹਿਮ ਉਪਰਾਲਾ ਨਹੀਂ ਕੀਤਾ ਗਿਆ। ਹਰ ਸਾਲ ਸ਼ਹੀਦੀ ਦਿਹਾੜਾ ਮਨਾਉਣ ਸਮੇਂ ਪਿੰਡ ਵਾਸੀਆਂ ਵੱਲੋਂ ਦਸਵੰਧ ਵਿੱਚੋਂ ਖ਼ਰਚਾ ਕਰ ਕੇ ਲਿੱਪਾਪੋਚੀ ਕਰਵਾਈ ਜਾਂਦੀ ਹੈ ਅਤੇ ਇਸ ਲਈ ਵੀ ਪਹਿਲਾਂ ਵਿਭਾਗ ਕੋਲੋਂ ਮਨਜ਼ੂਰੀ ਲੈਣ ਦੀਆਂ ਕਾਰਵਾਈਆਂ ਨੇਪਰੇ ਚਾੜ੍ਹਨੀਆਂ ਪੈਂਦੀਆਂ ਹਨ।

ਪਿੰਡ ਦੇਹਲਾ ਕਰਕੇ ਸਿੱਖ ਮਿਸਲਾਂ ਵੇਲੇ ਬਾਬਾ ਅਕਾਲੀ ਫੂਲਾ ਸਿੰਘ ਨੂੰ ਜਾਣਿਆ ਜਾਂਦਾ ਸੀ ਪਰ ਅੱਜ ਉਨ੍ਹਾਂ ਦਾ ਜਨਮ ਸਥਾਨ ਪਿੰਡ ਦੇਹਲਾ ਸੀਹਾਂ ਬਾਰੇ ਪੰਜਾਬ ਤਾਂ ਦੂਰ ਜ਼ਿਲ੍ਹਾ ਸੰਗਰੂਰ ਦੇ ਹਲਕਾ ਲਹਿਰਾ ਦੇ ਬਹੁਤੇ ਲੋਕ ਵੀ ਇਸ ਗੱਲ ਤੋਂ ਅਣਜਾਣ ਹਨ ਕਿ ਇਹ ਪਿੰਡ ਮਹਾਨ ਯੋਧੇ ਸ਼ਹੀਦ ਅਕਾਲੀ ਫੂਲ ਸਿੰਘ ਦਾ ਜਨਮ ਸਥਾਨ ਹੈ। ਇਸ ਮਹਾਨ ਸ਼ਹੀਦ ਦਾ ਸ਼ਹੀਦੀ ਦਿਹਾੜਾ ਆਉਣ ਵਾਲੀਆਂ ਪੀੜ੍ਹੀਆਂ ਲਈ ਪ੍ਰੇਰਣਾ ਸਰੋਤ ਹੈ। •

98769-30023

# ਮਹਾਨ ਤਪੱਸਵੀ ਸੰਤ ਅਤਰ ਸਿੰਘ ਮਸਤੂਆਣੇ ਵਾਲੇ

**ਹਰਵਿੰਦਰਪਾਲ ਰਿਸ਼ੀ**

ਘੋਰ ਕਲਯੁੱਗ ਵਿਚ ਜਦ ਮਨੁੱਖਤਾ ਹਉਮੈ, ਲੋਭ, ਜਾਤ-ਪਾਤ, ਵਰਣ-ਵੰਡ ਤੇ ਗ਼ੁਲਾਮੀ ਅਧੀਨ ਸੀ। ਚਾਰੇ ਪਾਸੇ ਕੂੜ ਦਾ ਪਸਾਰ ਸੀਤੇ ਹਨੇਰੇ ਤੋਂ ਸਿਵਾ ਕੁਝ ਨਜ਼ਰ ਨਹੀਂ ਸੀ ਤਾਂ ਗੁਰੂ ਨਾਨਕ ਦੇਵ ਜੀ ਮਹਾਰਾਜ ਆਪ ਨਾਰਾਇਣ ਬਣ ਕੇ ਜਗਤ ਵਿਚ ਆਏ ਤੇ ਦੇਸ਼-ਵਿਦੇਸ਼ ਵਿਚ ਉਸ 'ਇਕ' ਦਾ ਪ੍ਰਚਾਰ ਕੀਤਾ। ਬਰਾਬਰੀ ਤੇ ਸਦਭਾਵਨਾ ਦਾ ਸਬਕ ਸਿਖਾਇਆ ਤੇ ਤ੍ਰਿਸ਼ਨਾ ਅਗਨੀ 'ਚ ਲੁਛ ਰਹੀ ਮਾਨੁੱਖਤਾ ਦੇ ਤਪਦੇ ਹਿਰਦਿਆਂ ਨੂੰ ਗੁਰਬਾਣੀ ਦਾ ਛਿੱਟਾ ਦੇ ਕੇ ਪ੍ਰਭੂ ਸਿਮਰਨ ਦਾ ਮਾਰਗ ਦਰਸਾਇਆ ਤੇ ਸਿੱਖੀ ਦਾ ਮੁੱਢ ਬੰਨ੍ਹਿਆ। ਉਪਰੰਤ ਗੁਰੂ ਅੰਗਦ ਦੇਵ ਜੀ ਤੋਂ ਲੈ ਕੇ ਗੁਰੂ ਤੇਗ ਬਹਾਦਰ ਸਾਹਿਬ ਤਕ ਗੁਰੂ ਸਾਹਿਬਾਨ ਨੇ ਆਪਣਾ ਤਪ-ਤੇਜ਼ ਤੇ ਸ਼ਹੀਦੀਆਂ ਨਾਲ ਸਿੱਖੀ ਨੂੰ ਪ੍ਰਫੁੱਲਤ ਕੀਤਾ। ਗੁਰੂ ਗੋਬਿੰਦ ਸਿੰਘ ਜੀ ਨੇ ਆਪਣਾ ਸਰਬੰਸ ਵਾਰ ਕੇ ਸਿੱਖੀ ਦੀਆਂ ਜੜ੍ਹਾਂ ਨੂੰ ਹੋਰ ਗਹਿਰਾਈ ਦਿੱਤੀ। ਸਿੱਖੀ ਦੇ ਇਸ ਪੌਦੇ ਦੀ ਪਰਵਰਿਸ਼ ਲਈ ਗੁਰੂ ਸਾਹਿਬਨੇ ਆਪਣੇ ਗੁਰਮੁਖ ਪਿਆਰੇ ਤੇ ਸੰਤ ਸੂਰੇ ਭੇਜੇ।

ਸਿੱਖੀ ਦੇ ਬੂਟੇ ਦੀ ਤਾ-ਉਮਰ ਪਰਵਰਿਸ ਕਰਨ ਵਾਲੇ ਸੰਤ ਅਤਰ ਸਿੰਘ ਦਾ ਜਨਮ ਪਿੰਡ ਚੀਮਾ, ਜ਼ਿਲ੍ਹਾ ਸੰਗਰੂਰ ਵਿਖੇ ਚੇਤ ਸੁਦੀ ਏਕਮ 1923 ਬਿਕਰਮੀ (17 ਮਾਰਚ 1866) ਨੂੰ ਮਾਤਾ ਭੋਲੀ ਜੀ ਤੇ ਪਿਤਾ ਕਰਮ ਸਿੰਘ ਦੇ ਗ੍ਰਹਿ ਵਿਖੇ ਹੋਇਆ। ਉਨ੍ਹਾਂ ਨੇ ਪਿੰਡ ਦੇ ਹੀ ਭਾਈ ਬੂਟਾ ਸਿੰਘ ਪਾਸੋਂ ਗੁਰਮੁਖੀ ਪੜ੍ਹਨੀ-ਲਿਖਣੀ ਸਿੱਖੀ ਤੇ ਪਿਤਾ ਦੇ ਨਾਲ ਘਰ ਦਾ ਕੰਮ ਤੇ ਖੇਤੀਬਾੜੀ ਵੀ ਕਰਦੇ। 1883 ਵਿਚ ਉਹ ਫ਼ੌਜ 'ਚ ਭਰਤੀ ਹੋ ਗਏ। ਪਲਟਣ ਵਿਚ ਹੀ ਪੰਜਾਂ ਪਿਆਰਿਆਂ ਪਾਸੋਂ ਅੰਮ੍ਰਿਤ ਛਕਿਆ। 1888 'ਚ ਉਨ੍ਹਾਂ ਨੇ ਫ਼ੌਜ ਦੀ ਸੇਵਾ ਛੱਡ ਦਿੱਤੀ ਤੇ ਡੇਰਾ ਗਾਜ਼ੀ ਖ਼ਾਂ ਤੋਂ ਪੈਦਲ ਚੱਲ ਕੇ ਸ੍ਰੀ ਹਜ਼ੂਰ ਸਾਹਿਬ, ਨਾਂਦੇੜ ਪੁੱਜੇ। ਹਜ਼ੂਰ ਸਾਹਿਬ ਵਿਖੇ ਦੋ ਸਾਲ ਵਾਹਿਗੁਰੂ ਗੁਰ-ਮੰਤਰ ਦਾ ਸਿਮਰਨ, ਮੂਲ ਮੰਤਰ, ਗੁਰ-ਸ਼ਬਦ ਤੇ ਜਪੁਜੀ ਸਾਹਿਬ ਦੇ ਪਾਠਾਂ ਦੀ ਅਤੁੱਟ ਅਰਾਧਨਾ ਕੀਤੀ ਤੇ ਫਿਰ ਪੈਦਲ ਹਜ਼ੂਰ ਸਾਹਿਬ ਤੋਂ ਹਰਿਦੁਆਰ ਤੇ ਰਿਸ਼ੀਕੇਸ਼ ਆਏ ਤੇ ਇਕ ਸਾਲ ਅਤੁੱਟ ਨਾਮ ਅਭਿਆਸ ਕੀਤਾ। ਸ਼ਾਹਾਂ ਦੀ ਢੇਰੀ ਪਿੰਡ 'ਚ ਭਾਈ ਗੁਰਮੁਖ ਸਿੰਘ ਦੀ ਬੇਨਤੀ 'ਤੇ 9 ਮਹੀਨੇ ਠਹਿਰੇ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਾਠ ਕੀਤੇ।

**ਜਨਮ ਦਿਨ 'ਤੇ ਵਿਸ਼ੇਸ਼**



ਪੰਜਾ ਸਾਹਿਬ ਦੇ ਦਰਸ਼ਨ ਕਰ ਕੇ ਕੁਹਮਰੀ ਪਾਸ ਬਿਲਕੁਲ ਇਕਾਂਤ ਪਹਾੜੀ 'ਤੇ ਕੁਝ ਸਮਾਂ ਅਤੁੱਟ ਸਿਮਰਨ ਕੀਤਾ। 1893 'ਚ ਕਨੋਹੇ ਪਿੰਡ ਕੋਲ ਇਕ ਘਣੀ ਝੰਗੀ (ਜੰਗਲ) 'ਚ ਉਨ੍ਹਾਂ ਨੇ ਪਹਿਲਾਂ 40 ਦਿਨ, ਫਿਰ ਛੇ ਮਹੀਨੇ ਤੇ ਫਿਰ ਇਕ ਸਾਲ ਅਤੁੱਟ ਸਿਮਰਨ ਕੀਤਾ। ਇਸ ਮਹਾਨ ਤਪ ਨਾਲ ਸੰਤ ਜੀ ਦੀ ਪਵਿੱਤਰ ਸੋਅ ਇਲਾਕੇ ਵਿਚ ਫੈਲ ਗਈ ਤੇ ਸੰਗਤਾਂ ਦਰਸ਼ਨ ਲਈ ਆਉਣ ਲੱਗੀਆਂ। ਸ਼ਬਦ ਕੀਰਤਨ ਤੇ ਗੁਰੂ ਕੇ ਲੰਗਰ ਵਰਤਣ ਲੱਗੇ। ਸੰਤ ਜੀ ਨੇ ਪੋਠੋਹਾਰ, ਰਾਵਲਪਿੰਡੀ, ਮਾਲਵਾ, ਦੁਆਬਾ, ਮਾਝਾ, ਦਿੱਲੀ ਤੇ ਦੇਸ਼ ਦੇ ਹੋਰ ਹਿੱਸਿਆਂ 'ਚ ਸੰਗਤਾਂ ਨੂੰ ਗੁਰੂ-ਸ਼ਬਦ ਨਾਲ ਜੋੜਿਆ। ਆਪ ਨੇ ਸੰਗਤਾਂ ਨੂੰ ਦ੍ਰਿੜਾਇਆ ਕਿ ਦੇਹ ਅੱਜ ਤਕ ਗੁਰੂ ਨਹੀਂ ਹੋਈ ਤੇ ਹਰ ਥਾਂ ਵਸਿਆ ਸ਼ਬਦ-ਗੁਰੂ ਹੀ ਉੱਤਮ ਹੈ।

ਉਨ੍ਹਾਂ ਨੇ ਗੁਰ ਸਾਗਰ ਮਸਤੂਆਣਾ, ਗੁਰੂ ਕਾਂਸ਼ੀ ਦਮਦਮਾ ਸਾਹਿਬ ਤੇ ਕਈ ਹੋਰ ਗੁਰਦੁਆਰਿਆਂ ਦੀ ਮਹਾਨ ਸੇਵਾ ਕਰਵਾਈ। ਉਨ੍ਹਾਂ ਆਪਣੇ ਜੀਵਨ 'ਚ ਲਗਪਗ 14 ਲੱਖ ਪ੍ਰਾਣੀਆਂ ਨੂੰ ਗੁਰ ਗੋਬਿੰਦ ਸਿੰਘ ਜੀ ਦੇ ਬਖ਼ਸ਼ੇ ਹੋਏ ਖੰਡੇ ਬਾਟੇ ਦਾ ਅੰਮ੍ਰਿਤਪਾਨ ਕਰਵਾ ਕੇ ਗੁਰੂ ਨਾਲ ਜੋੜਿਆ। ਪੰਥ ਦੀਆਂ ਕਈ ਮਹਾਨ ਹਸਤੀਆਂ ਮਾਸਟਰ ਤਾਰਾ ਸਿੰਘ, ਭਾਈ ਹਰਕਿਸ਼ਨ ਸਿੰਘ, ਮਲਕ ਮੋਹਨ ਸਿੰਘ, ਸਾਬਕਾ ਰਾਜਦੂਤ ਮਲਕ ਹਰਦਿੱਤ ਸਿੰਘ, ਸੰਤ ਤੇਜਾ ਸਿੰਘ ਤੇ ਸਿੱਖ ਰਿਆਸਤਾਂ ਦੇ ਕਈ ਰਾਜਿਆਂ-ਮਹਾਰਾਜਿਆਂ ਨੇ ਵੀ ਉਨ੍ਹਾਂ ਦੁਆਰਾ ਪੰਜਾਂ ਪਿਆਰਿਆਂ ਤੋਂ ਅੰਮ੍ਰਿਤ ਛਕਿਆ ਤੇ ਗੁਰੂ ਕਲਗੀਆਂ ਵਾਲੇ ਦੇ ਚਰਨਾਂ ਨਾਲ ਜੁੜੇ।

ਵਿੱਦਿਆ ਦੇ ਖੇਤਰ 'ਚ ਵੀ ਸੰਤ ਅਤਰ ਸਿੰਘ ਮਸਤੂਆਣੇ ਵਾਲਿਆਂ ਨੇ ਮਹਾਨ ਸੇਵਾ ਕੀਤੀ। ਮਸਤੂਆਣਾ ਸਾਹਿਬ ਵਿਖੇ 1906 ਵਿਚ ਲੜਕੀਆਂ ਦਾ ਸਕੂਲ ਖੋਲ੍ਹਿਆ ਤੇ ਫਿਰ ਹੋਰ ਕਈ ਸਕੂਲਾਂ ਤੇ ਅਕਾਲ ਡਿਗਰੀ ਕਾਲਜ ਦੀ ਸਥਾਪਨਾ ਕੀਤੀ। ਹੋਰਨਾਂ ਇਲਾਕਿਆਂ 'ਚ ਸਕੂਲਾਂ-ਕਾਲਜਾਂ ਦੀ ਨੀਂਹ ਰੱਖੀ। ਸਿੱਖ ਐਜੂਕੇਸ਼ਨਲ ਕਾਨਫਰੈਂਸ 'ਚ ਹਾਜ਼ਰੀ ਭਰੀ ਤੇ ਅਧਿਆਤਮਕ ਅਗਵਾਈ ਕੀਤੀ। ਮਦਨ ਮੋਹਨ ਮਾਲਵੀਆ ਤੇ ਹੋਰ ਰਾਜੇ-ਮਹਾਰਾਜਿਆਂ ਦੀ ਬੇਨਤੀ 'ਤੇ ਬਨਾਰਸ ਹਿੰਦੂ ਯੂਨੀਵਰਸਿਟੀ ਦੇ ਪਹਿਲੇ ਸੰਸਕ੍ਰਿਤ ਕਾਲਜ ਦੀ ਨੀਂਹ ਰੱਖੀ। ਮਸਤੂਆਣਾ ਸਾਹਿਬ ਨੂੰ ਸਿੱਖੀ ਦਾ ਵੱਡਾ ਕੇਂਦਰ ਬਣਾ ਕੇ ਉੱਥੇ ਦੁਨਿਆਵੀ ਸਾਇੰਸ ਤੇ ਗੁਰਬਾਣੀ ਦੀ ਵਿੱਦਿਆ ਦੇਣ ਦਾ ਪ੍ਰਬੰਧ ਕੀਤਾ। ਕਲਗੀਧਰ ਪਾਤਸ਼ਾਹ ਦੇ ਹੁਕਮਾਂ ਦੀ ਪਾਲਣਾ ਕਰਦਿਆਂ ਹੋਇਆਂ ਉਹ 01 ਫਰਵਰੀ 1927 ਨੂੰ ਰੱਬੀ ਜੋਤੀ 'ਚ ਲੀਨ ਹੋ ਗਏ।

ਸੰਤ ਅਤਰ ਸਿੰਘ ਜੀ ਦੇ ਆਸੇ ਅਨੁਸਾਰ ਉਨ੍ਹਾਂ ਦੇ ਮਾਰਗ 'ਤੇ ਚੱਲਦਿਆਂ ਸੰਤ ਇਕਬਾਲ ਸਿੰਘ ਨੇ 1986 ਵਿਚ ਪੰਜ ਬੱਚਿਆਂ ਨਾਲ ਅਕਾਲ ਅਕੈਡਮੀ ਬੜੂ ਸਾਹਿਬ ਦੀ ਆਰੰਭਤਾ ਕੀਤੀ। 1989 ਵਿਚ ਅਕਾਲ ਅਕੈਡਮੀ ਬੜੂ ਸਾਹਿਬ ਨੂੰ ਸੀਬੀਐੱਸਈ ਪਾਸੋਂ ਮਾਨਤਾ ਪ੍ਰਾਪਤ ਹੋਈ। ਇਸ ਤੋ ਬਾਅਦ ਸੰਤ ਇਕਬਾਲ ਸਿੰਘ ਜੀ ਨੂੰ ਸੰਗਤ ਨੇ ਬੇਨਤੀ ਕੀਤੀ ਕਿ ਪੰਜਾਬ ਵਿਚ ਹੋਰ ਅਕਾਲ ਅਕੈਡਮੀਆਂ ਖੋਲ੍ਹੀਆਂ। ਉਨ੍ਹਾਂ ਵੱਲੋਂ 1993 ਵਿਚ ਪਹਿਲੀ ਅਕਾਲ ਅਕੈਡਮੀ ਸ੍ਰੀ ਮੁਕਤਸਰ ਸਾਹਿਬ ਤੇ ਅਕਾਲ ਅਕੈਡਮੀ ਚੀਮਾ ਸਾਹਿਬ ਵਿਖੇ ਸ਼ੁਰੂ ਕੀਤੀ ਗਈ।।ਅੱਜ ਪੰਜਾਬ, ਹਰਿਆਣਾ, ਰਾਜਸਥਾਨ, ਯੂਪੀ ਆਦਿ ਵਿਚ ਕਲਗੀਧਰ ਟਰੱਸਟ ਅਧੀਨ ਕਰੀਬ 150 ਅਕਾਲ ਅਕੈਡਮੀਆਂ, ਅਕਾਲ ਯੂਨੀਵਰਸਿਟੀ, ਅਕਾਲ ਚੈਰੀਟੇਬਲ ਹਸਪਤਾਲ, ਅਕਾਲ ਨਸ਼ਾ ਛੁਡਾਊ ਕੇਂਦਰ, ਅਕਾਲ ਗੁਰਮਤਿ ਵਿੱਦਿਆਲੇ ਚੱਲ ਰਹੇ ਹਨ।

ਸੰਤ ਅਤਰ ਸਿੰਘ ਮਸਤੂਆਣਾ ਦੇ ਜਨਮ ਦਿਨ ਮੌਕੇ 15, 16 ਅਤੇ 17 ਮਾਰਚ ਨੂੰ ਚੀਮਾ ਸਾਹਿਬ ਵਿਖੇ ਸੰਤ ਸਮਾਗਮ ਸ਼ਰਧਾ ਅਤੇ ਉਤਸ਼ਾਹ ਨਾਲ ਕਰਵਾਏ ਜਾ ਰਹੇ ਹਨ। •

94178-97759

# ਕੁਰਾਲੀ ਦਾ ਪ੍ਰਸਿੱਧ ਸ਼ੀਤਲਾ ਮਾਤਾ ਮੇਲਾ

**ਕਪਿਲ ਮੋਹਨ ਅੱਗਰਵਾਲ**

ਸ਼ੀਤਲਾ ਮਾਤਾ ਆਪਣੇ ਭਗਤਾਂ ਦੇ ਤਨ-ਮਨ ਨੂੰ ਸ਼ੀਤਲ ਅਤੇ ਪਵਿੱਤਰ ਕਰਦੀ ਹੈ। ਜ਼ਿਲ੍ਹਾ ਮੋਹਾਲੀ ਦੇ ਸ਼ਹਿਰ ਕੁਰਾਲੀ ਵਿਖੇ ਸ਼ੀਤਲਾ ਮਾਤਾ ਦਾ ਮੇਲਾ ਕਈ ਦਹਾਕਿਆਂ ਤੋਂ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਜਾਂਦਾ ਹੈ। ਇਹ ਮੇਲਾ ਪੂਰੇ ਪੰਜਾਬ ਵਿਚ ਆਪਣੀ ਵਿਲੱਖਣ ਪਛਾਣ ਬਣਾ ਚੁੱਕਾ ਹੈ। ਲੱਖਾਂ ਦੀ ਗਿਣਤੀ ਵਿਚ ਲੋਕ ਇਸ ਮੇਲੇ 'ਚ ਆਉਂਦੇ ਹਨ। ਸ਼ੀਤਲਾ ਮਾਤਾ ਨੂੰ ਮੱਥਾ ਟੇਕਦੇ ਹਨ ਤੇ ਪਰਿਵਾਰ ਦੀ ਸੁੱਖ-ਸ਼ਾਂਤੀ ਤੇ ਬੱਚਿਆਂ ਨੂੰ ਸਰੀਰਕ ਕਸ਼ਟ ਤੋਂ ਬਚਾਉਣ ਲਈ ਪ੍ਰਾਰਥਨਾ ਕਰਦੇ ਹਨ। ਕੁਰਾਲੀ ਦੇ ਨਜਦੀਕ ਪੈਂਦੇ ਪਿੰਡ ਅਤੇ ਦਰਿਆ ਪਾਰ ਘਾਟ ਦੇ ਇਲਾਕੇ ਦੇ ਲੋਕ, ਨੂਰਪੁਰ ਬੇਦੀ, ਬਲਾਚੌਰ ਅਤੇ ਗੜ੍ਹਸ਼ੰਕਰ ਤਕ ਦੇ ਲੋਕ ਮੇਲੇ ਤੋਂ ਇਕ ਦਿਨ ਪਹਿਲਾ ਹੀ ਕੁਰਾਲੀ ਪਹੁੰਚ ਜਾਂਦੇ ਹਨ। ਸ਼ੀਤਲਾ ਮਾਤਾ ਦੀ ਮਹਿਮਾ ਦਾ ਗੁਣਗਾਨ ਕਰਦੇ ਹਨ।

ਸ਼ੀਤਲਾ ਮਾਤਾ ਦਾ ਇਹ ਮੇਲਾ ਚੇਤਰ ਦੇ ਮਹੀਨੇ ਬਹਿੜੀਏ ਵਾਲੇ ਦਿਨ ਬੜੀ ਸ਼ਰਧਾ ਤੇ ਆਸਥਾ ਨਾਲ ਮਨਾਇਆ ਜਾਂਦਾ ਹੈ। ਲੋਕ ਮੇਲੇ ਤੋਂ ਇਕ ਦਿਨ ਪਹਿਲਾਂ ਤਿਆਰ ਕੀਤੇ ਗੁਲਗੁਲੇ, ਮਿੱਠੀਆਂ ਪੂਰੀਆਂ, ਮਿੱਠੇ ਚੌਲ, ਵੇਸਣ ਅਤੇ ਦਾਲ ਦੀਆਂ ਪੂਰੀਆਂ ਮਾਤਾ ਨੂੰ ਚੜ੍ਹਾਉਂਦੇ ਹਨ ਤੇ ਬਾਲ-ਬੱਚਿਆਂ ਦੀ ਸੁੱਖ ਮੰਗਦੇ ਹਨ। ਕੱਚੀ ਲੱਸੀ ਤੇ ਕੱਚਾ ਦੁੱਧ ਵੀ ਮਾਤਾ ਨੂੰ ਅਰਪਿਤ ਕੀਤਾ ਜਾਂਦਾ ਹੈ।



## ਪੌਰਾਣਿਕ ਕਥਾ

ਇਕ ਪੌਰਾਣਿਕ ਕਥਾ ਅਨੁਸਾਰ ਮਾਤਾ ਸ਼ੀਤਲਾ ਦੀ ਉਤਪਤੀ ਭਗਵਾਨ ਬ੍ਰਹਮਾ ਜੀ ਤੋਂ ਹੋਈ ਸੀ। ਬ੍ਰਹਮਾ ਜੀ ਨੇ ਸ਼ੀਤਲਾ ਮਾਤਾ ਨੂੰ ਧਰਤੀ 'ਤੇ ਪੂਜੇ ਜਾਣ ਲਈ ਭੇਜਿਆ ਸੀ। ਦੇਵ ਲੋਕ ਤੋਂ ਮਾਤਾ ਸ਼ੀਤਲਾ ਧਰਤੀ 'ਤੇ ਪ੍ਰਗਟ ਹੋਈ।

ਉਸ ਸਮੇਂ ਦੇ ਰਾਜਾ ਵਿਰਾਟ ਨੇ ਸ਼ੀਤਲਾ ਮਾਤਾ ਨੂੰ ਆਪਣੇ ਰਾਜ ਵਿਚ ਕੋਈ ਸਥਾਨ ਨਾ ਦਿੱਤਾ। ਮਾਤਾ ਸ਼ੀਤਲਾ ਗੁੱਸੇ 'ਚ ਆ ਗਈ ਤੇ ਉਸ ਰਾਜ ਦੀ ਪਰਜਾ ਦੇ ਸਰੀਰ 'ਤੇ ਲਾਲ ਦਾਣੇ ਨਿਕਲ ਆਏ। ਲੋਕ ਮਾਤਾ ਦੇ ਇਸ ਪ੍ਰਕੋਪ ਤੋਂ ਬਹੁਤ ਦੁਖੀ ਹੋਏ। ਰਾਜੇ ਨੂੰ ਗ਼ਲਤੀ ਦਾ ਅਹਿਸਾਸ ਹੋਇਆ ਤੇ ਉਸ ਨੇ ਆਪਣੇ ਰਾਜ ਦਰਬਾਰ ਵਿਚ ਮਾਤਾ ਨੂੰ ਉਚਿਤ ਸਥਾਨ ਤੇ ਸਤਿਕਾਰ ਦਿੱਤਾ। ਪਰਜਾ ਨੇ ਮਾਤਾ ਸ਼ੀਤਲਾ ਨੂੰ ਖ਼ੁਸ਼ ਰੱਖਣ ਲਈ ਉਨ੍ਹਾਂ ਨੂੰ ਕੱਚੀ ਲੱਸੀ, ਗੁਲਗੁਲੇ, ਮਿੱਠੀ ਪੂਰੀ ਤੇ ਮਿੱਠੇ ਚੌਲਾਂ ਦਾ ਭੋਗ ਲਗਾਇਆ। ਮਾਤਾ ਦੇ ਆਸ਼ੀਰਵਾਦ ਨਾਲ ਸਾਰੇ ਬਿਲਕੁਲ ਠੀਕ ਹੋ ਗਏ। ਉਸ ਸਮੇਂ ਤੋਂ ਹਰ ਸਾਲ ਲੋਕ ਸ਼ੀਤਲਾ ਮਾਤਾ ਦੀ ਸ਼ਰਧਾ ਨਾਲ ਪੂਜਾ ਕਰਦੇ ਆ ਰਹੇ ਹਨ। •

94655-96231

## ਅਹਿਲ-ਏ-ਤਸੱਵੁਫ਼

**ਪ੍ਰੋ. ਗੁਰਚਰਨ ਸਿੰਘ ਤਲਵਾੜਾ**

ਅਹਿਲ-ਏ-ਤਸੱਵੁਫ਼ ਸੂਫ਼ੀ ਦਰਵੇਸ਼ਾਂ ਨੂੰ ਕਿਹਾ ਜਾਂਦਾ ਹੈ। ਇਹ ਲੋਕ ਸੂਫ਼ ਦਾ ਪਹਿਰਾਵਾ ਧਾਰਨ ਕਰਿਆ ਕਰਦੇ ਸਨ ਅਤੇ ਦਿਲਾਂ ਦੀ ਸਫ਼ਾਈ ਨੂੰ ਅਹਿਮੀਅਤ ਦੇ ਕੇ ਅੱਲਾਹ ਦੀ ਇਬਾਦਤ ਵਿਚ ਲੀਨ ਰਹਿੰਦੇ ਸਨ। ਇਨ੍ਹਾਂ ਸੂਫ਼ੀ ਦਰਵੇਸ਼ਾਂ ਨੂੰ ਹੀ ਅਹਿਲ-ਏ-ਸੁੱਫ਼ਾ ਕਿਹਾ ਜਾਂਦਾ ਹੈ। ਅਰਬ ਵਿਚ ਜਦੋਂ ਕੋਈ ਵਿਅਕਤੀ ਸੂਫ਼ ਦੇ ਬਸਤਰ ਪਹਿਨਦਾ ਸੀ ਤਾਂ ਅਰਬ ਦੇ ਲੋਕ ਕਹਿੰਦੇ ਸਨ-ਤਸੱਵੁਫ਼, ਅਰਥਾਤ ਸੂਫ਼ ਦਾ ਪਹਿਰਾਵਾ ਗ੍ਰਹਿਣ ਕੀਤਾ। ਅਹਿਲ-ਏ-ਤਸੱਵੁਫ਼ ਦੇ ਤਿੰਨ ਦਰਜੇ ਮੰਨੇ ਜਾਂਦੇ ਹਨ- ਸੂਫ਼ੀ, ਮੁੱਤਸੱਵਫ਼ ਅਤੇ ਮੁਸਤਸੱਵੁਫ਼।

ਸੂਫ਼ੀ ਉਸ ਨੂੰ ਕਹਿੰਦੇ ਹਨ ਜੋ ਆਪਣੀ ਹਸਤੀ ਨੂੰ ਫਨਾਹ ਕਰ ਕੇ ਅੱਲਾਹ ਨਾਲ ਵਿਸਾਲ ਕਰ ਲਵੇ ਅਤੇ ਨਫ਼ਸਾਨੀ ਖ਼ਾਹਿਸ਼ਾਂ ਨੂੰ ਮਿਟਾ ਕੇ ਹਕੀਕਤ ਨੂੰ ਜਾਣ ਚੁੱਕਿਆ ਹੋਵੇ। ਮੁਤਸੱਵੁਫ਼ ਉਹ ਹੈ ਜੋ ਇਬਾਦਤ ਅਤੇ ਰਿਆਜ਼ਤ ਕਰ ਰਿਹਾ ਹੈ ਅਤੇ ਮੰਜ਼ਿਲ ਤਕ ਪਹੁੰਚਣ ਲਈ ਯਤਨਸ਼ੀਲ ਹੈ। ਮੁਸਤਸੱਵੁਫ਼ ਉਹ ਹੈ ਜੋ ਸੂਫ਼ੀ ਤਾਂ ਨਹੀਂ ਹੈ ਲੇਕਿਨ ਸੂਫ਼ੀਆਂ ਦੀ ਨਕਲ ਕਰਦਾ ਹੈ, ਨਕਲੀ ਸੂਫ਼ੀ ਹੈ। ਮਾਲੋ-ਦੌਲਤ ਅਤੇ ਵਡਿਆਈ ਦੀ ਖ਼ਾਤਰ ਸੂਫ਼ੀ ਹੋਣ ਦਾ ਢੋਂਗ ਕਰਦਾ ਹੈ ਅਤੇ ਭੋਲੇ-ਭਾਲੇ ਲੋਕਾਂ ਨੂੰ ਗੁੰਮਰਾਹ ਕਰ ਰਿਹਾ ਹੈ। ਐਸੇ ਨਕਲੀ, ਭੇਖੀ ਤੇ ਪਖੰਡੀ ਸੂਫ਼ੀਆਂ ਤੋਂ ਸੁਚੇਤ ਰਹਿਣ ਦੀ ਲੋੜ ਹੈ। •

94634-63193



# ਬਾਬਾ ਸ੍ਰੀਚੰਦ ਜੀ ਦਾ ਗੁਰਦੁਆਰਾ ਸ੍ਰੀ ਟਾਹਲੀ ਸਾਹਿਬ, ਗਾਹਲੜੀ



ਪ੍ਰੋ. ਮਨਪ੍ਰੀਤ ਗੋਰਾਇਆ
98722-79258

**ਬਾਬਾ ਸ੍ਰੀਚੰਦ ਜੀ ਨਾਲ ਸਬੰਧਤ ਕੁਝ ਸਾਖੀਆਂ 'ਚ ਇਸ ਸਥਾਨ ਦਾ ਜ਼ਿਕਰ ਜ਼ਰੂਰ ਆਉਂਦਾ ਹੈ। ਬਾਬਾ ਸ੍ਰੀਚੰਦ ਜੀ ਜਦ ਵੀ ਡੇਰਾ ਬਾਬਾ ਨਾਨਕ ਤੋਂ ਸ੍ਰੀ ਬਾਰਠ ਸਾਹਿਬ, ਪਠਾਨਕੋਟ ਜਾਂਦੇ ਸਨ ਤਾਂ ਕੁਝ ਸਮਾਂ ਇਥੇ ਜ਼ਰੂਰ ਰੁਕਦੇ ਸਨ...**

ਇਸ ਪਵਿੱਤਰ ਅਸਥਾਨ ਦੇ ਦਰਸ਼ਨ ਕਰਦਿਆ ਹੀ ਮਨ ਨੂੰ ਸ਼ਾਂਤੀ ਮਿਲਦੀ ਹੈ। ਹਰ ਪ੍ਰਾਣੀ ਤੋਂ ਜਾਣੇ-ਅਣਜਾਣੇ ਪਾਪ ਹੁੰਦੇ ਰਹਿੰਦੇ ਹਨ। ਜ਼ਿੰਦਗੀ 'ਚ ਅਜਿਹਾ ਸਮਾਂ ਵੀ ਆ ਜਾਂਦਾ ਹੈ ਜਦ ਪ੍ਰਾਣੀ ਆਪਣੇ ਔਗੁਣਾਂ 'ਤੇ ਪਛਤਾਉਂਦਾ ਹੈ। ਸਰਹੱਦੀ ਜ਼ਿਲ੍ਹੇ ਗੁਰਦਾਸਪੁਰ ਦੇ ਪਿੰਡ ਗਾਹਲੜੀ ਵਿਖੇ ਬਾਬਾ ਸ੍ਰੀਚੰਦ ਜੀ ਦੀ ਚਰਨ ਛੋਹ ਪ੍ਰਾਪਤ ਇਤਿਹਾਸਕ ਗੁਰਦੁਆਰਾ ਸ੍ਰੀ ਟਾਹਲੀ ਸਾਹਿਬ ਅਜਿਹਾ ਅਸਥਾਨ ਹੈ, ਜਿਸ ਨੂੰ ਪਾਪ ਉਤਾਰਨ ਦਾ ਵਰ ਪ੍ਰਾਪਤ ਹੈ। ਜਿਹੜਾ ਵੀ ਪ੍ਰਾਣੀ ਸ਼ਰਧਾ-ਭਾਵਨਾ ਨਾਲ ਇਸ ਅਸਥਾਨ 'ਤੇ ਨਤਮਸਤਕ ਹੁੰਦਾ ਹੈ ਉਸ ਦੇ ਪਾਪ ਉਤਰ ਜਾਂਦੇ ਹਨ। ਇਹ ਗੁਰਦੁਆਰਾ ਗੁਰਦਾਸਪੁਰ ਤੋਂ ਕਰੀਬ 10 ਕਿਲੋਮੀਟਰ ਦੂਰ ਹਲਕਾ ਦੀਨਾਨਗਰ ਦੇ ਪਿੰਡ ਗਾਹਲੜੀ ਵਿਖੇ ਸਥਿਤ ਹੈ। ਇਹ ਗੁਰਦੁਆਰਾ ਸਾਹਿਬ ਪੁਰਾਤਨ ਸਮੇਂ ਤੋਂ ਬਾਬਾ ਸ੍ਰੀਚੰਦ ਜੀ ਦੀ ਯਾਦ 'ਚ ਸਥਾਪਿਤ ਕੀਤਾ ਗਿਆ ਹੈ। ਇਸ ਸਬੰਧੀ 25 ਸਾਲ ਪਹਿਲਾਂ ਇਥੇ ਸਟੇਜ ਸਕੱਤਰ ਦੀ ਸੇਵਾ ਨਿਭਾਉਣ ਵਾਲੇ ਬਜ਼ੁਰਗ ਨੇ ਦੱਸਿਆ ਕਿ ਇਸ ਧਰਤੀ ਨੂੰ ਪਹਿਲੇ ਪਾਤਸ਼ਾਹ ਗੁਰੂ ਨਾਨਕ ਦੇਵ ਜੀ ਦੇ ਵੱਡੇ ਸਪੁੱਤਰ, ਮਹਾਨ ਤਪੱਸਵੀ ਤੇ ਲੰਬੀ ਉਮਰ (ਕਰੀਬ 152 ਸਾਲ) ਦੇ ਚਿਰਜੀਵੀ ਬਾਬਾ ਸ੍ਰੀਚੰਦ ਜੀ ਨੇ ਕਿਸੇ ਸਮੇ ਆ ਕੇ ਭਾਗ ਲਾਏ ਸਨ। ਇਸ ਅਸਥਾਨ 'ਤੇ ਦੂਰੋਂ-ਦੂਰੋਂ ਆਉਣ ਵਾਲੇ ਸ਼ਰਧਾਲੂ ਨਤਮਸਤਕ ਹੋ ਕੇ ਮੰਨਤਾਂ ਮੰਗਦੇ ਹਨ।

ਇਤਿਹਾਸ 'ਚ ਇਸ ਜਗ੍ਹਾ ਬਾਰੇ ਵਿਸਥਾਰ ਨਾਲ ਵੇਰਵਾ ਨਹੀ ਮਿਲਦਾ ਪਰ ਬਾਬਾ ਸ੍ਰੀਚੰਦ ਜੀ ਨਾਲ ਸਬੰਧਤ ਕੁਝ ਸਾਖੀਆਂ 'ਚ ਇਸ ਸਥਾਨ ਦਾ ਜ਼ਿਕਰ ਜ਼ਰੂਰ ਆਉਂਦਾ ਹੈ। ਬਾਬਾ ਸ੍ਰੀਚੰਦ ਜੀ ਜਦ ਵੀ ਡੇਰਾ ਬਾਬਾ ਨਾਨਕ ਤੋ ਸ੍ਰੀ ਬਾਰਠ ਸਾਹਿਬ (ਪਠਾਨਕੋਟ) ਜਾਂਦੇ ਸਨ ਤਾਂ ਕੁਝ ਸਮਾਂ ਇਥੇ ਜ਼ਰੂਰ ਰੁਕਦੇ ਸਨ। ਇਸ ਪਵਿੱਤਰ ਜਗ੍ਹਾ ਨਾਲ ਸਬੰਧਤ ਇਕ ਗਾਥਾ ਪ੍ਰਚਲਿਤ ਹੈ ਕਿ ਕਦੇ ਗੁਰਦੁਆਰਾ ਸਾਹਿਬ ਵਾਲੀ ਇਸ ਥਾਂ 'ਤੇ ਰਾਵੀ ਦਰਿਆ ਵਗਦਾ ਸੀ। ਦਰਿਆ ਦਾ ਤੇਜ਼ ਵਹਾਅ ਹਮੇਸ਼ਾ ਗਾਹਲੜੀ ਤੇ ਆਸ-ਪਾਸ ਦੇ ਪਿੰਡਾਂ ਦਾ ਉਜਾੜਾ ਕਰ ਜਾਂਦਾ ਸੀ। ਜਿਸ ਕਾਰਨ ਲੋਕਾਂ ਦਾ ਜਿਊਣਾ ਮੁਹਾਲ ਸੀ। ਇਕ ਵਾਰ ਜਦ ਬਾਬਾ ਸ੍ਰੀਚੰਦ ਇਸ ਜਗ੍ਹਾ ਰੁਕੇ ਤਾਂ ਇਲਾਕੇ ਦੀਆਂ ਸੰਗਤਾਂ ਨੇ ਉਨ੍ਹਾਂ ਦੇ ਦਰਸ਼ਨਾਂ ਮੌਕੇ ਬੇਨਤੀ ਕੀਤੀ ਕਿ ਇਹ ਰਾਵੀ ਦਰਿਆ ਸਾਡੀਆਂ ਫ਼ਸਲਾਂ ਤੇ ਘਰ-ਘਾਟ ਉਜਾੜ ਰਿਹਾ ਹੈ। ਕ੍ਰਿਪਾ ਕਰਕੇ ਇਸ ਦਾ ਕੋਈ ਹੱਲ ਲੱਭੋ। ਸੰਗਤਾਂ ਦੀ ਬੇਨਤੀ ਸੁਣ ਕੇ ਬਾਬਾ ਸ੍ਰੀਚੰਦ ਜੀ, ਜੋ ਉਸ ਸਮੇ ਟਾਹਲੀ ਦੀ ਦਾਤਣ ਕਰ ਰਹੇ ਸਨ, ਨੇ ਉਸ ਨੂੰ ਰਾਵੀ ਦਰਿਆ ਦੇ ਕੰਢੇ ਗੱਡ ਕੇ ਬਚਨ ਕੀਤੇ, 'ਜਾਹ ਆਪਣਾ ਰਸਤਾ ਬਦਲ ਲੈ।' ਜਿਉਂ-ਜਿਉਂ ਗੱਡੀ ਹੋਈ ਉਹ ਦਾਤਣ ਹਰੀ ਹੋ ਕੇ ਟਾਹਲੀ ਦਾ ਰੁੱਖ ਬਣਦੀ ਗਈ ਤਿਵੇਂ-ਤਿਵੇਂ ਰਾਵੀ ਦਰਿਆ ਵੀ ਆਪਣੀ ਥਾਂ ਤੋ ਪਿੱਛੇ ਹਟਦਾ ਗਿਆ। ਇਸ ਸਮੇ ਰਾਵੀ ਦਰਿਆ ਇਸ ਪਵਿੱਤਰ ਅਸਥਾਨ ਤੋਂ ਕਰੀਬ 4 ਕਿਲੋਮੀਟਰ ਦੀ ਦੂਰੀ 'ਤੇ ਵਗਦਾ ਹੈ। ਇਸ ਤਰ੍ਹਾਂ ਇਹ ਅਸਥਾਨ ਗੁਰਦੁਆਰਾ ਸ੍ਰੀ ਟਾਹਲੀ ਸਾਹਿਬ ਗਾਹਲੜੀ ਵਜੋਂ ਪ੍ਰਸਿੱਧ ਹੋ ਗਿਆ। ਇਸ ਅਸਥਾਨ ਦੀ ਸੇਵਾ ਇਥੋਂ ਦੇ ਵਾਸਨੀਕ ਬੇਦੀ ਸਾਹਿਬ (ਬਾਵਾ ਪਰਿਵਾਰ) ਕਈ ਸਦੀਆਂ ਤੋਂ ਕਰਦਾ ਆ ਰਿਹਾ ਸੀ ਪਰ ਪਿਛਲੇ ਕੁਝ ਸਮੇਂ ਤੋਂ ਇਸ ਦੀ ਸੇਵਾ ਇਲਾਕੇ ਦੀ ਲੋਕਲ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋ ਸ਼ਰਧਾ ਨਾਲ ਕੀਤੀ ਜਾ ਰਹੀ ਹੈ। ਇਸ ਅਸਥਾਨ 'ਤੇ ਹਰ ਮਹੀਨੇ ਮੱਸਿਆ ਦਾ ਦਿਹਾੜਾ ਸ਼ਰਧਾ ਨਾਲ ਮਨਾਇਆ ਜਾਂਦਾ ਹੈ ਅਤੇ ਹਰ ਸਾਲ ਤਿੰਨ ਦਿਨ ਵਿਸਾਖੀ ਦਾ ਮੇਲਾ ਲਗਦਾ ਹੈ। ਦੂਰ-ਦੁਰਾਂਡੇ ਤੋਂ ਸੰਗਤਾਂ ਇਥੇ ਆ ਕੇ ਨਤਮਸਤਕ ਹੁੰਦੀਆ ਹਨ।

ਇਸ ਪਵਿੱਤਰ ਅਸਥਾਨ ਬਾਰੇ ਬਾਬਾ ਸ੍ਰੀਚੰਦ ਜੀ ਦੀ ਜਨਮ ਸਾਖੀ ਵਿਚ ਦੱਸਿਆ ਗਿਆ ਹੈ ਕਿ ਜਦੋਂ ਮੀਰੀ-ਪੀਰੀ ਦੇ ਮਾਲਕ ਗੁਰੂ ਹਰਗੋਬਿੰਦ ਸਾਹਿਬ ਮੁਗ਼ਲ ਬਾਦਸ਼ਾਹ ਜਹਾਂਗੀਰ ਵੱਲੋਂ ਧੋਖੇ ਨਾਲ ਗ੍ਰਿਫ਼ਤਾਰ ਕਰ ਕੇ ਗਵਾਲੀਅਰ ਦੇ ਕਿਲ੍ਹੇ 'ਚ ਕੈਦ ਕਰ ਦਿੱਤਾ ਗਿਆ ਤਾਂ ਉਸ ਸਮੇ ਬਾਬਾ ਸ੍ਰੀਚੰਦ ਜੀ ਪਿੰਡ ਗਾਹਲੜੀ ਵਿਖੇ ਮੌਜੂਦ ਸਨ। ਉਸ ਸਮੇ ਗੁਰੂ ਅਰਜਨ ਦੇਵ ਜੀ ਦੇ ਮਹਿਲ ਮਾਤਾ ਗੰਗਾ ਜੀ ਪਿੰਡ ਗਾਹਲੜੀ ਵਿਖੇ ਬਾਬਾ ਸ੍ਰੀਚੰਦ ਜੀ ਦੇ ਦਰਸ਼ਨਾਂ ਨੂੰ ਆਏ ਤਾਂ ਬਾਬਾ ਜੀ ਨੇ ਮਾਤਾ ਗੰਗਾ ਜੀ ਤੋਂ ਗੁਰੂ ਹਰਗੋਬਿੰਦ ਸਾਹਿਬ ਤੇ ਹੋਰ ਸਿੱਖਾਂ ਬਾਰੇ ਹਾਲ-ਚਾਲ ਸੁਣਿਆ। ਉਨ੍ਹਾਂ ਨੂੰ ਗੁਰੂ ਹਰਗੋਬਿੰਦ ਸਾਹਿਬ ਬਾਰੇ ਸਾਰੀ ਗੱਲ ਸੁਣ ਕੇ ਬਹੁਤ ਦੁੱਖ ਲੱਗਾ। ਉਸ ਸਮੇਂ ਬਾਬਾ ਸ੍ਰੀਚੰਦ ਜੀ ਨੇ ਆਪਣੇ ਸੇਵਕ ਬੁੱਢਾ ਜੀ ਅਤੇ ਜੇਠੂ ਜੀ ਨੂੰ ਹੁਕਮ ਕੀਤਾ ਕਿ ਉਹ ਰਾਤ ਸਮੇਂ ਸ਼ੇਰਾਂ ਦਾ ਰੂਪ ਧਾਰਨ ਕਰ ਕੇ ਜਹਾਂਗੀਰ ਨੂੰ ਸੁਪਨੇ ਵਿਚ ਭੈ-ਭੀਤ ਕਰਨ। ਜਦੋਂ ਉਨ੍ਹਾਂ ਇਸੇ ਤਰ੍ਹਾਂ ਕੀਤਾ ਤਾਂ ਜਹਾਂਗੀਰ ਨੇ ਭੈ-ਭੀਤ ਹੋ ਕੇ ਅਹਿਲਕਾਰਾਂ ਨੂੰ ਹੁਕਮ ਦਿੱਤਾ ਕਿ ਗੁਰੂ ਹਰਗੋਬਿੰਦ ਸਾਹਿਬ ਨੂੰ ਕਿਲ੍ਹੇ ਤੋਂ ਰਿਹਾਅ ਕਰ ਦਿੱਤਾ ਜਾਵੇ। ਇਤਿਹਾਸ ਅਨੁਸਾਰ ਗੁਰੂ ਹਰਗੋਬਿੰਦ ਸਾਹਿਬ ਨੇ ਆਪਣੀ ਰਿਹਾਈ ਤੋਂ ਕੋਰੀ ਨਾਂਹ ਕਰ ਦਿੱਤੀ । ਇਸ ਸਬੰਧੀ ਜਦ ਜਹਾਂਗੀਰ ਦੇ ਸਾਥੀਆ ਨੇ ਗੁਰੂ ਸਾਹਿਬ ਨੂੰ ਪੁੱਛਿਆ ਕਿ ਰਿਹਾਅ ਨਾ ਹੋਣ ਦਾ ਕਾਰਨ ਕੀ ਹੈ ਤਾਂ ਗੁਰੂ ਸਾਹਿਬ ਨੇ ਕਿਹਾ ਕਿ ਜੋ ਕਿਲ੍ਹੇ ਵਿਚ ਕੈਦ ਕੀਤੇ ਗਏ ਰਾਜਿਆਂ ਨੂੰ ਵੀ ਉਨ੍ਹਾਂ ਦੇ ਨਾਲ ਬਿਨਾਂ ਸ਼ਰਤ ਰਿਹਾਅ ਕੀਤਾ ਜਾਵੇ। ਉਸ ਸਮੇਂ ਜਹਾਂਗੀਰ ਨੇ ਆਖਿਆ ਕਿ 'ਆਪ ਦਾ ਪੱਲਾ ਪਕੜ ਕੇ ਜਿੰਨੇ ਰਾਜੇ ਆ ਸਕਦੇ ਹਨ, ਉਨ੍ਹਾਂ ਨੂੰ ਰਿਹਾਅ ਕਰ ਦਿੱਤਾ ਜਾਵੇਗਾ। ਉਸ ਸਮੇ ਕਿਲ੍ਹੇ ਅੰਦਰ 52 ਰਾਜੇ ਸਨ। ਗੁਰੂ ਹਰਗੋਬਿੰਦ ਸਾਹਿਬ ਨੇ ਆਪਣੇ ਸਿੱਖਾਂ ਜ਼ਰੀਏ 52 ਕਲੀਆਂ ਵਾਲਾ ਚੋਲਾ ਤਿਆਰ ਕਰਵਾਇਆ, ਜਿਸ ਨੂੰ ਪਹਿਨ ਕੇ ਗੁਰੂ ਜੀ ਨੇ 52 ਰਾਜਿਆਂ ਨੂੰ ਇਹ 52 ਕਲੀਆਂ ਫੜਾ ਕੇ ਗਵਾਲੀਅਰ ਦੇ ਕਿਲ੍ਹੇ ਤੋਂ ਰਿਹਾਅ ਕਰਵਾਇਆ ਸੀ। ਗੁਰੂ ਸਾਹਿਬ ਨੇ ਗਵਾਲੀਅਰ ਤੋਂ ਦਿੱਲੀ ਅਤੇ ਦਿੱਲੀ ਤੋਂ ਸ੍ਰੀ ਅੰਮ੍ਰਿਤਸਰ ਸਿੱਖਾਂ ਨੂੰ ਦਰਸ਼ਨ ਦਿੱਤੇ। ਸਿੱਖਾਂ ਨੇ ਖ਼ੁਸ਼ੀ ਵਿਚ ਸ੍ਰੀ ਹਰਮਿੰਦਰ ਸਾਹਿਬ ਵਿਖੇ ਦੀਪਮਾਲਾ ਕੀਤੀ। •



ਕੌਮੀ ਪਤ੍ਰਿਕਾ

# ਡਾਕਟਰੀ ਪੇਸ਼ਾ



ਸੁੰਦਆਲ ਪ੍ਰੇਮੀ

ਡਾਕਟਰੀ ਪੇਸ਼ਾ ਪਵਿੱਤਰ ਮੰਨਿਆ ਜਾਂਦਾ ਹੈ। ਡਾਕਟਰ ਨੂੰ ਰੱਬ ਦਾ ਦੂਸਰਾ ਰੂਪ ਕਹਿਣ 'ਚ ਕੋਈ ਸੰਕੋਚ ਨਹੀਂ ਕੀਤਾ ਜਾਂਦਾ। ਮਰੀਜ਼ ਪ੍ਰਤੀ ਸਮਰਪਣ ਵਾਲੀ ਭਾਵਨਾ ਡਾਕਟਰ ਨੂੰ ਹਰਮਣ-ਪਿਆਰਾ ਬਣਾਉਂਦੀ ਹੈ। ਮਰੀਜ਼ ਦਾ ਤਨਦੇਹੀ ਨਾਲ ਕੀਤਾ ਇਲਾਜ ਨਵੀਂ ਜ਼ਿੰਦਗੀ ਪ੍ਰਦਾਨ ਕਰ ਸਕਦਾ ਹੈ। ਦਿਲ ਦਾ ਸਾਫ਼ ਇਨਸਾਨ ਡਾਕਟਰ ਆਪਣੀ ਬੱਲੇ-ਬੱਲੇ ਕਰਵਾ ਸਕਦਾ ਹੈ। ਵਾਰਸਾਂ ਦੇ ਸੀਨੇ ਠੰਢ ਪਾਉਂਦਾ ਹੈ। ਮਰੀਜ਼ ਨੂੰ ਤੇ ਉਸ ਦੇ ਵਾਰਸਾਂ ਨੂੰ ਸਹੀ ਜਾਣਕਾਰੀ ਦੇ ਕੇ ਬੇਲੋੜੇ ਟੈਸਟਾਂ ਦੇ ਚੱਕਰਾਂ ਤੋਂ ਕਿਨਾਰਾ ਕਰਕੇ ਮੁਸਕਾਨਾਂ ਦੀ ਮਹਿਕ ਖਿਲਾਰਣ ਵਾਲਾ ਡਾਕਟਰ ਮਰੀਜ਼ ਦੇ ਲਈ ਮਸੀਹਾ ਸਾਬਿਤ ਹੁੰਦਾ ਹੈ। ਆਪਣੇ ਪੇਸ਼ੇ ਨਾਲ ਇਨਸਾਫ ਕਰਨ ਵਾਲੇ ਸਾਊ ਡਾਕਟਰ ਦੀ ਇਲਾਕੇ 'ਚ ਪ੍ਰਸੰਸਾ ਹੋਣ ਕਰਕੇ ਮਰੀਜ਼ਾਂ ਦਾ ਵਿਸ਼ਵਾਸ ਉਸ ਵੱਲ ਹੋਣਾ ਸੁਭਾਵਿਕ ਹੈ। ਡਾਕਟਰੀ ਪੇਸ਼ਾ ਕਿੱਤੇ- ਕਿੱਤੇ ਜਲਾਦ ਦਾ ਰੂਪ ਧਾਰਨ ਕਰ ਲੈਂਦਾ ਹੈ। ਮਰੀਜ਼ ਦੀ ਜ਼ਿੰਦਗੀ ਨਾਲੋਂ ਪੈਸੇ ਨਾਲ ਹੇੜ ਜਤਾਇਆ ਜਾਂਦਾ ਹੈ। ਲੱਖਾਂ ਰੁਪਏ ਹੜੱਪ ਕੇ ਡਾਕਟਰ ਮਰੀਜ਼ਾਂ ਨੂੰ ਸ਼ਮਸ਼ਾਨ ਦੇ ਦਰ ਪਹੁੰਚਾ ਕੇ ਅਲੋਚਨਾ ਦੇ ਪਾਤਰ ਬਣਦੇ ਹਨ। ਆਮ ਤੌਰ 'ਤੇ ਮਰੀਜ਼ ਦੀ ਜ਼ਿੰਦਗੀ ਨਾਲ ਜਿੱਥੇ ਲਾਪ੍ਰਵਾਹੀ ਦਾ ਤਾਣਾ ਵਰਤਿਆ ਜਾਂਦਾ ਹੈ, ਉਥੇ ਮਰੀਜ਼ਾਂ ਦੇ ਵਾਰਸਾਂ ਨਾਲ ਵੀ ਗੈਰ ਇਨਸਾਨੀ ਵਰਤਾਰਾ ਕੀਤਾ ਜਾਂਦਾ ਹੈ। ਮਰੀਜ਼ ਦੀ ਜ਼ਿੰਦਗੀ ਨਾਲੋਂ ਪੈਸੇ ਨੂੰ ਪਹਿਲ ਦਿੱਤੀ ਜਾਂਦੀ ਹੈ। ਆਮ ਆਦਮੀ ਪ੍ਰਾਈਵੇਟ ਹਸਪਤਾਲ ਜਾਣ ਲਈ ਮਜਬੂਰ ਹੁੰਦਾ ਹੈ। ਸਰਕਾਰੀ ਹਸਪਤਾਲਾਂ 'ਚ ਮਰੀਜ਼ ਨੂੰ ਟੈਸਟਾਂ ਦੇ ਗਧੀ-ਗੇੜ 'ਚ ਪਾਇਆ ਜਾਂਦਾ ਹੈ। ਟੈਸਟ ਤੇ ਐਕਸਰੇ ਡਾਕਟਰ ਦੀ ਇੱਛਾ ਅਨੁਸਾਰ ਕਰਾ ਕੇ ਮਰੀਜ਼ ਦੀ ਛਿੱਲ ਲਾਹੀ ਜਾਂਦੀ ਹੈ। ਸਰਕਾਰੀ ਹਸਪਤਾਲਾਂ 'ਚ ਮਰੀਜ਼ਾਂ ਦੀ ਹਾਲਤ ਯਤੀਮਖਾਨੇ ਨਾਲੋਂ ਭੈੜੀ ਹੋ ਜਾਂਦੀ ਹੈ। ਸਰਕਾਰੀ ਹਸਪਤਾਲ ਦੇ ਡਾਕਟਰ ਨੂੰ ਉਸਦੀ ਕੋਠੀ ਮਰੀਜ਼ ਵਿਖਾਉਂਦਾ ਹੈ, ਫਿਰ ਵੀ ਉਸਦੇ ਹਸਪਤਾਲ 'ਚ ਨਿਗਰਾਨੀ ਕੀਤੀ ਜਾਂਦੀ ਹੈ। ਮਰੀਜ਼ਾਂ ਨੂੰ ਦਿਲ ਲਾ ਕੇ ਵੇਖਣ ਦੀ ਬਜਾਏ ਮਰੀਜ਼ਾਂ ਦੀ ਮੂਲ ਦੁਆਈ ਲਿੱਖੀ ਜਾਂਦੀ ਹੈ। ਮਰੀਜ਼ਾਂ 'ਤੇ ਬਹੁਤਾ ਸਮਾਂ ਨਹੀਂ ਲਾਇਆ ਜਾਂਦਾ ਹੈ। ਸਿਰਫ਼ ਜਾਣ-ਪਛਾਣ ਵਾਲੇ ਮਰੀਜ਼ ਨੂੰ ਧਿਆਨ ਨਾਲ ਦੇਖਿਆ ਜਾਂਦਾ ਹੈ। ਇਹੀ ਹਾਲਤ ਮੈਡੀਕਲ ਕਾਲਜ਼ ਤੇ ਹਸਪਤਾਲਾਂ 'ਚ ਦੇਖੀ ਜਾਂਦੀ ਹੈ। ਇੱਥੇ ਵੀ ਡਾਕਟਰਾਂ ਵੱਲੋਂ ਲਾਪ੍ਰਵਾਹੀ ਕਰਕੇ ਮਰੀਜ਼ ਨੂੰ ਛੇਤੀ ਹੱਥ ਨਾ ਪਾਉਣ ਕਰਕੇ ਮਰੀਜ਼ ਨੂੰ ਮੌਤ ਦੇ ਮੂੰਹ ਪਾ ਦਿੰਦੇ ਹਨ। ਫਿਰ ਜਦੋਂ ਮਰੀਜ਼ ਤੜਫਦਾ ਹੈ ਤੇ ਉਸਦੇ ਬਾਅਦ ਡਾਕਟਰ ਉਸਨੂੰ ਬਚਾਉਣ ਦੀ ਦੁਹਾਈ ਪਾਉਂਦੇ ਹਨ। ਮੌਤ ਤੋਂ ਬਾਅਦ ਪੋਸਟਮਾਰਟਮ 'ਚ ਵੀ ਲਾਸ਼ ਦੇ ਵਾਰਸਾਂ ਦੀ ਖਦਾਨ-ਖੁਦਾਰੀ ਕਰਨ 'ਚ ਜਰਾ ਵੀ ਤਰਸ ਨਹੀਂ ਕੀਤਾ ਜਾਂਦਾ। ਲੜਾਈ-ਝਗੜੇ, ਕੁਟਾਈ-ਮਾਰ ਕਾਰਨ ਵੱਜੀਆਂ ਸੱਟਾਂ ਡੂੰਘੇ ਜ਼ਖ਼ਮਾਂ 'ਚ ਵੀ ਡਾਕਟਰੀ ਰਿਪੋਰਟ 'ਚ ਸੱਚਾਈ ਨਹੀਂ ਆਉਣ ਦਿੰਦੇ। ਅਦਾਲਤ 'ਚ ਸਰਕਾਰੀ ਡਾਕਟਰ ਦੀ ਰਿਪੋਰਟ ਅਹਿਮੀਅਤ ਕਰਕੇ ਦੋਸ਼ੀ ਨੂੰ ਬਚਾਇਆ ਜਾਂਦਾ ਹੈ। ਕਿਤੇ ਮਾਮੂਲੀ ਸਜ਼ਾਂ ਹੋਣ ਕਰਕੇ ਤੁਰੰਤ ਜਮਾਨਤ ਵੀ ਮਿਲ ਜਾਂਦੀ ਹੈ। ਸਰਕਾਰੀ ਨੌਕਰੀ 'ਚ ਸਬੰਧੰਤ ਮਹਿਕਮੇ 'ਚ ਕਰਮਚਾਰੀ ਤਾਂ ਹੀ ਹਾਜ਼ਰ ਹੋ ਸਕਦੇ ਹਨ ਜੇ ਮੈਡੀਕਲ ਫਿਟਨੈਸ ਸਰਟੀਫਿਕੇਟ ਨਸੀਬ ਹੋਵੇ। ਪੇਂਡੂ ਡਿਸਪੈਂਸਰੀਆਂ 'ਚ ਆਮਤੌਰ 'ਤੇ ਡਾਕਟਰ ਲੇਟ ਲਤੀਫ ਹੀ ਆਉਂਦੇ ਹਨ। ਡਿਊਟੀ ਦਾ ਪਾਬੰਦ ਵਿਰਲਾ ਡਾਕਟਰ ਸਮੇਂ ਸਿਰ ਡਿਸਪੈਂਸਰੀ ਪਹੁੰਚ ਕੇ ਮਰੀਜ਼ਾਂ ਦੀ ਸੇਵਾ 'ਚ ਜੁੱਟ ਜਾਂਦੇ ਹਨ। ਸਰਕਾਰੀ ਹਸਪਤਾਲਾਂ 'ਚ ਡਿਸਪੈਂਸਰੀਆਂ 'ਚ ਦਵਾਈਆਂ ਦੀ ਘਾਟ ਗਰੀਬ ਮਰੀਜ਼ਾਂ ਦੀ ਸਿਰ ਦਰਦੀ ਬਣ ਜਾਂਦੀ ਹੈ। ਸਟਾਕ ਵਿੱਚੋਂ ਕੁੱਝ ਅਹਿਮ ਤੇ ਮੰਹਿਗੀਆਂ ਦਵਾਈਆਂ ਪੀਕੇ ਗੁਲੂਕੋਸ ਮਿਲੀਭਗਤ ਰਾਹੀਂ ਗਾਇਬ ਕਰਕੇ ਪੈਸੇ ਜੇਬ 'ਚ ਪਾਏ ਜਾਂਦੇ ਹਨ। ਸਰਕਾਰੀ ਹਸਪਤਾਲਾਂ 'ਚ ਵੀ ਦਵਾਈਆਂ ਹਲਕੀਆਂ ਹੁੰਦੀਆਂ ਹਨ। ਸਰਕਾਰੀ ਡਾਕਟਰ ਨੂੰ ਪ੍ਰੈਕਟਸ ਨਾ ਹੋਣ ਕਰਕੇ ਕਾਫ਼ੀ ਫ਼ਾਇਦਾ ਚੁੱਕ ਰਹੇ ਹਨ। ਪੈਸੇ ਦੀ ਦੌੜ 'ਚ ਘਰਾਂ 'ਚ ਜਾਂ ਕੋਠੀਆਂ 'ਚ ਆਪਣੇ ਪ੍ਰਾਈਵੇਟ ਕਲੀਨਿਕ ਖੋਲ੍ਹ ਕੇ ਆਪਣੇ ਖ਼ਜ਼ਾਨੇ ਭਰ ਰਹੇ ਹਨ। ਕਈ ਡਾਕਟਰ ਤਾਂ ਕੁੱਝ ਸਾਲ ਨੌਕਰੀ ਕਰਨ ਤੋਂ ਬਾਅਦ ਆਪਣਾ ਪ੍ਰਾਈਵੇਟ ਹਸਪਤਾਲ ਖੋਲ੍ਹ ਕੇ ਖ਼ੂਬ ਹੱਟੀ ਕਰਦੇ ਹਨ। ਡਾਕਟਰੀ ਮਿਸ਼ਨ ਨੂੰ ਲੱਤ ਮਾਰ ਦਿੰਦੇ ਹਨ। ਪ੍ਰਾਈਵੇਟ ਹਸਪਤਾਲਾਂ, ਕਲੀਨਿਕਾਂ 'ਚ ਤਾਂ ਮਰੀਜ਼ਾਂ ਦੀ ਥਾਂ ਪੈਸੇ ਨੂੰ ਅੱਗੇ ਰੱਖਿਆ ਜਾਂਦਾ ਹੈ। ਇਥੇ ਬੇਤੁਕੀ ਫੀਸ ਰਾਹੀਂ ਹੋਰ ਮਹਿੰਗੀਆਂ ਦਵਾਈਆਂ ਦਿੱਤੀਆਂ ਜਾਂਦੀਆਂ ਹਨ ਜਿਸ ਨਾਲ ਇਕ ਆਮ ਇਨਸਾਨ ਦਾ ਬਹੁਤ ਔਖਾ ਹੋ ਜਾਂਦਾ ਹੈ ਤੇ ਕਈ ਵਾਰ ਤਾਂ ਪੈਸੇ ਕਰਕੇ ਇਲਾਜ ਵੀ ਨਹੀਂ ਕਰਵਾਇਆ ਜਾਂਦਾ।



98140-51099

# ਬੱਚਿਆਂ ਦੀਆਂ ਸੱਟਾਂ 'ਤੇ ਰੋਕਥਾਮ

ਡਾ. ਵੀ.ਕੇ.ਅਹੂਜਾ



**ਸੜਕੀ ਹਾਦਸੇ, ਡੁੱਬਣਾ, ਡਿੱਗਣਾ, ਅੱਗ ਲੱਗਣਾ, ਜ਼ਹਿਰੀਲੀਆਂ ਚੀਜ਼ਾਂ ਖਾ ਜਾਣਾ ਅਤੇ ਜਾਨਵਰਾਂ ਦਾ ਵੱਢਣਾ ਆਦਿ ਨੂੰ ਅਣਦੇਖਿਆ ਨਹੀਂ ਕਰਨਾ ਚਾਹੀਦਾ। ਇਨ੍ਹਾਂ ਤੋਂ ਸਾਵਧਾਨ ਰਹਿਣਾ ਚਾਹੀਦਾ ਹੈ...**

ਬਚਪਨ ਦੀਆਂ ਸੱਟਾਂ ਆਮ ਜ਼ਿੰਦਗੀ 'ਚ ਇਕ ਸਾਧਾਰਨ ਜਿਹੀ ਗੱਲ ਹੈ ਪਰ ਬਚਪਨ ਦੀਆਂ ਸੱਟਾਂ ਦੀ ਰੋਕਥਾਮ ਦਾ ਵਿਸ਼ਾ ਭਾਰਤ ਵਰਗੇ ਵਿਕਾਸਸ਼ੀਲ ਦੇਸ਼ ਵੱਲੋਂ ਅਕਸਰ ਨਜ਼ਰਅੰਦਾਜ਼ ਕੀਤਾ ਜਾ ਰਿਹਾ ਹੈ। ਬਚਪਨ ਦੀਆਂ ਸੱਟਾਂ ਦੇ ਖ਼ਤਰੇ ਬੇਸ਼ੱਕ ਦੁਨੀਆ ਦੇ ਹਰੇਕ ਦੇਸ਼ 'ਚ ਹੀ ਹਨ ਪਰ ਲਾਪ੍ਰਵਾਹੀ ਕਾਰਨ ਸਾਡੇ ਦੇਸ਼ 'ਚ ਇਹ ਇਕ ਗੰਭੀਰ ਸਮੱਸਿਆ ਹੈ। ਸਾਰੇ ਬੱਚੇ ਭਾਵੇਂ ਉਹ ਗਰੀਬ ਵਿਕਾਸ਼ਸ਼ੀਲ ਦੇਸ਼ ਜਾਂ ਵਿਕਸਿਤ ਦੇਸ਼ 'ਚ ਪੈਦਾ ਹੋਏ ਹੋਣ, ਸੁਰੱਖਿਅਤ ਅਤੇ ਸਿਹਤਮੰਦ ਵਿਕਸਿਤ ਹੋਣ ਦਾ ਹੱਕ ਰੱਖਦੇ ਹਨ।

90 ਫ਼ੀਸਦੀ ਤੋਂ ਵੱਧ ਘਾਤਕ ਸੱਟਾਂ ਘੱਟ ਅਤੇ ਦਰਮਿਆਨੀ ਆਮਦਨ ਵਾਲੇ ਦੇਸ਼ਾਂ 'ਚ ਲੱਗਦੀਆਂ ਹਨ ਤੇ ਗਰੀਬ ਲੋਕਾਂ 'ਤੇ ਉਨ੍ਹਾਂ ਦਾ ਭਾਰ ਜ਼ਿਆਦਾ ਪੈਂਦਾ ਹੈ। ਸੰਸਾਰ 'ਚ ਹਰ ਸਾਲ ਲਗਪਗ ਦਸ ਲੱਖ ਬੱਚੇ ਰੋਕਣਯੋਗ ਸੱਟਾਂ ਰਾਹੀਂ ਮਾਰੇ ਜਾਂਦੇ ਹਨ। ਕਈ ਵਾਰ ਇਸ ਤਰ੍ਹਾਂ ਦੇ ਕੇਸ ਮਿਲਦੇ ਹਨ ਕਿ ਬੱਚੇ ਸੜਕੀ ਦੁਰਘਟਨਾਵਾਂ 'ਚ ਮਾਰੇ ਜਾਂਦੇ ਹਨ। ਇਥੋਂ ਤਕ ਕਿ ਅਮਰੀਕਾ ਵਰਗੇ ਮੁਲਕ 'ਚ ਵੀ ਬੱਚਿਆਂ 'ਚ ਰੋਕਣਯੋਗ ਸੱਟਾਂ ਮੌਤ ਦਾ ਇਕ ਮੁੱਖ ਕਾਰਨ ਹੈ। ਭਾਰਤ ਸਬੰਧੀ ਸਾਡੇ ਕੋਲ ਚਾਹੇ ਸੀਮਿਤ ਅੰਕੜੇ ਹਨ ਪਰ ਮੌਤ ਦਾ ਇਕ ਮੁੱਖ ਕਾਰਨ ਹੈ ਅਤੇ ਇਥੇ ਵੀ 5 ਤੋਂ 14 ਸਾਲਾਂ ਦੇ ਬੱਚਿਆਂ 'ਚ ਦੂਜਾ ਮੌਤ ਦਾ ਵੱਡਾ ਕਾਰਨ ਬਣਦੇ ਹਨ। ਸੜਕੀ ਦੁਰਘਟਨਾਵਾਂ ਅਤੇ ਪਾਣੀ 'ਚ ਡੁੱਬਣਾ ਭਾਰਤ ਅੰਦਰ ਬੱਚਿਆਂ ਦੇ ਸੱਟਾਂ ਲੱਗਣ ਦਾ ਮੁੱਖ ਕਾਰਨ ਹਨ।

2030 ਤਕ ਸੜਕੀ ਆਵਾਜਾਈ ਸੱਟਾਂ ਦੇ ਖੇਤਰ 'ਚ ਮੌਤ ਦਾ ਪੰਜਵਾਂ ਵੱਡਾ ਕਾਰਨ ਬਣ ਜਾਵੇਗੀ ਅਤੇ ਅਪੰਗਤਾ ਕਾਰਨ ਬਰਬਾਦ ਹੋਣ ਵਾਲੇ ਲੋਕਾਂ ਦਾ ਸੱਤਵਾਂ ਵੱਡਾ ਕਾਰਨ ਬਣਨ ਦੀ ਭਵਿੱਖਬਾਣੀ ਕੀਤੀ ਗਈ ਹੈ। ਸੜਕੀ ਆਵਾਜਾਈ ਸੱਟਾਂ 15 ਤੋਂ 19 ਸਾਲਾਂ ਦੇ ਨੌਜਵਾਨ ਵਰਗ 'ਚ ਮੌਤ ਦਾ ਮੁੱਖ ਕਾਰਨ ਹੈ। ਮਾਤਾ-ਪਿਤਾ ਪੁਰਖਿਆਂ, ਪਰਿਵਾਰ ਭਾਈਚਾਰਾ ਅਤੇ ਇਥੋਂ ਤਕ ਕਿ ਕੌਮ ਲਈ ਅਪੰਗਤਾ ਰਾਹੀਂ ਬੱਚੇ ਨੂੰ ਗਵਾਉਣ ਨਾਲੋਂ ਜ਼ਿਆਦਾ ਦੁੱਖਦਾਈ ਗੱਲ ਹੋਰ ਕੋਈ ਨਹੀਂ ਹੋ ਸਕਦੀ। ਭਾਵੁਕਤਾ ਦੇ ਜ਼ਖ਼ਮ ਕਦੇ ਨਹੀਂ ਭਰ ਸਕਦੇ। ਦੁਰਘਟਨਾਵਾਂ ਟਲਣ ਦਾ ਸਿਰਫ਼ ਤਸੱਵੁਰ ਹੀ ਕੀਤਾ ਜਾ ਸਕਦਾ। ਦੁੱਖਦਾਈ ਗੱਲ ਹੈ ਕਿ ਸਾਡੇ ਦੇਸ਼ 'ਚ ਵੱਡੀ ਗਿਣਤੀ ਵਾਲੇ ਪਰਿਵਾਰ ਆਪਣੇ ਬੱਚਿਆਂ ਨੂੰ ਦੁਰਘਟਨਾਵਾਂ ਜਿਵੇਂ ਸੜਕੀ ਟੱਕਰਾਂ, ਡੁੱਬਣਾ, ਡਿੱਗਣਾ, ਅੱਗ ਲੱਗਣਾ, ਜ਼ਹਿਰੀਲੀਆਂ ਚੀਜ਼ਾਂ ਖਾ ਜਾਣਾ ਅਤੇ ਜਾਨਵਰਾਂ ਦੇ ਕੱਟਣ ਵਰਗੀਆਂ ਦੁਰਘਟਨਾਵਾਂ ਤੋਂ ਸੁਰੱਖਿਅਤ ਰੱਖਣ ਲਈ ਸੂਚਨਾਂ ਅਤੇ ਸਾਧਨਾਂ ਤੋਂ ਵਾਂਝੇ ਰੱਖੇ ਗਏ ਹਨ। ਬੱਚੇ ਤਾਂ ਬੱਚੇ ਹੀ ਹੁੰਦੇ ਹਨ ਅਤੇ ਬੱਚੇ ਹੀ ਰਹਿਣਗੇ ਅਤੇ ਕਦੇ-ਕਦੇ ਉਹ ਬੱਚੇ ਹੋਣ ਕਰਕੇ ਡਿੱਗਣ, ਤਿਲਕਣ ਅਤੇ ਟਕਰਾ ਕੇ ਸਾਰੀ ਉਮਰ ਦਾ ਦੁੱਖ ਸਹੇੜ ਲੈਂਦੇ ਹਨ। ਬਹੁਤ ਜ਼ਰੂਰੀ ਅਤੇ ਯਾਦ ਰੱਖਣਯੋਗ ਗੱਲ ਇਹ ਹੈ ਕਿ ਬਹੁਤੀਆਂ ਸੱਟਾਂ ਰੋਕਣਯੋਗ ਹਨ ਅਤੇ ਇਹ ਸੱਟਾਂ ਸਾਧਾਰਨ ਢੰਗਾਂ ਨਾਲ ਰੋਕੀਆਂ ਜਾ ਸਕਦੀਆਂ ਹਨ। ਇਹ ਕਿ ਤੁਹਾਡੀ ਰੋਕਣ ਦੀ ਇਛਾ ਹੋਵੇ। ਬਾਲ ਚਿਕਤਸਿਕ ਅਤੇ ਸੱਟਾਂ ਦਾ ਇਲਾਜ ਕਰਨ ਵਾਲੇ ਸਰਜਨ, ਹੱਡੀਆਂ ਦੇ ਮਾਹਿਰ, ਮਾਪੇ ਸੱਟਾਂ ਦੀ ਰੋਕਥਾਮ ਸਬੰਧੀ ਸੁਚੇਤ ਕਰਨ ਵਿਚ ਵੱਡੀ ਭੂਮਿਕਾ ਨਿਭਾਅ ਸਕਦੇ ਹਨ। ਸੱਟਾਂ ਨੂੰ ਉਸ ਸਰੀਰਕ ਨੁਕਸਾਨ ਵਜੋਂ ਦੇਖਿਆ ਜਾ ਸਕਦਾ ਹੈ ਜਿਹੜਾ ਸਰੀਰ ਉਤੇ ਸਹਿਣਸ਼ੀਲਤਾ ਦੇ ਦਰਵਾਜ਼ੇ ਦੀ ਹੱਦ ਤੋਂ ਵੱਧ ਤਾਕਤ ਦੀ ਅਚਾਨਕ ਫੇਟ ਦੇ ਨਤੀਜੇ ਵਜੋਂ ਹੋਏ ਸਰੀਰਕ ਨੁਕਸਾਨ ਵਜੋਂ ਪੈਦਾ ਹੋਇਆ ਹੋਵੇ। ਅਜਿਹੀ ਸੱਟ ਮਸ਼ੀਨੀ, ਥਰਮਲ, ਰਸਾਇਣਕ ਹੋ ਸਕਦੀ ਹੈ ਅਤੇ ਆਕਸੀਜਨ ਵਰਗੇ ਮਹੱਤਵਪੂਰਨ ਤੱਤਾਂ ਦੀ ਘਾਟ ਦਾ ਨਤੀਜਾ ਵੀ ਹੋ ਸਕਦੀ ਹੈ। ਵਿਚਾਰਸ਼ੀਲ ਕਾਰਵਾਈ ਰਾਹੀ ਅਤੇ ਕਿਰਿਆਸ਼ੀਲ ਹੋਣ ਕਰਕੇ ਸੱਟਾਂ ਲੱਗਣ ਤੋਂ ਰੋਕਿਆ ਜਾ ਸਕਦਾ ਹੈ।

- ਰੀੜ੍ਹ ਦੀ ਹੱਡੀ ਅਤੇ ਸਿਰ ਦੀ ਸੱਟ ਕਰ ਕੇ ਲੱਕਵੇ ਤਕ ਦੀ ਗੰਭੀਰ ਸਮੱਸਿਆ ਆ ਸਕਦੀ ਹੈ।
- ਅੰਗਾਂ ਦਾ ਕੱਟਿਆ ਜਾਣਾ।
- ਨੁਕਸਾਨੀ ਹਰਕਤਸ਼ੀਲਤਾ ਕਰਕੇ ਹੋਈ ਕਰੂਪਤਾ।
- ਮਨੋਵਿਗਿਆਨਕ ਸਦਮਾ।



## ਸੱਟਾਂ ਦਾ ਵਰਗੀਕਰਨ

### ਸੜਕੀ ਆਵਾਜਾਈ ਸੱਟਾਂ

ਸੜਕੀ ਆਵਾਜਾਈ ਸੱਟਾਂ ਆਮ ਹੀ ਲੱਗਦੀਆਂ ਹਨ। ਬੱਚਿਆਂ ਨੂੰ ਸਕੂਲ, ਖੇਡ ਦੇ ਮੈਦਾਨ ਪਹੁੰਚਣ ਜਾਂ ਸੜਕ 'ਤੇ ਖੇਡਣ ਕਰਕੇ ਸੜਕ ਪਾਰ ਕਰਨ ਦੀ ਲੋੜ ਪੈ ਸਕਦੀ ਹੈ। ਵੱਡੇ ਫਿਕਰ ਵਾਲੀ ਗੱਲ ਇਹ ਹੈ ਕਿ ਭਾਰਤ ਅਤੇ ਚੀਨ (ਸੰਸਾਰ ਦੀ ਆਬਾਦੀ ਦਾ ਛੇਵਾਂ ਹਿੱਸਾ ਹੋਣ ਕਰਕੇ) 2020 ਤਕ ਸੜਕੀ ਦੁਰਘਟਨਾਵਾਂ ਲਗਪਗ 147 ਫ਼ੀਸਦੀ ਅਤੇ 97 ਫ਼ੀਸਦੀ ਵਧਣ ਦਾ ਅੰਦਾਜ਼ਾ ਲਗਾਇਆ ਗਿਆ ਹੈ। ਆਵਾਜਾਈ ਤੋਂ ਇਲਾਵਾ ਸ਼ਰਾਬ ਦੀ ਵਰਤੋਂ, ਹੈਲਮਟ ਨਾ ਪਾਉਣਾ, ਰਫ਼ਤਾਰ ਦੀ ਹੱਦ ਦੀ ਪਾਲਣਾ ਨਾ ਕਰਨਾ, ਮੋਬਾਈਲ ਫੋਨ ਦੀ ਵਰਤੋਂ ਅਤੇ ਸੀਟ ਬੈਲਟ ਨਾ ਲਾਉਣਾ, ਉਨੀਂਦਰਾ ਹੋਣਾ, ਰਿਫਲੈਕਟਰ ਦਾ ਨਾ ਹੋਣਾ, ਸ਼ੀਸ਼ੇ ਅਤੇ ਆਵਾਜਾਈ ਨਿਯਮਾਂ ਦੀ ਉਲੰਘਣਾ ਵਰਗੇ ਬਚਾਓ ਸਾਧਨ ਨਾ ਵਰਤਣੇ ਸੱਟਾਂ ਦੇ ਅਹਿਮ ਕਾਰਨ ਹਨ। ਬਚਾਅ ਦੇ ਢੰਗਾਂ ਦਾ ਅਤੇ ਕਾਨੂੰਨ ਲਾਗੂ ਕਰਨਾ ਆਵਾਜਾਈ ਸਿੱਖਿਆ ਉਤੇ ਨਿਰਭਰ ਕਰਦਾ ਹੈ। ਵੱਡੇ ਬੱਚਿਆਂ ਨੂੰ ਸੜਕ ਸੁਰੱਖਿਅਤ ਤੌਰ 'ਤੇ ਪਾਰ ਕਰਨ ਲਈ ਜਾਗਰੂਕ ਕੀਤਾ ਜਾਣਾ ਚਾਹੀਦਾ ਹੈ। ਉਚਿਤ ਰੋਸ਼ਨੀ, ਜ਼ੈਬਰਾ ਕਰਾਸਿੰਗ, ਪੈਦਲ ਰਸਤੇ ਦਾ ਪ੍ਰਬੰਧ ਅਤੇ ਚੰਗੀ ਤਰ੍ਹਾਂ ਫਿਟ ਹੈਲਮਟ ਦਾ ਪਾਉਣਾ ਅਤੇ ਸਾਈਕਲ ਸਵਾਰਾਂ ਲਈ ਵਿਸ਼ੇਸ਼ ਕੱਪੜੇ ਅਤੇ ਪੈਦਲ ਯਾਤਰੀਆਂ 'ਤੇ ਸਾਇਕਲ ਸਵਾਰਾਂ ਲਈ ਰਾਖਵਾਂ ਰਸਤੇ ਯਕੀਨੀ ਬਣਾਏ ਜਾਣ।

### ਡੁੱਬਣਾ

ਸਾਰੇ ਸੰਸਾਰ 'ਚ ਬਹੁਤ ਜ਼ਿਆਦਾ ਬੱਚੇ ਡੁੱਬ ਕੇ ਮਰ ਜਾਂਦੇ ਹਨ। ਇਕ ਤੋਂ ਲੈ ਕੇ ਚਾਰ ਸਾਲਾਂ ਤਕ ਦੇ ਬੱਚੇ ਜ਼ਿਆਦਾ ਡੁੱਬਦੇ ਹਨ। ਜਿਨ੍ਹਾਂ ਨੂੰ ਉਮੀਦ ਦੇ ਮੁਤਾਬਕ ਡੁੱਬਣ ਤੋਂ ਰੋਕਥਾਮ ਕਰਨੀ ਚਾਹੀਦੀ ਹੈ। ਬੱਚਿਆਂ ਨੂੰ ਕਦੀ ਵੀ ਪਾਣੀ ਦੀ ਬਾਲਟੀ, ਤਲਾਬ, ਨਦੀਆਂ ਅਤੇ ਪੂਲ ਦੇ ਨੇੜੇ ਇਕ ਮਿੰਟ ਲਈ ਵੀ ਇਕੱਲਾ ਨਹੀਂ ਛੱਡਣਾ ਚਾਹੀਦਾ। ਪੂਲ ਅਤੇ ਪਾਣੀ ਦੇ ਸਰੋਤਾਂ ਦੇ ਆਲੇ-ਦੁਆਲੇ ਚਾਰ ਦੀਵਾਰੀ ਹੋਣੀ ਬਹੁਤ ਜ਼ਰੂਰੀ ਹੈ।

### ਗਰਮ ਪਾਣੀ ਨਾਲ ਜਲਣਾ

ਕਈ ਬੱਚੇ ਅੱਗ ਲੱਗਣ ਕਾਰਨ ਮਰ ਜਾਂਦੇ ਹਨ। ਬੱਚਿਆਂ ਨੂੰ ਅੱਗ ਕੋਲ ਜਾਂ ਫਿਰ ਅੱਗ ਵਾਲੀਆਂ ਵਸਤੂਆਂ ਕੋਲ ਜਾਣ ਤੋਂ ਰੋਕਣਾ ਚਾਹੀਦਾ ਹੈ। ਬੱਚਿਆਂ ਨੂੰ ਮਾਚਿਸ ਅਤੇ ਲਾਈਟਰ ਨਾਲ ਖੇਡਣ ਦੀ ਆਗਿਆ ਨਹੀਂ ਦੇਣੀ ਚਾਹੀਦੀ। ਬੱਚਿਆਂ ਨੂੰ ਗਰਮ ਪ੍ਰੈਸ ਅਤੇ ਗਰਮ ਤਰਲ ਪਦਾਰਥਾਂ ਦੀ ਪਹੁੰਚ ਤੋਂ ਦੂਰ ਰੱਖਣਾ ਚਾਹੀਦਾ ਹੈ। ਛੋਟੇ ਬੱਚਿਆਂ ਨੂੰ ਦੁੱਧ ਪਿਲਾਉਣ ਤੋਂ ਪਹਿਲਾਂ ਦੁੱਧ ਦਾ ਤਾਪਮਾਨ ਚੈੱਕ ਕਰ ਲੈਣਾ ਚਾਹੀਦਾ ਹੈ।

### ਡਿੱਗਣਾ

ਦੁਨੀਆ ਭਰ 'ਚ ਬੱਚੇ ਰੋਜ਼ ਡਿੱਗ ਕੇ ਮਰਦੇ ਹਨ। ਅਸੁਰੱਖਿਅਤ ਖਿੜਕੀਆਂ ਚੋਂ ਡਿੱਗ ਕੇ ਮਰਨਾ ਅਪੰਗਤਾ ਦਾ ਮਹੱਤਵਪੂਰਨ ਕਾਰਨ ਹਨ। ਖਿੜਕੀਆਂ ਅਤੇ ਰੱਖਿਅਕ ਗਾਰਡ ਲਗਵਾਉਣਾ ਹੀ ਇਸ ਸਮੱਸਿਆ ਦਾ ਹੱਲ ਹੈ। ਪੌੜੀਆਂ 'ਤੇ ਖੁੱਲ੍ਹਣ ਅਤੇ ਬੰਦ ਹੋਣ ਵਾਲੇ ਗੇਟ ਲਗਵਾਉਣੇ ਚਾਹੀਦੇ ਹਨ। ਛੋਟੇ ਬੱਚਿਆਂ ਲਈ ਮੰਜੇ 'ਤੇ ਗਰਿਲਾਂ ਲਾਉਣੀਆਂ ਚਾਹੀਦੀਆਂ ਹਨ। ਵਾਕਰ ਦੀ ਲੋੜ ਨਹੀਂ ਹੁੰਦੀ, ਇਹ ਬੱਚਿਆਂ ਨੂੰ ਤੁਰਨਾ ਨਹੀਂ ਸਖਾਉਂਦਾ ਸਗੋਂ ਉਨ੍ਹਾਂ ਦਾ ਸਹੀ ਤੁਰਨਾ ਵੀ ਲੇਟ ਕਰ ਦਿੰਦਾ ਹੈ। ਬੱਚਿਆਂ ਨੂੰ ਗਲ਼ੀ ਵੱਲ ਜੰਗਲੇ ਬਿਨਾਂ ਛੱਤਾਂ 'ਤੇ ਪਤੰਗ ਉਡਾਉਣ ਦੀ ਇਜਾਜ਼ਤ ਨਹੀਂ ਦੇਣੀ ਚਾਹੀਦੀ।

### ਜ਼ਹਿਰੀਲੀਆਂ ਵਸਤੂਆਂ

ਬੱਚਿਆਂ ਦੀ ਨਹੱਕੀ ਮੌਤ ਦਾ ਕਾਰਨ ਹੈ ਜ਼ਹਿਰੀਲੀਆਂ ਵਸਤੂਆਂ ਦਾ ਗ਼ਲਤੀ ਨਾਲ ਖਾ ਜਾਣਾ। ਹਰ ਰੋਜ਼ ਦੁਨੀਆ ਭਰ 'ਚ ਬੱਚੇ ਇਸ ਕਾਰਨ ਮਾਰੇ ਜਾਂਦੇ ਹਨ। ਬਚਾਅ ਲਈ ਦਵਾਈਆਂ ਨੂੰ ਚਾਇਲਡ ਪਰੂਫ ਬੋਤਲਾਂ 'ਚ ਜਾਂ ਬੰਦ ਅਲਮਾਰੀ 'ਚ ਰੱਖੋ। ਜਿਵੇਂ ਕਿ ਖ਼ਾਸ ਤੌਰ 'ਤੇ ਕੀੜੇਮਾਰ ਦਵਾਈਆਂ ਅਤੇ ਮੱਛਰ ਮਾਰ ਦਵਾਈਆਂ।

### ਕਰੰਟ ਕਾਰਨ ਮੌਤ

ਇਸ ਤੋਂ ਬਚਣ ਲਈ ਸੁਰੱਖਿਆ ਅਤੇ ਬੱਚਿਆਂ ਦੀ ਪਹੁੰਚ ਤੋਂ ਬਾਹਰ ਬਿਜਲੀ ਦੇ ਪਲੱਗ ਵਰਤਣੇ ਚਾਹੀਦੇ ਹਨ। ਕਿਸੇ ਵੀ ਬਿਜਲੀ ਦੇ ਯੰਤਰ ਨੂੰ ਵਰਤਣ ਤੋਂ ਬਾਅਦ ਕੱਢ ਦੇਣਾ ਚਾਹੀਦਾ ਹੈ। ਬੱਚਿਆਂ ਨੂੰ ਕਦੀ ਵੀ ਬਿਜਲੀ ਵਾਲੀ ਜਗ੍ਹਾ 'ਤੇ ਇਕੱਲੇ ਨਹੀਂ ਛੱਡਣਾ ਚਾਹੀਦਾ।

### ਦਮ ਘੁਟਣਾ

ਛੋਟੇ ਖਿਲਾਉਣੇ ਅਤੇ ਸਿੱਕੇ ਆਦਿ ਮੂੰਹ 'ਚ ਪਾਉਣ ਕਾਰਨ ਦਮ ਘੁਟਣ ਨਾਲ ਵੀ ਅਕਸਮਾਤ ਮੌਤਾਂ ਹੋ ਜਾਂਦੀਆਂ ਹਨ। ਇਹਤਿਆਤ ਵਜੋਂ ਛੋਟੇ ਬੱਚਿਆਂ ਨੂੰ ਟੈਨਿਸ ਬਾਲ ਅਤੇ ਛੋਟੀ ਕੋਈ ਵੀ ਚੀਜ਼ ਖੇਡਣ ਲਈ ਨਹੀਂ ਦੇਣੀ ਚਾਹੀਦੀ। ਪਲਾਸਟਿਕ ਦੇ ਲਿਫ਼ਾਫ਼ੇ ਅਤੇ ਸਟੱਫਡ (ਭਰੇ ਹੋਏ) ਖਿਲੌਣੇ ਬੱਚਿਆਂ ਦੀ ਪਹੁੰਚ ਤੋਂ ਦੂਰ ਰੱਖਣੇ ਚਾਹੀਦੇ ਹਨ। ਜਾਨਵਰਾਂ ਦਾ ਖ਼ਾਸ ਤੌਰ 'ਤੇ ਕੁੱਤਿਆਂ ਦਾ ਬੱਚਿਆਂ ਨੂੰ ਕੱਟਣਾ ਵੀ ਇਸ ਦੇਸ਼ 'ਚ ਮਹੱਤਵਪੂਰਣ ਜਨਸਿਹਤ ਸਮੱਸਿਆ ਬਣ ਗਈ ਹੈ। ਰੈਬੀਜ਼ ਰੋਗ 90 ਫ਼ੀਸਦੀ ਕੁੱਤਿਆਂ ਦੇ ਕੱਟਣ ਕਾਰਨ ਹੁੰਦਾ ਹੈ ਅਤੇ ਸਾਨੂੰ ਇਸ ਦੀ ਰੋਕਥਾਮ ਜੰਗੀ ਪੱਧਰ 'ਤੇ ਕਰਨੀ ਚਾਹੀਦੀ ਹੈ ਤਾਂ ਹੀ ਅਸੀ ਆਪਣੀ ਤੇ ਆਪਣੇ ਬੱਚਿਆਂ ਦੀ ਤੰਦਰੁਸਤੀ ਨੂੰ ਬਣਾਈ ਰੱਖਾਂਗੇ। ਇਨ੍ਹਾਂ ਗੱਲਾਂ ਨੂੰ ਅਣਗੌਲਿਆ ਨਹੀਂ ਕਰਨਾ ਚਾਹੀਦਾ। 98159-41459

# ਡਾਇਬਟੀਜ਼ ਦੀ ਸਮੱਸਿਆ ਤੋਂ ਰਾਹਤ

ਡਾ: ਰਿਪੁਦਮਨ ਸਿੰਘ

ਅਸੀਂ ਜੋ ਵੀ ਖਾਣਾ ਖਾਂਦੇ ਹਾਂ ਉਹ ਗਲੂਕੋਜ 'ਚ ਬਦਲ ਕੇ ਖ਼ੂਨ 'ਚ ਜਾਂਦਾ ਹੈ ਅਤੇ ਐਨਰਜੀ ਦਿੰਦਾ ਹੈ। ਪੈਂਕਰਿਆਜ ਤੋਂ ਨਿਕਲਣ ਵਾਲਾ ਇੰਸੁਲਿਨ ਹਾਰਮੋਨਜ਼ ਗਲੂਕੋਜ ਨੂੰ ਬਲੱਡ ਸੈੱਲਸ 'ਚ ਜਾਣ ਅਤੇ ਬਲੱਡ ਲੈਵਲ ਨੂੰ ਕੰਟਰੋਲ ਕਰਨ 'ਚ ਮਦਦ ਕਰਦਾ ਹੈ। ਜਦੋਂ ਇੰਸੁਲਿਨ ਲੈਵਲ ਗੜਬੜਾ ਜਾਂਦਾ ਹੈ ਤਾਂ ਡਾਇਬਟੀਜ਼ ਦਾ ਰੋਗ ਹੁੰਦਾ ਹੈ। ਡਾਇਬਟੀਜ਼ ਹੋਣ ਉੱਤੇ ਖਾਣ ਤੋਂ ਮਿਲਦੀ ਐਨਰਜੀ ਖ਼ੂਨ 'ਚ ਹੀ ਘੁੰਮਦੀ ਰਹਿੰਦੀ ਹੈ ਜਿਸ ਦੇ ਨਾਲ ਬਲੱਡ 'ਚ ਸ਼ੂਗਰ ਦਾ ਲੈਵਲ ਵੱਧ ਜਾਂਦਾ ਹੈ। ਠੀਕ ਇਲਾਜ ਅਤੇ ਮੈਨੇਜਮੇਂਟ ਨਾ ਹੋਵੇ ਤਾਂ ਡਾਇਬਟੀਜ਼ ਦੇ ਮਰੀਜ਼ਾਂ ਨੂੰ ਹਾਰਟ ਅਟੈਕ, ਲਕਵਾ, ਕਿਡਨੀ ਦੀ ਪਰੇਸ਼ਾਨੀ, ਅੱਖਾਂ ਦੀ ਸਮੱਸਿਆ, ਪੈਰਾਂ ਦੀ ਸਮੱਸਿਆ, ਪੁਰਸ਼ਾਂ 'ਚ ਨਪੁੰਸਕਤਾ ਅਤੇ ਔਰਤਾਂ 'ਚ ਬਾਂਝਪਨ, ਫਰੋਜਨ ਸ਼ੋਲਡਰ (ਮੋਡੇ ਦਾ ਜਾਮ ਹੋਣਾ) ਵਰਗੀ ਬਿਮਾਰੀਆਂ ਦਾ ਖ਼ਤਰਾ ਵੀ ਰਹਿੰਦਾ ਹੈ। ਡਾਇਬਟੀਜ਼ ਸਰੀਰ ਦੇ ਅਚਾਨਕ ਇੰਸੁਲਿਨ ਹਾਰਮੋਨਜ਼ ਬਣਾਉਣਾ ਬੰਦ ਕਰਨ ਉੱਤੇ ਹੁੰਦੀ ਹੈ ਅਤੇ ਬਚਪਨ 'ਚ ਹੀ ਹੋ ਜਾਂਦੀ ਹੈ। ਇਸ ਦੇ ਮਰੀਜ਼ ਬਹੁਤ ਘੱਟ ਹੁੰਦੇ ਹਨ। ਇਸ 'ਚ ਸਰੀਰ ਦੇ ਗਲੂਕੋਜ ਨੂੰ ਕੰਟਰੋਲ ਕਰਨ ਲਈ ਇੰਸੁਲਿਨ ਬਾਹਰੋਂ ਦੇਣਾ ਪੈਂਦਾ ਹੈ। ਡਾਇਬਟੀਜ਼ ਗ਼ਲਤ ਲਾਇਫ ਸਟਾਇਲ, ਮੋਟਾਪਾ ਅਤੇ ਵੱਧਦੀ ਉਮਰ ਦੀ ਵਜ੍ਹਾ ਨਾਲ ਡਾਇਬਟੀਜ਼ ਹੁੰਦੀ ਹੈ।



## ਉਪਾਅ

- 45-60 ਮਿੰਟ ਕਸਰਤ ਕਰਨੀ ਚਾਹੀਦੀ ਹੈ। ਕਹਿਣ ਨੂੰ ਤਾਂ ਇਹ ਬਹੁਤ ਸਾਧਾਰਨ ਗੱਲ ਲਗਦੀ ਹੈ ਪਰ ਇਸ ਦੀ ਆਦਤ ਪਾਉਣੀ ਬਹੁਤ ਹੀ ਕਠਿਣ ਹੁੰਦੀ ਹੈ। ਇਸ 'ਚ ਸਾਈਕਲ ਚਲਾਉਣਾ, ਤੈਰਨਾ, ਸੈਰ ਕਰਨੀ ਚਾਹੀਦੀ ਹੈ ਇਸ ਨਾਲ ਕਈ ਤਰ੍ਹਾਂ ਦੀਆਂ ਬਿਮਾਰੀਆਂ ਤੋਂ ਛੁਟਕਾਰਾ ਪਾਇਆ ਜਾ ਸਕਦਾ ਹੈ। ਸੈਰ ਕਰਦੇ ਸਮੇਂ ਇਕ ਮਿੰਟ 'ਚ ਕਰੀਬ 80 ਕਦਮ ਚਲਣੇ ਹੁੰਦੇ ਹਨ। ਰੋਜ਼ਾਨਾ ਘੱਟ ਤੋਂ ਘੱਟ 10,000 ਕਦਮ ਚਲਣ ਦੀ ਕੋਸ਼ਿਸ਼ ਕਰੋ। ਜੇ ਲਗਾਤਾਰ ਸਮਾਂ ਨਾ ਮਿਲੇ ਤਾਂ 15-15 ਮਿੰਟ 3 ਵਾਰ ਸੈਰ ਕਰ ਲਵੋ। ਯੋਗਾ ਕਰਨਾ ਵੀ ਬਹੁਤ ਵਧੀਆ ਗੱਲ ਹੈ। ਇਸ ਦੇ ਇਲਾਵਾ ਮੈਡੀਟੇਸ਼ਨ ਵੀ ਕਰ ਸਕਦੇ ਹੋ ਇਸ ਨਾਲ ਤਣਾਅ ਦੂਰ ਕੀਤਾ ਜਾ ਸਕਦਾ ਹੈ ਤੇ ਇਸ ਨਾਲ ਬਲੱਡ ਪ੍ਰੈਸ਼ਰ ਵੀ ਕੰਟਰੋਲ ਹੁੰਦਾ ਹੈ।
- ਡਾਈਟ ਉੱਤੇ ਕੰਟਰੋਲ ਕਰਨਾ ਚਾਹੀਦਾ ਹੈ ਤੇ ਪੌਸ਼ਟਿਕ ਡਾਇਟ ਦਾ ਹੀ ਸੇਵਨ ਕਰੋ। ਰੋਜ਼ਾਨਾ ਫਲ, ਦਾਲਾਂ ਤੇ ਹਰੀਆਂ ਸਬਜ਼ੀਆਂ ਆਪਣੀ ਡਾਈਟ 'ਚ ਸ਼ਾਮਿਲ ਕਰਨੀਆਂ ਚਾਹੀਦੀਆਂ ਹਨ। ਰਾਤ 8 ਵਜੇ ਤਕ ਖਾਣਾ ਖਾ ਲੈਣਾ ਚਾਹੀਦਾ ਹੈ। ਤਲ਼ੀਆਂ ਚੀਜ਼ਾਂ ਦਾ ਪਰਹੇਜ਼ ਕਰਨਾ ਚਾਹੀਦਾ ਹੈ ਜੇ ਤੁਸੀ ਕੁੱਝ ਬਾਹਰ ਦਾ ਖਾਣਾ ਵੀ ਚਹੁੰਦੇ ਹੋ ਤਾਂ ਹਫ਼ਤੇ 'ਚ 1 ਵਾਰ ਤੋਂ ਜ਼ਿਆਦਾ ਨਾ ਖਾਓ।
- ਭਾਰ ਨੂੰ ਕੰਟਰੋਲ 'ਚ ਰੱਖੋ। ਭਾਰ ਨੂੰ ਆਪਣੇ ਸਰੀਰ ਦੇ ਹਿਸਾਬ ਨਾਲ ਹੀ ਰੱਖਣਾ ਚਾਹੀਦਾ ਹੈ ਨਾ ਤਾਂ ਘੱਟ ਤੇ ਨਾ ਹੀ ਵੱਧ ਹੋਵੇ। ਜਦੋਂ ਭਾਰ ਵਧਦਾ ਹੈ ਤਾਂ ਹੋਰ ਕਈ ਤਰ੍ਹਾਂ ਦੀਆਂ ਪਰੇਸ਼ਾਨੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਕਮਰ ਤੋਂ ਵੀ ਮੋਟਾਪਾ ਮਾਪ ਸਕਦੇ ਹੋ। ਪੁਰਸ਼ਾਂ ਦੀ ਕਮਰ ਦਾ ਘੇਰਾ 90 ਸੇਮੀ (35।4 ਇੰਚ) ਅਤੇ ਔਰਤਾਂ ਦਾ 80 ਸੇਮੀ (31।4 ਇੰਚ) ਤੋਂ ਜ਼ਿਆਦਾ ਹੋਣਾ ਮੋਟਾਪੇ ਦੀ ਨਿਸ਼ਾਨੀ ਹੈ।
- ਜੇ ਘਰ ਦੇ ਬਜ਼ੁਰਗਾਂ ਨੂੰ ਸ਼ੂਗਰ ਹੈ ਤਾਂ ਟੈਸਟ ਜ਼ਰੂਰ ਕਰਵਾਉ। ਜੇ ਮਾਪਿਆਂ ਵਿੱਚੋਂ ਕਿਸੇ ਇਕ ਨੂੰ ਡਾਇਬਟੀਜ਼ ਹੈ ਜਾਂ ਖ਼ੂਨ ਦੇ ਰਿਸ਼ਤੇ 'ਚ ਕਿਸੇ ਕਰੀਬੀ ਭਾਵ ਦਾਦਾ, ਦਾਦੀ, ਨਾਨਾ, ਨਾਨੀ ਆਦਿ ਨੂੰ ਡਾਇਬਟੀਜ਼ ਹੈ ਤਾਂ ਬੱਚਿਆਂ ਨੂੰ ਇਹ ਰੋਗ ਹੋਣ ਦਾ ਸੰਦੇਹ ਕਾਫ਼ੀ ਵੱਧ ਜਾਂਦਾ ਹੈ।

ਇਸ ਲਈ 30 ਸਾਲ ਦੀ ਉਮਰ ਤੋਂ ਬਾਅਦ ਹਰ ਸਾਲ ਸ਼ੂਗਰ ਟੈਸਟ ਜ਼ਰੂਰ ਕਰਵਾਉਣਾ ਚਾਹੀਦਾ ਹੈ ਤੇ ਇਸ ਨੂੰ ਕਦੀ ਵੀ ਅਣਦੇਖਿਆ ਨਹੀਂ ਕਰਨਾ ਚਾਹੀਦਾ।

ਮੋ: 9815200134

# 50 ਸਾਲ ਤੋਂ ਬਾਅਦ ਸਰੀਰ ਦੀ ਦੇਖਭਾਲ

ਡਾ. ਅਨਿਲ ਕੁਮਾਰ

50 ਸਾਲ ਦੀ ਉਮਰ ਤੋਂ ਬਾਅਦ ਸਾਡਾ ਇਮਿਊਨ ਸਿਸਟਮ ਕਮਜ਼ੋਰ ਹੋਣ ਕਰਕੇ ਕਈ ਬਿਮਾਰੀਆਂ ਘੇਰਾ ਪਾਉਣ ਨੂੰ ਤਿਆਰ ਹੋ ਜਾਂਦੀਆਂ ਹਨ। ਇਸ ਉਮਰ 'ਚ ਨਜ਼ਰ ਕਮਜ਼ੋਰ ਹੋਣੀ ਸ਼ੁਰੂ ਹੋ ਜਾਂਦੀ ਹੈ ਤੇ ਪਰਿਵਾਰਕ ਇਤਿਹਾਸ ਵਾਲੀਆਂ ਬਿਮਾਰੀਆਂ ਹਮਲਾ ਬੋਲ ਦਿੰਦੀਆਂ ਹਨ ਜਿਵੇਂ ਕਿ ਸ਼ੂਗਰ, ਹੱਡੀਆਂ ਦੀ ਕਮਜ਼ੋਰੀ, ਕੈਂਸਰ, ਹਾਰਟ ਅਟੈਕ, ਅੱਖਾਂ ਦੀਆਂ ਤਕਲੀਫਾਂ ਆਦਿ ਇਹ ਬਿਮਾਰੀਆਂ ਸਾਡੇ ਸਰੀਰ 'ਚ ਪਹਿਲਾਂ ਹੀ ਹੁੰਦੀਆਂ ਹਨ। 50 ਸਾਲ ਤੋਂ ਬਾਅਦ ਇਨ੍ਹਾਂ ਲੱਛਣਾਂ ਨਾਲ ਸਾਹਮਣੇ ਆਉਂਦੀਆਂ ਹਨ। ਲੱਛਣਾਂ ਨੂੰ ਅਣਗੌਲਿਆ ਕਰਦੇ ਹੋਏ ਆਪਣਾ ਸਮਾਂ ਜ਼ਿਆਦਾਤਰ ਧੰਨ ਕਮਾਉਣ 'ਚ ਬਤੀਤ ਕਰਦੇ ਹਾਂ ਕਿਉਂਕਿ ਅਸੀਂ ਹਾਲੇ ਤਕ ਇਹ ਨਹੀਂ ਸਮਝ ਸਕੇ ਕਿ ਸਿਹਤ ਹੀ ਅਸਲੀ ਧਨ ਹੈ। ਇਸ ਉਮਰ ਤੋਂ ਪਹਿਲਾਂ ਜਿਹੜੀ ਚਾਲ ਚੀਤੇ ਵਰਗੀ ਸੀ ਹੁਣ ਕੱਛੂਕੰਮੇ ਵਰਗੀ ਮੱਧਮ ਹੋ ਜਾਂਦੀ ਹੈ। ਨਤੀਜਾ ਸੁਸਤੀ ਚੜ੍ਹਣਾ, ਥਕਾਵਟ ਮਹਿਸੂਸ ਹੋਣਾ, ਕਮਜ਼ੋਰੀ, ਮਾਨਸਿਕ ਤਣਾਅ, ਨੀਂਦ ਨਾ ਆਉਣਾ, ਯਾਦ ਸ਼ਕਤੀ ਦਾ ਘੱਟ ਜਾਣਾ, ਕੰਨਾਂ ਤੋਂ ਘੱਟ ਸੁਣਨਾ ਤੇ ਵਿਚਾਰਾਂ 'ਚ ਤਬਦੀਲੀ, ਵਾਲ਼ਾਂ ਦਾ ਝੜਨਾ, ਹਸਤਾਖਰ 'ਚ ਤਬਦੀਲੀ ਵਰਗੀਆਂ ਤਕਲੀਫਾਂ ਸ਼ੁਰੂ ਹੋ ਜਾਂਦੀਆਂ ਹਨ। 50 ਸਾਲ ਦੀ ਉਮਰ ਬੁਢਾਪੇ ਦੀ ਪੱਕੀ ਨਿਸ਼ਾਨੀ ਹੈ ਜਿਸ ਕਰਕੇ ਚੰਗਾ-ਭਲਾ ਬੰਦਾ ਬਦੋਬਦੀ ਡਿੱਕੇ-ਡੋਲੇ ਖਾਣ ਲੱਗ ਪੈਂਦਾ ਹੈ। ਕਈ ਮਰੀਜ਼ ਲੱਛਣਾਂ ਨੂੰ ਨਜ਼ਰਅੰਦਾਜ ਕਰਦੇ ਹੋਏ ਬਿਮਾਰੀਆਂ ਨੂੰ ਬਚੀ ਉਮਰ ਤਕ ਢੋਂਹਦੇ ਰਹਿੰਦੇ ਹਨ। ਜੇ ਅਸੀਂ ਸਮੇ ਸਿਰ ਬਿਮਾਰੀਆਂ ਨੂੰ ਪਹਿਚਾਣ ਕੇ ਲੋੜੀਦੇ ਟੈਸਟ ਕਰਾ ਲਈਏ ਤਾਂ ਅਸੀਂ ਇਸ ਉਮਰ 'ਚ ਵੀ ਤੰਦਰੁਸਤ ਮਹਿਸੂਸ ਕਰ ਸਕਦੇ ਹਾਂ।



### ਅੱਖਾਂ ਟੈਸਟ

*ਅੱਖਾਂ ਦੀ ਜਾਂਚ ਕਰਵਾਉਣਾ ਬਹੁਤ ਜ਼ਰੂਰੀ ਹੈ। ਨਜ਼ਰ ਦਾ ਘੱਟਣਾ, ਕਾਲਾ ਤੇ ਚਿੱਟਾ ਮੋਤੀਆ ਹੋਣਾ ਆਮ ਪਰੇਸ਼ਾਨੀਆਂ ਹਨ। ਇਸ ਲਈ ਸਮੇਂ ਸਿਰ ਅੱਖਾਂ ਦੀ ਜਾਂਚ ਕਰਵਾ ਕੇ ਕਾਲੇ ਤੇ ਚਿੱਟੇ ਮੋਤੀਏ ਦੀ ਸਰਜਰੀ ਕਰਵਾਉਣਾ ਜ਼ਰੂਰੀ ਹੈ।*

### ਲਿਵਰ ਫੰਕਸ਼ਨ

*ਲਿਵਰ 'ਚ ਸੋਜਿਸ਼ ਤੇ ਪੀਲੀਏ ਦੇ ਹੋਣ ਦਾ ਪਤਾ ਲਗਦਾ ਹੈ। ਥਕਾਵਟ, ਭੁੱਖ ਘੱਟ ਲਗਣਾ, ਮੂੰਹ ਕੌੜਾ ਹੋਣਾ, ਜੀਅ ਕੱਚਾ ਹੋਣ ਆਦਿ ਲੱਛਣ ਲਿਵਰ ਦੀ ਬਿਮਾਰੀ ਦੇ ਸੰਕੇਤ ਹਨ।*

### ਖ਼ੂਨ ਦੀ ਚਰਬੀ

*40 ਸਾਲ ਦੀ ਉਮਰ ਪਾਰ ਕਰ ਚੁੱਕੇ ਵਿਅਕਤੀਆਂ ਨੂੰ ਖ਼ੂਨ ਦੀ ਚਰਬੀ ਦਾ ਟੈਸਟ ਕਰਵਾ ਲੈਣਾ ਚਾਹੀਦਾ ਹੈ। ਇਸ ਨਾਲ ਸਰੀਰ 'ਚ ਚੰਗੀ ਚਰਬੀ ਤੇ ਮਾੜੀ ਚਰਬੀ ਦਾ ਪਤਾ ਲਗਦਾ ਹੈ। ਇਹ ਟੈਸਟ ਬਲੱਡ-ਪ੍ਰੈਸ਼ਰ ਵਾਲੇ ਮਰੀਜ਼ਾਂ ਨੂੰ ਖ਼ਾਲੀ ਪੇਟ ਕਰਵਾ ਲੈਣਾ ਚਾਹੀਦਾ ਹੈ।*

## ਜ਼ਰੂਰੀ ਟੈਸਟ

### ਬਲੱਡ ਟੈਸਟ

ਇਸ ਟੈਸਟ ਰਾਹੀ ਲਾਲ ਰਕਤ ਕਣ, ਚਿੱਟੇ ਰਕਤ ਕਣ, ਪਲੇਟਲੈਟਸ ਦੀ ਜਾਂਚ ਕੀਤੀ ਜਾਂਦੀ ਹੈ। ਬੁਖ਼ਾਰ ਹੋਣ ਦੀ ਸੂਰਤ 'ਚ ਇਹ ਟੈਸਟ ਕਰਵਾਉਣੇ ਬੇਹੱਦ ਜ਼ਰੂਰੀ ਹਨ ਕਿਉਂਕਿ ਬੁਖ਼ਾਰ ਹੋਣ 'ਤੇ ਪਲੇਟਲੈਟਸ ਸੈੱਲਾਂ 'ਚ ਗਿਰਾਵਟ ਆ ਸਕਦੀ ਹੈ।

### ਗੁਰਦੇ

ਇਸ ਰਾਹੀਂ ਕਿਡਨੀ ਦੇ ਫੰਕਸ਼ਨ ਦਾ ਪਤਾ ਲਗਦਾ ਹੈ ਜਿਵੇਂ ਕਿ ਬਲੱਡ ਯੂਰੀਆ, ਯੂਰਿਕ ਐਸਿਡ ਤੇ ਸੀਰਮ ਕ੍ਰਿਐਟਿਨਨ, ਪਿਸ਼ਾਬ 'ਚ ਚਰਬੀ, ਖ਼ੂਨ ਦੀ ਘਾਟ ਆਦਿ ਟੈਸਟ ਕਰਵਾ ਲੈਣੇ ਚਾਹੀਦੇ ਹਨ ਕਿਉਂਕਿ ਗੁਰਦੇ ਖ਼ਰਾਬ ਹੋਣ ਦੇ ਲੱਛਣ ਸਰੀਰ 'ਚ ਲੇਟ ਆਉਂਦੇ ਹਨ। ਇਹ ਗੱਲ ਵੀ ਵਰਨਣ ਯੋਗ ਹੈ ਕਿ ਹਾਈ ਬਲੱਡ-ਪ੍ਰੈਸ਼ਰ ਵਾਲੇ ਮਰੀਜ਼ਾਂ ਨੂੰ ਆਪਣੇ ਗੁਰਦਿਆਂ ਦੀ ਜਾਂਚ ਜ਼ਰੂਰ ਕਰਵਾਉਣੀ ਚਾਹੀਦੀ ਹੈ।

### ਈ.ਸੀ.ਜੀ

ਧੜਕਣ ਤੇ ਹਾਰਟ ਅਟੈਕ ਦੀ ਜਾਂਚ ਦਾ ਸੌਖਾ, ਸਰਲ ਤੇ ਸਸਤਾ ਟੈਸਟ ਹੈ। ਇਸ ਦੀ ਜਾਂਚ ਹਾਰਟ ਦੇ ਸਪੈਸ਼ਲਿਸਟ ਡਾਕਟਰ ਤੋ ਕਰਵਾਉਣੀ ਚਾਹੀਦੀ ਹੈ।

### ਛਾਤੀ ਦਾ ਐਕਸਰਾ

ਜੇ ਪਰਿਵਾਰ 'ਚ ਟੀ.ਬੀ. ਜਾਂ ਕੈਂਸਰ ਦਾ ਇਤਿਹਾਸ ਹੈ ਜਾਂ ਫਿਰ ਖ਼ਾਂਸੀ ਜਾਂ ਪੁਰਾਣੀ ਚੋਟ ਲੱਗੀ ਹੈ ਤਾਂ ਛਾਤੀ ਦਾ ਐਕਸਰਾ ਕਰਵਾ ਲੈਣਾ ਚਾਹੀਦਾ ਹੈ। ਅੱਜਕੱਲ੍ਹ ਡਾਕਟਰਾਂ ਵੱਲੋਂ ਮਰੀਜ਼ ਦੀ ਬੇਹਤਰੀ ਲਈ ਡਿਜੀਟਲ ਐਕਸਰੇ ਨੂੰ ਪਹਿਲ ਦਿੱਤੀ ਜਾਂਦੀ ਹੈ।

### ਸ਼ੂਗਰ

ਇਹ ਵੀ ਇਕ ਮਹੱਤਵਪੂਰਣ ਜਾਂਚ ਹੈ ਜਿਸ ਨੂੰ ਖ਼ਾਲੀ ਪੇਟ ਕਰਵਾ ਲੈਣਾ ਚਾਹੀਦਾ ਹੈ ਜਾਂ ਫਿਰ ਗਲੂਕੋਜ ਪੀਣ ਤੋਂ ਬਾਅਦ ਵੀ ਸ਼ੂਗਰ ਟੈਸਟ ਕਰਵਾ ਸਕਦੇ ਹੋ।

### ਗਦੂਦਾਂ ਦੀ ਜਾਂਚ

ਵੱਡੀ ਉਮਰ 'ਚ ਮਰਦਾਂ 'ਚ ਗਦੂਦਾਂ ਦਾ ਵੱਧ ਜਾਣਾ ਚਿੱਟੇ ਵਾਲ਼ ਹੋ ਜਾਣੇ। ਇਸ ਦੀ ਜਾਂਚ ਸਰਜਨ ਜਾਂ ਯੂਰੋਲੋਜਿਸਟ ਤੋਂ ਕਰਵਾ ਲੈਣੀ ਚਾਹੀਦੀ ਹੈ। ਪਿਸ਼ਾਬ 'ਚ ਖ਼ੂਨ ਆਉਣਾ, ਪਿਸ਼ਾਬ ਦੀ ਰੁਕਾਵਟ ਤੇ ਵੱਡੀ ਉਮਰ 'ਚ ਗਦੂਦਾਂ ਵਧਣ ਦਾ ਸੰਕੇਤ ਹਨ।

### ਪੈਪ ਸਮੀਅਰ

ਮਹਿਲਾਵਾਂ ਦਾ ਇਹ ਟੈਸਟ ਸਰਵਾਈਕਲ ਕੈਂਸਰ (ਬੱਚੇਦਾਨੀ ਦੇ ਮੂੰਹ ਦਾ ਕੈਂਸਰ) ਦੇ ਖਤਰੇ ਨੂੰ ਦਰਸਾਉਂਦਾ ਹੈ। ਪੈਪਸਮੀਅਰ ਨਾਂ ਦਾ ਇਹ ਟੈਸਟ 40 ਜਾਂ 50 ਸਾਲ ਤੋਂ ਵੱਧ ਉਮਰ ਦੀਆਂ ਔਰਤਾਂ ਨੂੰ ਕਰਵਾਉਣਾ ਚਾਹੀਦਾ ਹੈ।

### ਮੈਮੋਗ੍ਰਾਫੀ

40 ਜਾਂ 50 ਸਾਲ ਦੀ ਉਮਰ ਪਾਰ ਕਰ ਚੁੱਕੀਆਂ ਔਰਤਾਂ ਨੂੰ ਇਹ ਟੈਸਟ ਕਰਵਾਉਣਾ ਚਾਹੀਦਾ ਹੈ। ਇਸ ਟੈਸਟ ਰਾਹੀ ਛਾਤੀ ਦੇ ਕੈਂਸਰ ਹੋਣ ਦਾ ਪਤਾ ਲਗਾਇਆ ਜਾ ਸਕਦਾ ਹੈ। ਜਿਸ ਦੀ ਜਾਂਚ ਸਰਜਨ ਜਾਂ ਲੇਡੀ ਡਾਕਟਰ ਤੋਂ ਕਰਵਾ ਲੈਣੀ ਚਾਹੀਦੀ ਹੈ।

### ਦੰਦਾਂ 'ਚ ਤਬਦੀਲੀ

ਢਲਦੀ ਉਮਰ 'ਚ ਦੰਦਾਂ ਦਾ ਚੈਕਅੱਪ ਕਰਵਾ ਲੈਣਾ ਚਾਹੀਦਾ ਹੈ ਕਿਉਂਕਿ 50 ਸਾਲ ਤੋਂ ਬਾਅਦ ਦੰਦਾਂ ਦੀ ਚਮਕ ਘਟਦੀ ਹੈ ਤੇ ਦੰਦਾਂ 'ਚ ਵਿਰਲ ਪੈਣਾ ਸ਼ੁਰੂ ਹੋ ਜਾਂਦਾ ਹੈ ਜਾਂ ਫਿਰ ਦੰਦ ਦਰਦ ਕਰਨ ਲੱਗ ਜਾਂਦੇ ਹਨ। 9779884393

# ਇਹ ਚੀਜ਼ਾਂ ਕਰਦੀਆਂ ਹਨ ਥਕਾਵਟ ਨੂੰ ਦੂਰ

ਜਦੋਂ ਪੂਰੀ ਤਰ੍ਹਾਂ ਤੁਸੀ ਕੰਮ ਕਰ-ਕਰ ਕੇ ਥੱਕ ਜਾਂਦੇ ਹੋ ਬਿਲਕੁਲ ਵੀ ਤੁਹਾਡੇ 'ਚ ਕੰਮ ਕਰਨ ਦੀ ਸ਼ਕਤੀ ਨਹੀਂ ਰਹਿ ਜਾਂਦੀ। ਇਸ ਸ਼ਕਤੀ ਨੂੰ ਵਾਪਿਸ ਪਾਉਣ ਲਈ ਇਨ੍ਹਾਂ ਚੀਜ਼ਾਂ ਨੂੰ ਰੋਜ਼ ਖਾਣਾ ਚਾਹੀਦਾ ਹੈ।

**ਅਦਰਕ ਵਾਲੀ ਚਾਹ** - ਥਕਾਵਟ ਦੂਰ ਕਰਨ ਦਾ ਸਸਤਾ ਤੇ ਵਧੀਆ ਉਪਾਅ ਅਦਰਕ ਵਾਲੀ ਚਾਹ। ਅਦਰਕ ਨਾਲ ਤੁਹਾਡੀ ਨੀਂਦ ਤੇ ਥਕਾਵਟ ਦੂਰ ਹੋ ਜਾਂਦੀ ਹੈ। ਚਾਹ 'ਚ ਮੌਜੂਦ ਕੈਫੀਨ ਨਾਲ ਤੁਹਾਨੂੰ ਤਾਜ਼ਗੀ ਮਹਿਸੂਸ ਹੁੰਦੀ ਹੈ ਤੇ ਇਸ ਦੇ ਇਲਾਵਾ ਊਰਜਾ ਪ੍ਰਾਪਤ ਹੁੰਦੀ ਹੈ।

**ਅਖਰੋਟ**- ਥਕਾਵਟ ਦੂਰ ਕਰਨ ਲਈ ਅਖਰੋਟ ਖਾਣਾ ਬਹੁਤ ਹੀ ਵਧੀਆ ਹੈ। ਅਖਰੋਟ 'ਚ ਪ੍ਰੋਟੀਨ, ਵਿਟਾਮਿਨ ਤੇ ਓਮੈਗਾ3 ਫੈਟੀ ਐਸਿਡ ਪਾਇਆ ਜਾਂਦਾ ਹੈ। ਇਸ ਦੇ ਸੇਵਨ ਨਾਲ ਸਰੀਰਕ ਸ਼ਕਤੀ ਸ਼ਾਲੀ ਬਣ ਜਾਂਦਾ ਹੈ।

**ਕੱਦੂ ਦੇ ਬੀਜ** - ਜੇ ਤੁਸੀ ਤਰਬੂਜ ਨਹੀਂ ਖਾ ਸਕਦੇ। ਔਟਮੀਲ ਨਹੀਂ ਤੇ ਅਖਰੋਟ ਵੀ ਨਹੀਂ ਖਾਣਾ ਚਾਹੁੰਦੇ ਤਾਂ ਇਸ ਤਰ੍ਹਾਂ ਦੀ ਸਥਿਤੀ 'ਚ ਕੱਦੂ ਦੇ ਬੀਜ ਹਮੇਸ਼ਾ ਆਪਣੇ ਨਾਲ ਰੱਖੋ। ਇਸ 'ਚ ਪ੍ਰੋਟੀਨ, ਵਿਟਾਮਿਨ ਤੇ ਓਮੈਗਾ3 ਫੈਟੀ ਐਸਿਡ ਹੁੰਦੇ ਹਨ। ਜਿਸ ਨਾਲ ਸਰੀਰ ਨੂੰ ਤੁਰੰਤ ਪੌਸ਼ਟਿਕ ਤੱਤ ਪ੍ਰਾਪਤ ਹੁੰਦੇ ਹਨ ਜਿਸ ਨਾਲ ਸਰੀਰ ਥਕਾਵਟ ਰਹਿਤ ਹੁੰਦਾ ਹੈ।



# ਕਿਡਨੀ ਰੋਗ



ਕਿਡਨੀ ਸਰੀਰ ਦਾ ਜ਼ਰੂਰੀ ਅੰਗ ਮੰਨਿਆ ਜਾਂਦਾ ਹੈ। ਕਿਡਨੀ ਸਰੀਰ ਦੇ ਵਾਧੂ ਪਦਾਰਥਾਂ ਤੇ ਪਾਣੀ ਨੂੰ ਫੀਲਟਰ ਕਰਕੇ ਪਿਸ਼ਾਬ ਦੇ ਜਰੀਏ ਬਾਹਰ ਕੱਢਦੀ ਹੈ ਪਰ ਕਿਡਨੀ ਖ਼ਰਾਬ ਹੋਣ 'ਤੇ ਤੁਹਾਨੂੰ ਕਈ ਤਰ੍ਹਾਂ ਦੀਆਂ ਪਰੇਸ਼ਾਨੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਕਿਡਨੀ ਖ਼ਰਾਬ ਹੋਣ 'ਤੇ ਹੱਥਾਂ, ਪੈਰਾਂ 'ਤੇ ਸੋਜ ਪੈਣੀ ਸ਼ੁਰੂ ਹੋ ਜਾਂਦੀ ਹੈ ਤੇ ਇਸ ਦੇ ਇਲਾਵਾ ਹਾਰਟ ਅਟੈਕ ਆਉਣ ਦਾ ਖਤਰਾ ਰਹਿੰਦਾ ਹੈ। ਸਰੀਰ ਨੂੰ ਤੰਦਰੁਸਤ ਬਣਾਉਣ ਲਈ ਕਿਡਨੀ ਦਾ ਸਹੀ ਢੰਗ ਨਾਲ ਕੰਮ ਕਰਨਾ ਬਹੁਤ ਹੀ ਜ਼ਰੂਰੀ ਹੈ।

## ਕਾਰਨ

- ਪਾਣੀ ਘੱਟ ਪੀਣਾ।
- ਨੀਂਦ ਪੂਰੀ ਨਾ ਕਰਨਾ।
- ਨਮਕ ਦਾ ਜ਼ਿਆਦਾ ਸੇਵਨ ਕਰਨਾ।
- ਜ਼ਿਆਦੀ ਦੇਰ ਤਕ ਪਿਸ਼ਾਬ ਰੋਕਣਾ।
- ਸ਼ਰਾਬ ਦਾ ਸੇਵਨ ਕਰਨਾ।
- ਵਿਟਾਮਿਨ ਦੀ ਘਾਟ।
- ਹਾਈ ਬਲੱਡ ਪ੍ਰੈਸ਼ਰ।
- ਡਾਇਬਟੀਜ਼ ਦੀ ਸਮੱਸਿਆ।

## ਲੱਛਣ

- ਠੰਢ ਲੱਗਣਾ।
- ਬਲੱਡ ਪ੍ਰੈਸ਼ਰ ਜ਼ਿਆਦਾ ਹੋਣ।
- ਸਰੀਰ ਦੇ ਕਈ ਹਿੱਸਿਆਂ 'ਚ ਸੋਜ।
- ਭੁੱਖ ਘੱਟ ਜਾਂ ਜ਼ਿਆਦਾ ਲਗਣਾ।
- ਵਾਰ-ਵਾਰ ਪਿਸ਼ਾਬ ਆਉਣਾ।
- ਮੂੰਹ 'ਚੋਂ ਬਦਬੂਹ ਆਉਣਾ।

## ਉਪਾਅ

**ਸੇਬ**- ਐਂਟੀਬੈਕਟੀਰੀਅਲ ਗੁਣਾਂ ਨਾਲ ਭਰਪੂਰ ਹੁੰਦਾ ਹੈ। ਸੇਬ ਕਿਡਨੀ ਬੈਕਟੀਰੀਅਲ ਇੰਫੈਕਸ਼ਨ ਤੋਂ ਬਚਾਉਂਦਾ ਹੈ। ਰੋਜ਼ ਇਸ ਦਾ ਸੇਵਨ ਕਰਨ ਨਾਲ ਕਿਡਨੀ ਦੀ ਸਮੱਸਿਆ ਤੋਂ ਛੁਟਕਾਰਾ ਪਾਇਆ ਜਾ ਸਕਦਾ ਹੈ।

### ਨਾਰੀਅਲ ਪਾਣੀ

ਇਸ 'ਚ ਮੌਜੂਦ ਇਲੈਕਟ੍ਰੋਲਾਇਟਸ ਕਿਡਨੀ ਲਈ ਬਹੁਤ ਫ਼ਾਇਦੇਮੰਦ ਹੁੰਦਾ ਹੈ। ਰੋਜ਼ ਇਸ ਦਾ ਸੇਵਨ ਕਰਨ ਨਾਲ ਕਿਡਨੀ ਸਮੱਸਿਆ ਤੇ ਪੱਥਰੀ ਤੋਂ ਵੀ ਰਾਹਤ ਪਾਈ ਜਾ ਸਕਦੀ ਹੈ।

### ਮੂਲੀ

ਮੂਲੀ 'ਚ ਪਾਏ ਜਾਣ ਵਾਲੇ ਤੱਤ ਸਰੀਰ ਦੇ ਵਾਧੂ ਪਦਾਰਥਾਂ ਨੂੰ ਬਾਹਰ ਕੱਢ ਕੇ ਕਿਡਨੀ ਨੂੰ ਵਧੀਆ ਰੱਖਦੀ ਹੈ।

### ਪਿੱਪਲ ਦਾ ਛਿਲਕਾ

10 ਗ੍ਰਾਮ ਪਿੱਪਲ ਤੇ ਨਿੰਮ ਦੇ ਛਿਲਕੇ ਨੂੰ ਪਾਣੀ 'ਚ ਉਬਾਲ ਕੇ ਰੋਜ਼ ਇਸ ਪਾਣੀ ਦਾ ਸੇਵਨ ਕਰਨਾ ਚਾਹੀਦਾ ਹੈ। ਇਸ ਦੇ ਸੇਵਨ ਨਾਲ ਕਿਡਨੀ ਦੀ ਪਰੇਸ਼ਾਨੀ ਤੋਂ ਬਚਿਆ ਜਾ ਸਕਦਾ ਹੈ।

### ਸ਼ਹਿਦ ਦਾ ਸੇਵਨ

2 ਚਮਚ ਸ਼ਹਿਦ ਤੇ 1 ਚਮਚ ਸੇਬ ਦਾ ਸਿਰਕਾ ਮਿਲਾ ਕੇ ਰੋਜ਼ ਸਵੇਰੇ ਖ਼ਾਲੀ ਪੇਟ ਪੀਣ ਨਾਲ ਕਿਡਨੀ ਰੋਗ ਦਾ ਖ਼ਤਰਾ ਕਾਫ਼ੀ ਹੱਦ ਤਕ ਖਤਮ ਕੀਤਾ ਜਾ ਸਕਦਾ ਹੈ। ਸ਼ਹਿਦ ਨੂੰ ਅਦਰਕ 'ਚ ਪਾ ਕੇ ਖਾਣ ਨਾਲ ਵੀ ਇਸ ਬਿਮਾਰੀ ਤੋਂ ਰਾਹਤ ਪਾਈ ਜਾ ਸਕਦੀ ਹੈ।

# ਮੁੱਖ ਮੰਤਰੀ ਨੇ ਸੀਐਮਜੀਜੀਏ ਦੇ ਨਾਲ ਸਫਾਈ, ਕੂੜਾ ਪ੍ਰਬੰਧਨ ਅਤੇ ਪ੍ਰਸ਼ਾਸ਼ਨਿਕ ਸੁਧਾਰਾਂ 'ਤੇ ਕੀਤੀ ਸਮੀਖਿਆ ਮੀਟਿੰਗ

## ਮੁੱਖ ਮੰਤਰੀ ਨੇ ਸੁਸਾਸ਼ਨ ਸਹਿਯੋਗੀਆਂ ਨੂੰ ਕਿਹਾ, ਸਿਖਿਆ, ਸਿਹਤ ਅਤੇ ਸਫਾਈ ਨੂੰ ਬਿਹਤਰ ਬਨਾਉਣ ਲਈ ਡਿਪਟੀ ਕਮਿਸ਼ਨਰਾਂ ਦੇ ਨਾਲ ਮਿਲ ਕੇ ਕਰਨ ਕੰਮ

**ਚੰਡੀਗੜ੍ਹ, 22 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਸੰਤ ਕਬੀਰ ਕੁਟੀਰ ਨਿਵਾਸ ਸਥਾਨ 'ਤੇ ਮੁੱਖ ਮੰਤਰੀ ਸੁਸਾਸ਼ਨ ਸਹਿਯੋਗੀਆਂ ਦੇ ਨਾਲ ਆਯੋਜਿਤ ਸਮੀਖਿਆ ਮੀਟਿੰਗ ਦੀ ਅਗਵਾਈ ਕੀਤੀ। ਮੀਟਿੰਗ ਵਿੱਚ ਜਿਲ੍ਹਿਆਂ ਵਿੱਚ ਸਫਾਈ, ਕੂੜਾ ਪ੍ਰਬੰਧਨ, ਸਫਾਈ ਵਿਵਸਥਾ, ਸ਼ਿਕਾਇਤ ਹੱਲ ਸਿਸਟਮ ਨੂੰ ਮਜਬੂਤ ਕਰਨ ਅਤੇ ਪ੍ਰਸਾਸ਼ਨਿਕ ਸਮਰੱਥਾ ਵਿੱਚ ਸੁਧਾਰ ਕਰਨ 'ਤੇ ਫੋਕਸ ਕੀਤਾ ਗਿਆ।

ਇਸ ਮੌਕੇ 'ਤੇ ਮੁੱਖ ਮੰਤਰੀ ਸੁਸਾਸ਼ਨ ਸਹਿਯੋਗੀ ਪ੍ਰੋਗਰਾਮ ਦੇ ਪਰਿਯੋਜਨਾ ਨਿਦੇਸ਼ਕ ਡਾ. ਯੱਸ਼ਪਾਲ ਵੀ ਮੌਜੂਦ ਰਹੇ।

ਸੁਸਾਸ਼ਨ ਸਹਿਯੋਗੀਆਂ ਨੇ ਮੁੱਖ ਮੰਤਰੀ ਨੂੰ ਜਿਲ੍ਹਿਆਂ ਵਿੱਚ ਜਮੀਨੀ ਪੱਧਰ 'ਤੇ ਆਉਣ ਵਾਲੀ ਮੁੱਖ ਚਨੌਤੀਆਂ ਅਤੇ ਆਪਣੇ-ਆਪਣੇ ਜਿਲ੍ਹਿਆਂ ਵਿੱਚ ਕੀਤੇ ਜਾ ਰਹੇ ਨਵੇਂ ਢੰਗਾਂ ਦੇ ਬਾਰੇ ਵਿੱਚ ਜਾਣੂ ਕਰਵਾਇਆ। ਉਨ੍ਹਾਂ ਨੇ ਕੂੜਾ ਵੱਖ-ਵੱਖ ਕਰਨ, ਨਾਲਿਆਂ ਦੀ ਸਫਾਈ, ਸੀਵਰੇਜ ਦਰੁਸਤ ਕਰਨ, ਮੈਨਪਾਵਰ ਦੀ ਕਮੀ ਅਤੇ ਲੋਕਾਂ ਵਿੱਚ



ਜਾਗਰੁਕਤਾ ਦੀ ਕਮੀ ਨਾਲ ਜੁੜੇ ਮੁੱਦਿਆਂ 'ਤੇ ਗੱਲ ਕੀਤੀ।

ਵੀਡੀਓ ਕਾਨਫ੍ਰੰਸਿੰਗ ਰਾਹੀਂ ਮੀਟਿੰਗ ਵਿੱਚ ਸ਼ਾਮਿਲ ਹੋਏ ਨਿਗਮ ਕਮਿਸ਼ਨਰਾਂ ਨੂੰ ਸੰਬੋਧਿਤ ਕਰਦੇ ਹੋਏ ਮੁੱਖ ਮੰਤਰੀ ਨੇ ਆਪਣੇ-ਆਪਣੇ ਇਲਾਕਿਆਂ ਵਿੱਚ ਸਾਫ ਸਫਾਈ ਦੇ ਨਾਲ ਕੂੜਾ ਪ੍ਰਬੰਧਨ ਨੂੰ ਮਜਬੂਤ ਕਰਨ ਦੇ ਨਿਰਦੇਸ਼ ਦਿੱਤੇ। ਉਨ੍ਹਾਂ ਨੇ ਲਾਲਿਆਂ ਅਤੇ ਸੀਵਰੇ੧ ਲਾਇਨਾਂ ਦੀ ਨਿਯਮਤ ਰੂਪ ਨਾਲ ਸਫਾਈ ਕਰਨ ਅਤੇ ਸੀਵਰੇਜ ਵਿੱਚ ਆਉਣ ਵਾਲੀ ਰੁਕਾਵਟਾਂ ਨੂੰ ਤੁਰੰਤ ਦੂਰ ਕਰਨ ਅਤੇ ਸਫਾਈ ਨਾਲ ਜੁੜੇ ਸਾਰੇ ਪੈਂਡਿੰਗ ਕੰਮਾਂ ਨੂੰ ਤੇਜੀ ਨਾਲ ਪੂਰਾ ਕਰਨ ਦੀ ਜਰੂਰਤਾਂ 'ਤੇ ਜੋਰ ਦਿੱਤਾ।

ਮੁੱਖ ਮੰਤਰੀ ਨੇ ਕਿਹਾ ਕਿ ਨਿਗਮ ਕਮਿਸ਼ਨਰ ਸਬੰਧਿਤ ਜਿਲ੍ਹਿਆਂ ਵਿੱਚ ਸੀਵਰੇਜ ਨਾਲ ਜੁੜੀ ਸਾਰੀ ਸ਼ਿਕਾਇਤਾਂ ਲਈ ਨੋਡਲ ਆਫਿਸਰ ਵਜੋ ਕੰਮ ਕਰਣਗੇ ਅਤੇ ਉਨ੍ਹਾਂ ਨੂੰ ਜਨਸਿਹਤ ਵਿਭਾਗ ਦੇ ਨਾਲ ਮਿਲ ਕੇ ਕੰਮ ਕਰਨਾ ਚਾਹੀਦਾ ਹੈ ਤਾਂ ਜੋ ਉਨ੍ਹਾਂ ਦਾ ਜਲਦੀ ਹੱਲ ਕੀਤਾ ਜਾ ਸਕੇ। ਜਨਤਾ ਜਾਂ ਸ਼ਿਕਾਇਤ ਪੋਰਟਲ ਤੋਂ ਮਿਲੀ ਕਿਸੇ ਵੀ ਸ਼ਿਕਾਇਤ 'ਤੇ ਤੁਰੰਤ ਕਾਰਵਾਈ ਕੀਤੀ ਜਾਣੀ ਚਾਹੀਦੀ ਹੈ ਅਤੇ ਸਮੇਂਬੱਧ ਢੰਗ ਨਾਲ ਸ਼ਿਕਾਇਤਾਂ ਦਾ ਹੱਲ ਕੀਤਾ ਜਾਣਾ ਚਾਹੀਦਾ ਹੈ।

ਮੁੱਖ ਮੰਤਰੀ ਨੇ ਸਫਾਈ ਅਤੇ ਸਵੱਛਤਾ ਪੈਰਾਮੀਟਰ ਵਿੱਚ ਔਸਤ ਆਧਾਰ 'ਤੇ ਕੰਮ ਕਰ ਰਹੇ ਜਿਲ੍ਹਿਆਂ ਦੇ ਨਿਗਮ ਕਮਿਸ਼ਨਰਾਂ ਦੇ ਨਾਲ ਵਨ-ਟੂ-ਵਨ ਗਲਬਾਤ ਕੀਤੀ ਅਤੇ ਉਨ੍ਹਾਂ ਨੂੰ ਪ੍ਰਾਥਮਿਕਤਾ ਦੇ ਆਧਾਰ 'ਤੇ ਸੁਧਾਰ ਦੇ ਉਪਾਅ ਕਰਨ ਅਤੇ ਸਵੱਛਤਾ ਪੈਮਾਨੇ ਦੇ ਨਾਲ ਆਪਣੀ ਰੈਂਕਿੰਗ ਵਿੱਚ ਸੁਧਾਰ ਕਰਨ ਦੇ ਨਿਰਦੇਸ਼ ਦਿੱਤੇ। ਉਨ੍ਹਾਂ ਨੇ ਕਿਹਾ ਕਿ ਜਮੀਨੀ ਪੱਧਰ 'ਤੇ ਦਿਖਣ ਵਾਲੇ ਅਜਿਹੇ ਸੁਧਾਰਾਂ ਦੇ ਨਤੀਜੇ ਵੀ ਦਿਖਣੇ ਚਾਹੀਦੇ ਹਨ ਜਿਨ੍ਹਾਂ ਦਾ ਮੁਲਾਂਕਣ ਕੀਤਾ ਜਾ ਸਕੇ।

ਮੁੱਖ ਮੰਤਰੀ ਨੇ ਪ੍ਰਸਾਸ਼ਨਿਕ ਸਮਰੱਥਾ ਦੇ ਮਹਤੱਵ ਨੂੰ ਦੋਹਰਾਉਂਦੇ ਹੋਏ ਅਧਿਕਾਰੀਆਂ ਨੂੰ ਕਾਰਜ ਦੇ ਸਮੇਂ ਆਉਣ ਵਾਲੀ ਰੁਕਾਵਟਾਂ ਤੋਂ ਦਬਾਅ ਲਈ ਜਿਲ੍ਹਾ ਪੱਧਰ 'ਤੇ ਕਾਫੀ ਸਟਾਫ ਨੂੰ ਸਹੀ ਢੰਗ ਨਾਲ ਤੈਨਾਤ ਕਰਨ ਦੇ ਨਿਰਦੇਸ਼ ਦਿੱਤੇ। ਉਨ੍ਹਾਂ ਨੇ ਨਿਰਦੇਸ਼ ਦਿੱਤੇ ਕਿ ਕੋਈ ਵੀ ਫਾਇਲ ਬਿਨ੍ਹਾ ਵਜ੍ਹਾ ਪੈਂਡਿੰਗ ਨਹੀ ਰਹਿਣੀ ਚਾਹੀਦੀ ਹੈ ਅਤੇ ਸਾਰੇ ਮਾਮਲਿਆ ਦਾ ਆਸਾਨ ਪ੍ਰਕ੍ਰਿਆ ਨਾਲ ਤੁਰੰਤ ਨਿਪਟਾਇਆ ਜਾਣਾ ਚਾਹੀਦਾ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਲੋਕਾਂ ਦੀ ਭਾਗੀਦਾਰੀ ਅਤੇ ਵਿਹਾਰ ਵਿੱਚ ਬਦਲਾਅ ਨੂੰ ਮਜਬੂਤ ਬਨਾਉਣ ਲਈ ਸੂਚਨਾ ਅਤੇ ਜਾਗਰੁਕਤਾ ਗਤੀਵਿਧੀਆਂ ਨੂੰ ਤੇਜ ਕੀਤਾ ਜਾਵੇ। ਉਨ੍ਹਾਂ ਨੇ ਸੁਸਾਸ਼ਨ ਸਹਿਯੋਗੀਆਂ ਨੂੰ ਕੂੜਾ ਹੋਟਸਪਾਟ ਥਾਵਾਂ ਦੀ ਪਹਿਚਾਣ ਕਰਨ ਅਤੇ ਅਜਿਹੇ ਇਲਾਕਿਆਂ ਵਿੱਚ ਸਵੱਛਤਾ ਦੇ ਸਲੋਗਨ ਅਤੇ ਜਾਗਰੁਕਤਾ ਸੰਦੇਸ਼ ਲਿਖਣ ਦੇ ਨਾਲ-ਨਾਲ ਵਿਸ਼ੇਸ਼ ਸਫਾਈ ਮੁਹਿੰਮ ਚਲਾਉਣ ਦੇ ਨਿਰਦੇਸ਼ ਦਿੱਤੇ।

ਮੁੱਖ ਮੰਤਰੀ ਨੇ ਨਸ਼ੇ ਦੀ ਆਦਤ ਤੋਂ ਬਚਾਅ ਲਈ ਅਹਿਮ ਕਦਮ ਚੁੱਕਦੇ ਹੋਏ ਹਰ ਜਿਲ੍ਹਾ ਹਸਪਤਾਲ ਵਿੱਚ 10 ਬੈਡ ਦਾ ਨਸ਼ਾ ਮੁਕਤੀ (ਡੀ-ਏਡਿਕਸ਼ਨ) ਵਾਰਡ ਬਨਾਉਣ ਦੇ ਨਿਰਦੇਸ਼ ਦਿੱਤੇ। ਉਨ੍ਹਾਂ ਨੇ ਕਿਹਾ ਕਿ ਸੁਸਾਸ਼ਨ ਸਹਿਯੋਗੀ ਇਸ ਪਹਿਲੀ ਦੀ ਪ੍ਰਗਤੀ 'ਤੇ ਬਾਰੀਕੀ ਨਾਲ ਨਜਰ ਰੱਖਣ ਅਤੇ ਜਮੀਨੀ ਪੱਧਰ 'ਤੇ ਆਉਣ ਵਾਲੀ ਚਨੌਤੀਆਂ ਦੀ ਪਹਿਚਾਣ ਕਰਨ ਉਨ੍ਹਾਂ ਦਾ ਸਮੇਂ 'ਤੇ ਲਾਗੂ ਕਰਨ ਵਿੱਚ ਮਦਦ ਲਈ ਤੱਥਾਂ ਅਤੇ ਸਬੂਤਾਂ 'ਤੇ ਅਧਾਰਿਤ ਰਿਪੋਰਟ ਪੇਸ਼ ਕਰਨ।

ਉਨ੍ਹਾਂ ਨੇ ਕਿਹਾ ਕਿ ਸੁਸਾਸ਼ਨ ਸਹਿਯੋਗੀ ਵਿਸ਼ੇਸ਼ਕਰ ਸਿਖਿਆ, ਸਿਹਤ ਅਤੇ ਸਫਾਈ ਵਰਗੇ ਜਰੂਰੀ ਖੇਤਰਾਂ ਵਿੱਚ ਡਿਪਟੀ ਕਮਿਸ਼ਨਰਾਂ ਦੇ ਨਾਲ ਮਿਲ ਕੇ ਕੰਮ ਕਰਨ ਤਾਂ ਜੋ ਪੋਲਿਸੀ ਨੂੰ ਬਿਹਤਰ ਢੰਗ ਨਾਲ ਲਾਗੂ ਕਰ ਸੇਵਾਵਾਂ ਨੂੰ ਬਿਹਤਰ ਬਣਾਇਆ ਜਾ ਸਕੇ।

ਮੀਅਿੰਗ ਦੌਰਾਨ ਸੁਸਾਸ਼ਨ ਸਹਿਯੋਗੀਆਂ ਨੇ ਜਿਲ੍ਹਾ ਦੇ ਹਿਸਾਬ ਨਾਲ ਪ੍ਰੋਗਰਾਮ ਰਿਪੋਰਟ ਪੇਸ਼ ਕੀਤੀ ਅਤੇ ਚਾਰ ਹਫਤੇ ਦਾ ਟੀਚਾ ਨਿਰਧਾਰਿਤ ਕਰ ਵਿਸਤਾਰ ਐਕਸ਼ਨ ਪਲਾਨ ਬਾਰੇ ਜਾਣੂ ਕਰਵਾਇਆ। ਇਸ ਤੋਂ ਇਲਾਵਾ, ਉਨ੍ਹਾਂ ਨੇ ਸਫਾਈ ਸੇਵਾਵਾਂ ਅਤੇ ਨਾਗਰਿਕ ਮੁੱਦਿਆਂ ਦੀ ਸਥਾਨਕ ਪੱਧਰ 'ਤੇ ਮਾਨੀਟਰਿੰਗ ਲਈ ਵਾਰਡ ਕਮੇਟੀ ਦਾ ਗਠਨ ਕਰਨ ਅਤੇ ਉਨ੍ਹਾਂ ਦੀ ਸਿਖਲਾਈ ਵਿੱਚ ਤੇਜੀ ਲਿਆਉਣ ਦਾ ਪ੍ਰਸਤਾਵ ਰੱਖਿਆ।

ਇਹ ਕਮੇਟੀਆਂ ਜਨ ਭਾਗੀਦਾਰੀ ਤੋਂ ਸ਼ਿਕਾਇਤਾਂ ਦੀ ਸਮੇਂ 'ਤੇ ਰਿਪੋਰਟਿੰਗ ਕਰਨ ਅਤੇ ਜਮੀਨੀ ਪੱਧਰ 'ਤੇ ਸਫਾਈ ਕਰਨ ਵਾਲੇ ਯਤਨਾਂ ਨੂੰ ਮਜਬੂਤ ਕਰਨ ਵਿੱਚ ਅਹਿਮ ਭੂਮਿਕਾ ਨਿਭਾਏਗੀ।

## ਬਲਜੀਤ ਮੈਟਰਨਿਟੀ ਐਂਡ ਨਰਸਿੰਗ ਹੋਮ ਕੋਟਕਪੂਰਾ ਵਿਖੇ ਮੈਗਾ ਆਈ.ਵੀ.ਐਫ ਕੈਂਪ ਅੱਜ

**ਜੈਤੋਂ,22 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਇਲਾਕੇ ਦੇ ਪ੍ਰਸਿੱਧ ਬਲਜੀਤ ਮੈਟਰਨਿਟੀ ਐਂਡ ਨਰਸਿੰਗ ਹੋਮ ਕੋਟਕਪੂਰਾ ਵਿਖੇ ਅੱਜ ਬੇਔਲਾਦ ਜੋੜਿਆਂ ਲਈ ਇੱਕ ਵਿਸ਼ਾਲ ਮੇਗਾ ਆਈ.ਵੀ.ਐਫ ਕੈਂਪ ਲਗਾਇਆ ਜਾ ਰਿਹਾ ਹੈ ਜਿਸ ਵਿੱਚ ਮਰੀਜ਼ਾਂ ਨੂੰ ਇੱਕ ਦੀ ਕੀਮਤ ਬਦਲੇ ਚਾਰ ਆਈ.ਵੀ.ਐਫ ਕੀਤੇ ਜਾਣਗੇ। ਜਿਸ ਨਾਲ ਮਰੀਜ਼ਾਂ ਨੂੰ ਮਾਤਾ ਪਿਤਾ ਬਣਨ ਲਈ ਵਧੇਰੇ ਫਾਇਦਾ ਹੋਵੇਗਾ ਅਤੇ ਪੈਸਿਆਂ ਦੀ ਵੀ ਬੱਚਤ ਹੋਵੇਗੀ।

ਵਰਨਣਯੋਗ ਹੈ ਕਿ ਬਲਜੀਤ ਮੈਟਰਨਿਟੀ ਐਂਡ ਨਰਸਿੰਗ ਹੋਮ ਕੋਟਕਪੂਰਾ ਨੂੰ ਇਲਾਕੇ ਦੀ ਨਾਮਵਰ ਡਾਕਟਰ ਬਲਜੀਤ ਕੌਰ ਚਲਾਉਂਦੇ ਹਨ ਅਤੇ ਪਿਛਲੇ ਲੰਮੇ ਸਮੇਂ ਤੋਂ ਇਲਾਕੇ ਵਿੱਚ ਵਧੀਆ ਸੇਵਾਵਾਂ ਲਈ ਨਾਮਣਾ ਖੱਟਿਆ ਹੈ।

ਜ਼ਿਕਰਯੋਗ ਹੈ ਕਿ ਬਲਜੀਤ ਕੌਰ ਨੇ ਲੰਮਾ ਸਮਾਂ ਸਰਕਾਰੀ ਹਸਪਤਾਲ ਜੈਤੋ ਅਤੇ ਕੋਟਕਪੂਰਾ ਵਿਖੇ ਨਿਸ਼ਕਾਮ ਬੇਦਾਗ ਅਤੇ ਵਧੀਆ ਸੇਵਾਵਾਂ ਨਿਭਾਈਆਂ ਹਨ। ਜਿਸ ਕਰਕੇ ਇਲਾਕੇ ਦੇ ਲੋਕਾਂ ਵਿੱਚ ਵਧੀਆ ਸੇਵਾਵਾਂ ਲਈ ਆਪਣਾ ਵਿਸ਼ਵਾਸ ਅਤੇ ਪਿਆਰ ਬਣਾਇਆ ਹੋਇਆ ਹੈ। ਡਾਕਟਰ ਬਲਜੀਤ ਕੌਰ ਵੱਲੋਂ ਸਮਾਜ ਸੇਵੀ ਸੰਸਥਾਵਾਂ ਨਾਲ ਮਿਲ ਕੇ ਵੀ ਲੋਕ ਭਲਾਈ ਸਕੀਮਾਂ ਅਤੇ ਕੈਂਪਾਂ ਦੌਰਾਨ ਮੋਹਰੀ ਸੇਵਾਵਾਂ ਨਿਭਾਈਆਂ ਜਾਂਦੀਆਂ ਹਨ। ਜਿਸ ਲਈ ਇਲਾਕੇ ਦੀਆਂ ਸਮਾਜ ਸੇਵੀ ਸੰਸਥਾਵਾਂ ਵੱਲੋਂ ਉਨ੍ਹਾਂ ਨੂੰ ਵਧੀਆ ਸੇਵਾਵਾਂ ਲਈ ਸਮੇਂ ਸਮੇਂ 'ਤੇ ਸਨਮਾਨਿਤ ਵੀ ਕੀਤਾ ਗਿਆ ਹੈ।

## ਗੁਰੂ ਗੋਬਿੰਦ ਸਿੰਘ ਜੀ ਦੇ 350ਵੇਂ ਗੁਰਤਾ ਗੱਦੀ ਦਿਵਸ ਨੂੰ ਸਮਰਪਿਤ ਤਿੰਨ ਰੋਜ਼ਾ ਪੰਜਾਬੀ ਕਾਨਫਰੰਸ ਅੱਜ

**ਲੁਧਿਆਣਾ, 22 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਸਾਹਿਬ-ਏ-ਕਮਾਲ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ 350ਵੇਂ ਗੁਰਤਾ ਗੱਦੀ ਦਿਵਸ ਨੂੰ ਸਮਰਪਿਤ ਜਵੱਦੀ ਟਕਸਾਲ ਵੱਲੋਂ ਅੰਤਰਰਾਸ਼ਟਰੀ ਪੱਧਰ ਦੀ ਤਿੰਨ ਰੋਜ਼ਾ ਪੰਜਾਬੀ ਕਾਨਫਰੰਸ ਆਯੋਜਿਤ ਕੀਤੀ ਜਾ ਰਹੀ ਹੈ।

ਮੌਜੂਦਾ ਮੁਖੀ ਸੰਤ ਗਿਆਨੀ ਅਮੀਰ ਸਿੰਘ ਜੀ ਦੇ ਹਵਾਲੇ ਨਾਲ ਦੱਸਿਆ ਗਿਆ ਕਿ ਇਸ ਕਾਨਫਰੰਸ ਦਾ ਉਦੇਸ਼ ਗੁਰੂ ਸਾਹਿਬ ਦੇ ਜੀਵਨ, ਸਿੱਖਿਆਵਾਂ ਅਤੇ ਉਨ੍ਹਾਂ ਦੀ ਵਿਸ਼ਵ ਪੱਧਰੀ ਦੇਣ ਨੂੰ ਨਮਨ ਕਰਨਾ ਹੈ।

ਉਦਘਾਟਨੀ ਸਮਾਰੋਹ ਸਿੰਘ ਸਾਹਿਬ ਸੰਤ ਬਾਬਾ ਕੁਲਵੰਤ ਸਿੰਘ ਜੀ ਜਥੇਦਾਰ ਤਖ਼ਤ ਸ੍ਰੀ ਹਜ਼ੂਰ ਸਾਹਿਬ ਦੇ ਅਸ਼ੀਰਵਾਦ ਨਾਲ ਹੋਵੇਗਾ। ਇਸ ਮੌਕੇ 'ਤੇ ਪਦਮ ਸ੍ਰੀ ਸੰਤ ਬਾਬਾ ਸੇਵਾ ਸਿੰਘ ਜੀ, ਐਡਵੋਕੇਟ ਹਰਜਿੰਦਰ ਸਿੰਘ ਧਾਮੀ ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸਮੇਤ ਕਈ ਪ੍ਰਸਿੱਧ ਧਾਰਮਿਕ, ਅਕਾਦਮਿਕ ਅਤੇ ਸਮਾਜਿਕ ਸ਼ਖਸੀਅਤਾਂ ਹਾਜ਼ਰੀ ਭਰਨਗੀਆਂ।

ਕਾਨਫਰੰਸ ਦੌਰਾਨ ਵੱਖ-ਵੱਖ ਵਿਦਿਅਕ ਬੈਠਕਾਂ ਗੁਰਦੁਆਰਾ ਗੁਰ ਗਿਆਨ ਪ੍ਰਕਾਸ਼ ਜਵੱਦੀ ਟਕਸਾਲ ਵਿਖੇ ਹੋਣਗੀਆਂ ਅਤੇ ਆਨਲਾਈਨ ਸੈਸ਼ਨ ਵੀ ਕਰਵਾਏ ਜਾਣਗੇ। ਸਮਾਰੋਹ ਦੌਰਾਨ ਪੁਸਤਕਾਂ ਦੀ ਰਿਲੀਜ਼ ਅਤੇ ਵਿਸ਼ੇਸ਼ ਸਨਮਾਨ ਵੀ ਕੀਤੇ ਜਾਣਗੇ।

ਮਹਾਂਪੁਰਸ਼ਾਂ ਵੱਲੋਂ ਸੰਗਤਾਂ ਨੂੰ ਵੱਡੀ ਗਿਣਤੀ ਵਿੱਚ ਸ਼ਾਮਿਲ ਹੋਣ ਦਾ ਸੱਦਾ ਦਿੱਤਾ ਗਿਆ ਹੈ।

# ਸ੍ਰੀ ਗੁਰੂ ਰਵਿਦਾਸ ਦਾਸ ਬਾਣੀ ਅਧਿਐਨ ਕੇਂਦਰ ਲਈ ਪੰਜਾਬ ਸਰਕਾਰ ਨੇ 10.50 ਏਕੜ ਜ਼ਮੀਨ ਦਾ ਕਬਜ਼ਾ ਲਿਆ : ਹਰਪਾਲ ਸਿੰਘ ਚੀਮਾ

**ਜਲੰਧਰ, 22 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਅੱਜ ਇੱਥੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਨੇ ਕਰਤਾਰਪੁਰ ਰੋਡ 'ਤੇ ਸਥਿਤ ਪਿੰਡ ਨੌਗੱਜਾ ਅਤੇ ਫਰੀਦਪੁਰ ਵਿਖੇ 10.50 ਏਕੜ ਜ਼ਮੀਨ ਦਾ ਕਬਜ਼ਾ ਲੈ ਕੇ 'ਸ੍ਰੀ ਗੁਰੂ ਰਵਿਦਾਸ ਬਾਣੀ ਅਧਿਐਨ ਕੇਂਦਰ' ਦੀ ਸਥਾਪਨਾ ਵੱਲ ਇੱਕ ਨਿਰਣਾਇਕ ਕਦਮ ਚੁੱਕਿਆ ਹੈ। ਉਨ੍ਹਾਂ ਕਿਹਾ ਕਿ ਇਹ ਕਦਮ ਗੁਰੂ ਰਵਿਦਾਸ ਜੀ ਦੀ ਵਿਰਾਸਤ ਦੇ ਸਤਿਕਾਰ ਲਈ ਸਰਕਾਰ ਦੀ ਵਚਨਬੱਧਤਾ ਨੂੰ ਦਰਸਾਉਂਦਾ ਹੈ।

ਕਬਜ਼ਾ ਲੈਣ ਦੀ ਇਹ ਸਾਰੀ ਪ੍ਰਕਿਰਿਆ ਵਿੱਤ ਮੰਤਰੀ ਹਰਪਾਲ ਸਿੰਘ ਚੀਮ, ਵਿਧਾਇਕ ਬਲਕਾਰ ਸਿੰਘ, ਪੰਜਾਬ ਖੇਤੀਬਾੜੀ ਵਿਕਾਸ ਬੈਂਕ ਦੇ ਚੇਅਰਮੈਨ ਪਵਨ ਟੀਨੂੰ, ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਅਤੇ ਡੇਰਾ ਸੱਚਖੰਡ ਬੱਲਾਂ ਦੇ ਨੁਮਾਇੰਦਿਆਂ ਦੀ ਮੌਜੂਦਗੀ ਵਿੱਚ ਮੁਕੰਮਲ ਕੀਤੀ ਗਈ।

ਇਸ ਮੌਕੇ ਬੋਲਦਿਆਂ ਵਿੱਤ ਮੰਤਰੀ



ਹਰਪਾਲ ਸਿੰਘ ਚੀਮਾ ਨੇ ਕਿਹਾ, ਇਹ ਬੜੀ ਖੁਸ਼ੀ ਦੀ ਗੱਲ ਹੈ ਕਿ ਪੰਜਾਬ ਸਰਕਾਰ ਨੇ ਅਤਿ-ਆਧੁਨਿਕ ਸ੍ਰੀ ਗੁਰੂ ਰਵਿਦਾਸ ਬਾਣੀ ਅਧਿਐਨ ਕੇਂਦਰ ਦੀ ਉਸਾਰੀ ਲਈ 10.50 ਏਕੜ ਜ਼ਮੀਨ ਦਾ ਕਬਜ਼ਾ ਹਾਸਲ ਕਰ ਲਿਆ ਹੈ। ਇਸ ਜ਼ਮੀਨ ਦੀ ਵਰਤੋਂ ਹੁਣ ਗੁਰੂ ਰਵਿਦਾਸ ਜੀ ਦੀਆਂ ਸਿੱਖਿਆਵਾਂ ਨੂੰ ਸਮਰਪਿਤ ਇੱਕ ਵਿਸ਼ਵ ਪੱਧਰੀ ਸੰਸਥਾ ਬਣਾਉਣ ਲਈ ਕੀਤੀ ਜਾਵੇਗੀ।

ਉਨ੍ਹਾਂ ਅੱਗੇ ਐਲਾਨ ਕੀਤਾ, ਪੰਜਾਬ ਸਰਕਾਰ ਇਸ ਜਗ੍ਹਾ ਤੋਂ ਹਾਈ-ਟੈਂਸ਼ਨ ਬਿਜਲੀ ਦੀਆਂ ਤਾਰਾਂ ਨੂੰ ਸ਼ਿਫਟ ਕਰਨ ਲਈ 55 ਲੱਖ ਰੁਪਏ ਦਾ ਖਰਚਾ ਸਹਿਣ ਕਰੇਗੀ ਤਾਂ ਜੋ ਉਸਾਰੀ ਦਾ ਕੰਮ ਬਿਨਾਂ ਕਿਸੇ ਦੇਰੀ ਦੇ ਸੁਚਾਰੂ ਢੰਗ ਨਾਲ ਚੱਲ ਸਕੇ।

ਵਿੱਤ ਮੰਤਰੀ ਨੇ ਦੱਸਿਆ, ਜ਼ਮੀਨ ਦੀ ਰਜਿਸਟਰੀ ਪਹਿਲਾਂ ਹੀ ਹੋ ਚੁੱਕੀ ਸੀ ਅਤੇ ਹੁਣ ਕਬਜ਼ਾ ਮਿਲਣ ਨਾਲ ਇਹ ਪ੍ਰੋਜੈਕਟ ਲਾਗੂ ਹੋਣ ਦੇ ਅਹਿਮ ਪੜਾਅ ਵਿੱਚ ਦਾਖਲ ਹੋ ਗਿਆ ਹੈ। ਇਸ ਕੇਂਦਰ ਦਾ ਡਿਜ਼ਾਈਨ ਅਤੇ ਲੇਆਉਟ ਪਲਾਨ ਡੇਰਾ ਸੱਚਖੰਡ ਬੱਲਾਂ ਦੇ ਨੁਮਾਇੰਦਿਆਂ ਦੀ ਸਲਾਹ ਨਾਲ ਮਾਹਿਰਾਂ ਵੱਲੋਂ ਤਿਆਰ ਕੀਤਾ ਜਾ ਰਿਹਾ ਹੈ। ਜਲਦੀ ਹੀ ਟੈਂਡਰ ਕੱਢੇ ਜਾਣਗੇ ਤਾਂ ਜੋ ਉਸਾਰੀ ਦਾ ਕੰਮ ਤੁਰੰਤ ਸ਼ੁਰੂ ਹੋ ਸਕੇ।

ਭਗਵੰਤ ਮਾਨ ਸਰਕਾਰ ਦੇ ਸੰਕਲਪ ਨੂੰ ਦੁਹਰਾਉਂਦਿਆਂ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ, ਸ੍ਰੀ ਗੁਰੂ ਰਵਿਦਾਸ ਬਾਣੀ ਅਧਿਐਨ ਕੇਂਦਰ ਦੁਨੀਆ ਭਰ ਵਿੱਚ ਗੁਰੂ ਰਵੀਦਾਸ ਜੀ ਦੀਆਂ ਸਿੱਖਿਆਵਾਂ ਦੇ ਪ੍ਰਸਾਰ ਅਤੇ ਉਨ੍ਹਾਂ ਦੇ ਸੰਦੇਸ਼ ਨੂੰ ਫੈਲਾਉਣ ਵਾਲੇ ਵਿਦਵਾਨਾਂ ਨੂੰ ਤਿਆਰ ਕਰਨ ਵਿੱਚ ਅਹਿਮ ਭੂਮਿਕਾ ਨਿਭਾਏਗਾ।

ਪੰਜਾਬ ਸਰਕਾਰ ਗੁਰੂ ਜੀ ਦੀ ਅਧਿਆਤਮਿਕ ਅਤੇ ਸਮਾਜਿਕ ਵਿਰਾਸਤ ਨੂੰ ਸੰਭਾਲਣ ਅਤੇ ਪ੍ਰਚਾਰਨ ਲਈ ਦ੍ਰਿੜ ਹੈ।

ਉਨ੍ਹਾਂ ਇਹ ਵੀ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ ਦੇ 650ਵੇਂ ਪ੍ਰਕਾਸ਼ ਪੁਰਬ ਸਬੰਧੀ ਸਾਲ ਭਰ ਚੱਲਣ ਵਾਲੇ ਸਮਾਗਮਾਂ ਦਾ ਐਲਾਨ ਪਹਿਲਾਂ ਹੀ ਕੀਤਾ ਜਾ ਚੁੱਕਾ ਹੈ। ਉਨ੍ਹਾਂ ਕਿਹਾ, ਸ੍ਰੀ ਗੁਰੂ ਰਵਿਦਾਸ ਜੀ ਦੀ ਵਿਰਾਸਤ ਨੂੰ ਸਤਿਕਾਰ ਦੇਣ ਅਤੇ ਗੁਰੂ ਜੀ ਵੱਲੋਂ ਦਰਸਾਈ ਫਿਰਕੂ ਸਦਭਾਵਨਾ ਨੂੰ ਉਤਸ਼ਾਹਿਤ ਕਰਨ ਲਈ ਸੂਬੇ ਭਰ ਵਿੱਚ ਵੱਡੇ ਪੱਧਰ 'ਤੇ ਸਮਾਗਮ ਕਰਵਾਏ ਜਾਣਗੇ।

ਡੇਰਾ ਸੱਚਖੰਡ ਬੱਲਾਂ ਦੇ ਨੁਮਾਇੰਦਿਆਂ ਨੇ ਇਸ ਪ੍ਰੋਜੈਕਟ ਨੂੰ ਸਮਾਂਬੱਧ ਤਰੀਕੇ ਨਾਲ ਨੇਪਰੇ ਚਾੜ੍ਹਨ ਅਤੇ ਸੰਗਤਾਂ ਦੀ ਚਿਰੋਕਣੀ ਮੰਗ ਨੂੰ ਇਮਾਨਦਾਰੀ ਤੇ ਤੇਜ਼ੀ ਨਾਲ ਪੂਰਾ ਕਰਨ ਲਈ ਪੰਜਾਬ ਸਰਕਾਰ ਦਾ ਧੰਨਵਾਦ ਕੀਤਾ।

ਬਾਅਦ ਵਿੱਚ ਮੰਤਰੀ ਹਰਪਾਲ ਸਿੰਘ ਚੀਮਾ ਨੇ ਵਿਧਾਇਕ ਬਲਕਾਰ ਸਿੰਘ, ਚੇਅਰਮੈਨ ਪਵਨ ਟੀਨੂੰ, ਸੀਨੀਅਰ 'ਆਪ' ਆਗੂ ਨਿਤਿਨ ਕੋਹਲੀ ਅਤੇ ਰਾਜਵਿੰਦਰ ਕੌਰ ਥਿਆੜਾ ਸਮੇਤ ਡੇਰਾ ਸੱਚਖੰਡ ਬੱਲਾਂ ਵਿਖੇ ਨਤਮਸਤਕ ਹੋ ਕੇ ਡੇਰਾ ਮੁਖੀ ਸੰਤ ਨਿਰੰਜਨ ਦਾਸ ਜੀ ਦਾ ਆਸ਼ੀਰਵਾਦ ਲਿਆ।

## ਸਰਕਾਰ ਵੱਲੋਂ 'ਕਾਊ ਸੈੱਸ' ਦੇ ਨਾਂ 'ਤੇ ਇਕੱਠੇ ਕੀਤੇ ਟੈਕਸ ਵਿੱਚੋਂ ਸੰਸਥਾ ਦੀ ਮਦਦ ਕੀਤੀ ਜਾਵੇ

**ਫਗਵਾੜਾ, 22 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪ੍ਰਧਾਨ ਅਨਿਲ ਭੱਲਾ ਅਤੇ ਭਾਰਤੀ ਸ਼ਰਮਾ ਦੀ ਪ੍ਰਧਾਨਗੀ ਹੇਠ ਫਗਵਾੜਾ ਸਬ-ਡਵੀਜ਼ਨਲ ਮੈਜਿਸਟਰੇਟ ਨਾਲ ਮੁਲਾਕਾਤ ਕਰਕੇ ਸੰਸਥਾ ਵੱਲੋਂ ਗਊਆਂ ਪ੍ਰਤੀ ਸ਼ਰਧਾ ਨੂੰ ਤਰਜੀਹ ਦਿੰਦੇ ਹੋਏ ਕੀਤੇ ਜਾ ਰਹੇ ਕੰਮਾਂ ਦੀ ਰੂਪ-ਰੇਖਾ ਬਾਰੇ ਵਿਸਥਾਰ ਨਾਲ ਦੱਸਿਆ ਗਿਆ। ਪ੍ਰਸ਼ਾਸਨ ਨੂੰ ਬੇਨਤੀ ਕਰਦੇ ਹੋਏ ਪ੍ਰਧਾਨ ਅਨਿਲ ਭੱਲਾ ਅਤੇ ਸਮੂਹ ਮੈਂਬਰਾਂ ਨੇ ਐਸਡੀਐਮ ਨੂੰ ਬੇਨਤੀ ਕੀਤੀ ਕਿ ਸਰਕਾਰ ਵੱਲੋਂ 'ਕਾਊ ਸੈੱਸ' ਦੇ ਨਾਂ 'ਤੇ ਇਕੱਠੇ ਕੀਤੇ ਟੈਕਸ ਵਿੱਚੋਂ ਸੰਸਥਾ ਦੀ ਮਦਦ ਕੀਤੀ ਜਾਵੇ।

ਇਸ ਮੌਕੇ ਐਸਡੀਐਮ ਸਾਹਿਬ ਨੇ ਕਿਹਾ ਕਿ ਉਹ ਇਸ ਵਿਸ਼ੇ 'ਤੇ ਆਪਣੇ ਉੱਚ ਅਧਿਕਾਰੀਆਂ ਨਾਲ ਗੱਲਬਾਤ ਕਰਨਗੇ ਅਤੇ ਤੁਹਾਡੀਆਂ ਸਾਰੀਆਂ ਜਾਇਜ਼ ਮੰਗਾਂ 'ਤੇ ਵਿਚਾਰ ਕੀਤਾ ਜਾਵੇਗਾ।

ਇਸ ਮੌਕੇ ਸਮੂਹ ਮੈਂਬਰਾਂ ਨੇ ਕਿਹਾ ਕਿ ਸੜਕਾਂ ਅਤੇ ਸ਼ਹਿਰ ਦੇ ਕੂੜੇ ਦੇ ਢੇਰਾਂ 'ਤੇ ਗਊਆਂ ਅਤੇ ਬਲਦਾਂ ਦਾ ਆਵਾਰਾ ਘੁੰਮਣਾ ਹਾਦਸਿਆਂ ਦਾ ਇੱਕ ਮੁੱਖ ਕਾਰਨ ਹੈ। ਇਸ ਤੋਂ ਇਲਾਵਾ, ਖਾਣੇ ਦੇ ਨਾਂ 'ਤੇ ਪਲਾਸਟਿਕ ਦੇ ਲਿਫ਼ਾਫ਼ੇ ਨਿਗਲਣਾ ਵੀ ਗਊਆਂ ਦੀ ਮੌਤ ਦਾ ਕਾਰਨ ਬਣਦਾ ਹੈ, ਜੋ ਕਿ ਸਾਡੇ ਅਤੇ ਪ੍ਰਸ਼ਾਸਨ ਲਈ ਬਹੁਤ ਮੰਦਭਾਗਾ ਹੈ। ਇਸ ਸਮੱਸਿਆ ਦਾ ਇੱਕੋ-ਇੱਕ ਹੱਲ ਇੱਕ ਸਥਾਈ ਜਗ੍ਹਾ ਦਾ ਹੋਣਾ ਹੈ।

ਇਸ ਮੌਕੇ ਰਾਕੇਸ਼ ਮਰਵਾਹਾ, ਹਰੀਸ਼ ਧੀਰ, ਇੰਦਰਜੀਤ ਸ਼ਰਮਾ, ਮੁਕੇਸ਼ ਕੁਮਾਰ, ਅੰਮ੍ਰਿਤਪਾਲ ਸਿੰਘ, ਸਿਆਲ ਸਾਹਿਬ, ਅਸ਼ਵਨੀ ਸ਼ਰਮਾ, ਸੁਮਨ ਸ਼ਰਮਾ, ਸਲੋਨੀ ਜੈਨ, ਬੰਦਨਾ ਸ਼ਰਮਾ, ਆਸ਼ੀਸ਼ ਸ਼ਰਮਾ ਆਦਿ ਹਾਜ਼ਰ ਸਨ। ਧੰਨਵਾਦ।

# ਡਾ.ਬਲਬੀਰ ਸਿੰਘ ਨੇ ਐਲ.ਐਮ.ਐਚ.ਪੀ. ਫੈਲੋਜ਼ ਨੂੰ ਪੰਜਾਬ ਦੀ ਨਸ਼ਾ ਛੁਡਾਊ ਮੁਹਿੰਮ ਵਿੱਚ 'ਆਸ ਦੀ ਕਿਰਨ' ਬਣਨ ਲਈ ਪ੍ਰੇਰਿਆ

## ਸਿਹਤ ਮੰਤਰੀ ਨੇ ਐਲ.ਐਮ.ਐਚ.ਪੀ. ਫੈਲੋਜ਼ ਦੇ ਪਲੇਠੇ ਬੈਚ ਨਾਲ ਕੀਤੀ ਵਿਚਾਰ-ਚਰਚਾ , ਨਸ਼ਿਆਂ ਵਿਰੁੱਧ ਲੜਾਈ ਵਿੱਚ ਉਨ੍ਹਾਂ ਨੂੰ ਕਿਹਾ,'ਲਾਈਟਹਾਊਸ'

**ਚੰਡੀਗੜ੍ਹ, 22 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਸਿਹਤ ਮੰਤਰੀ ਡਾ. ਬਲਬੀਰ ਸਿੰਘ ਨੇ ਪੰਜਾਬ ਭਰ ਵਿੱਚ ਮਾਨਸਿਕ ਸਿਹਤ ਅਤੇ ਨਸ਼ਾ ਛੁਡਾਊ ਮੁਹਿੰਮ ਨੂੰ ਹੋਰ ਮਜ਼ਬੂਤ ਕਰਨ ਲਈ ਇੱਕ ਅਹਿਮ ਪਹਿਲਕਦਮੀ ਤਹਿਤ ਲੀਡਰਸ਼ਿਪ ਇਨ ਮੈਂਟਲ ਹੈਲਥ ਪ੍ਰੋਗਰਾਮ (ਐਲ.ਐਮ.ਐਚ.ਪੀ.) ਫੈਲੋਜ਼ ਦੇ ਪਲੇਠੇ ਬੈਚ ਨਾਲ ਮੁਲਾਕਾਤ ਕੀਤੀ, ਜੋ ਕਿ ਸੂਬੇ ਵਿੱਚ ਚੱਲ ਰਹੀ ਨਸ਼ਾ ਵਿਰੋਧੀ ਮੁਹਿੰਮ 'ਯੁੱਧ ਨਸ਼ਿਆਂ ਵਿਰੁੱਧ' ਰਾਹੀਂ ਨਸ਼ਿਆਂ ਨੂੰ ਰੋਕਣ ਅਤੇ ਮਾਨਸਿਕ ਤੰਦਰੁਸਤੀ ਵਧਾਉਣ ਲਈ ਸਰਕਾਰ ਦੀ ਵਚਨਬੱਧਤਾ ਦਾ ਪ੍ਰਤੱਖ ਪ੍ਰਮਾਣ ਹੈ।

ਇੱਥੇ ਕਿਸਾਨ ਭਵਨ ਵਿਖੇ ਹੋਈ ਵਿਚਾਰ ਚਰਚਾ ਦੌਰਾਨ ਡਾ. ਬਲਬੀਰ ਸਿੰਘ ਨੇ ਐਲ.ਐਮ.ਐਚ.ਪੀ. ਫੈਲੋਜ਼ ਨੂੰ ਨਸ਼ਿਆਂ ਵਿਰੁੱਧ ਪੰਜਾਬ ਦੀ ਫੈਸਲਾਕੁੰਨ ਜੰਗ ਵਿੱਚ 'ਲਾਈਟਹਾਊਸ' ਦੱਸਿਆ। ਇੱਕ ਉਦਾਹਰਣ ਦਿੰਦਿਆਂ ਉਨ੍ਹਾਂ ਕਿਹਾ ਕਿ ਨਸ਼ੇ ਨਾਲ ਜੂਝ ਰਿਹਾ ਵਿਅਕਤੀ "ਸਮੁੰਦਰ ਵਿੱਚ ਤੂਫਾਨ ਦੀ ਲਪੇਟ ਵਿੱਚ ਆਏ ਜਹਾਜ਼ ਵਰਗਾ ਹੁੰਦਾ



ਹੈ - ਅਸ਼ਾਂਤ ਅਤੇ ਦਿਸ਼ਾਹੀਣ।" ਉਨ੍ਹਾਂ ਅੱਗੇ ਕਿਹਾ ਕਿ ਜਿਸ ਤਰ੍ਹਾਂ ਇੱਕ ਲਾਈਟਹਾਊਸ ਜਹਾਜ਼ਾਂ ਨੂੰ ਸੁਰੱਖਿਅਤ ਢੰਗ ਨਾਲ ਕਿਨਾਰੇ 'ਤੇ ਪਹੁੰਚਾ ਦਿੰਦਾ ਹੈ, ਉਸੇ ਤਰ੍ਹਾਂ ਐਲਐਮਐਚਪੀ ਫੈਲੋਜ਼ ਵੀ ਨਸ਼ਾ ਪੀੜਤਾਂ ਅਤੇ ਪਰਿਵਾਰਾਂ ਨੂੰ ਮੁੱਖ ਧਾਰਾ ਅਤੇ ਸਥਿਰਤਾ ਵੱਲ ਲੈ ਜਾਣਗੇ। ਸਿਹਤ ਮੰਤਰੀ ਨੇ ਜ਼ੋਰ ਦੇ ਕੇ ਕਿਹਾ ਕਿ ਫੈਲੋਜ਼ ਨੂੰ ਸੌਂਪੀ ਗਈ ਜ਼ਿੰਮੇਵਾਰੀ ਅਹਿਮ ਅਤੇ ਪਰਿਵਰਤਨਸ਼ੀਲ ਹੈ। ਉਨ੍ਹਾਂ ਕਿਹਾ ਕਿ ਇਹ ਯਾਤਰਾ ਧੀਰਜ ਅਤੇ ਹਮਦਰਦੀ ਦੀ ਮੰਗ ਕਰਦੀ ਹੈ, ਲੋਕਾਂ ਨੂੰ ਨਸ਼ਿਆਂ ਦੀ ਗ੍ਰਿਫਤ ਤੋਂ ਬਾਹਰ ਕੱਢਣਾ ਕਿਸੇ ਇਨਾਮ ਤੋਂ ਘੱਟ ਨਹੀਂ । ਉਨ੍ਹਾਂ ਅੱਗੇ ਕਿਹਾ ਕਿ ਫੈਲੋਜ਼ ਨੂੰ ਜਨਤਕ ਸਿਹਤ ਢਾਂਚੇ ਵਿੱਚ ਸ਼ਾਮਲ ਕੀਤਾ ਜਾ ਰਿਹਾ ਹੈ ਤਾਂ ਜੋ ਪ੍ਰਣਾਲੀਆਂ ਨੂੰ ਮਜ਼ਬੂਤ ਕੀਤਾ ਜਾ ਸਕੇ, ਪ੍ਰਕਿਰਿਆਵਾਂ ਨੂੰ ਮਿਆਰੀ , ਨਿਗਰਾਨ ਵਿਧੀਆਂ ਵਿੱਚ ਵਾਧਾ ਅਤੇ ਜ਼ਿਲ੍ਹਿਆਂ ਵਿੱਚ ਸੰਸਥਾਗਤ ਸਮਰੱਥਾ ਬਣਾਈ ਜਾ ਸਕੇ। ਮਾਨਸਿਕ ਸਿਹਤ ਪ੍ਰੋਗਰਾਮ ਵਿੱਚ ਲੀਡਰਸ਼ਿਪ ਨੂੰ ਇੱਕ ਮੋਹਰੀ ਪਹਿਲਕਦਮੀ ਦੱਸਦਿਆਂ ਡਾ. ਬਲਬੀਰ ਸਿੰਘ ਨੇ ਕਿਹਾ ਕਿ ਇਹ ਭਾਰਤ ਦੀ ਪਹਿਲੀ ਫੈਲੋਸ਼ਿਪ ਹੈ ,ਜੋ ਵਿਸ਼ੇਸ਼ ਤੌਰ 'ਤੇ ਪ੍ਰਣਾਲੀਗਤ ਮਾਨਸਿਕ ਸਿਹਤ ਮਜ਼ਬੂਤੀ ਰਾਹੀਂ ਨਸ਼ੀਲੇ ਪਦਾਰਥਾਂ ਦੀ ਦੁਰਵਰਤੋਂ ਰੋਕਣ 'ਤੇ ਸਮਰਪਿਤ ਹੈ। ਟਾਟਾ ਇੰਸਟੀਚਿਊਟ ਆਫ਼ ਸੋਸ਼ਲ ਸਾਇੰਸਿਜ਼ ਦੇ ਸਹਿਯੋਗ ਨਾਲ ਤਿਆਰ ਕੀਤਾ ਇਹ ਪ੍ਰੋਗਰਾਮ , ਨਸ਼ਾ ਛੁਡਾਊ ਕੇਂਦਰਾਂ, ਓਓਏਟੀ ਕੇਂਦਰਾਂ ਅਤੇ ਜ਼ਿਲ੍ਹਾ ਪ੍ਰਸ਼ਾਸਨਾਂ ਨੂੰ ਨਿਗਰਾਨੀ ਕਰਨ, ਸਮਰੱਥਾ ਨਿਰਮਾਣ ਅਤੇ ਪੂਰਨ ਤਾਲਮੇਲ ਵਿੱਚ ਸਹਾਇਤਾ ਪ੍ਰਦਾਨ ਕਰਨ ਲਈ ਜ਼ਿਲ੍ਹਿਆਂ ਵਿੱਚ ਸਿਖਲਾਈ ਪ੍ਰਾਪਤ ਮਾਨਸਿਕ ਸਿਹਤ ਪੇਸ਼ੇਵਰਾਂ ਨੂੰ ਤਾਇਨਾਤ ਕਰਦਾ ਹੈ।

ਉਨ੍ਹਾਂ ਅੱਗੇ ਦੱਸਿਆ ਕਿ ਫੈਲੋਜ਼ ਵੱਲੋਂ ਨੌਜਵਾਨਾਂ ਵਿੱਚ ਨਸ਼ਿਆਂ ਦੀ ਵਰਤੋਂ ਨੂੰ ਸ਼ੁਰੂ ਵਿੱਚ ਹੀ ਰੋਕਣ ਲਈ ਸਕੂਲਾਂ, ਕਾਲਜਾਂ ਅਤੇ ਜਨਤਕ ਥਾਵਾਂ ਨਾਲ ਵੀ ਸਰਗਰਮੀ ਨਾਲ ਸੰਪਰਕ ਕੀਤਾ ਜਾਵੇਗਾ। ਇਸ ਤਰ੍ਹਾਂ ਰੋਕਥਾਮ, ਇਲਾਜ ਅਤੇ ਮੁੜਵਸੇਬੇ ਨੂੰ ਇੱਕ ਵਿਆਪਕ ਜਨਤਕ ਸਿਹਤ ਢਾਂਚੇ ਨਾਲ ਜੋੜਿਆ ਜਾਵੇਗਾ।

ਡਾ. ਬਲਬੀਰ ਸਿੰਘ ਨੇ ਜ਼ੋਰ ਦਿੰਦਿਆਂ ਕਿਹਾ ਕਿ ਨਸ਼ਾਖੋਰੀ ਸਿਰਫ਼ ਪੰਜਾਬ ਪੱਧਰ ਦਾ ਮੁੱਦਾ ਨਹੀਂ ਸਗੋਂ ਇੱਕ ਰਾਸ਼ਟਰੀ ਪੱਧਰ ਦੀ ਸਿਹਤ ਚੁਣੌਤੀ ਹੈ ਜਿਸ ਦਾ ਟਾਕਰਾ ਕਰਨ ਲਈ ਨਿਰੰਤਰ ਅਤੇ ਢਾਂਚਾਗਤ ਦਖਲਅੰਦਾਜ਼ੀ ਦੀ ਲੋੜ ਹੈ। ਉਨ੍ਹਾਂ ਵਿਸ਼ਵਾਸ ਪ੍ਰਗਟ ਕੀਤਾ ਕਿ ਐਲਐਮਐਚਪੀ ਮਾਡਲ ਵਿੱਚ ਦੇਸ਼ ਭਰ ਦੇ ਹੋਰਨਾਂ ਸੂਬਿਆਂ ਲਈ ਇੱਕ ਠੋਸ ਢਾਂਚੇ ਵਜੋਂ ਉਭਰਨ ਦੀ ਸਮਰੱਥਾ ਹੈ।

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦੀ ਦੂਰਅੰਦੇਸ਼ੀ ਨੂੰ ਉਜਾਗਰ ਕਰਦਿਆਂ ਉਨ੍ਹਾਂ ਕਿਹਾ ਕਿ ਸੂਬੇ ਨੇ ਸਿਹਤ, ਸਿੱਖਿਆ ਅਤੇ ਸਾਫ਼ ਪੀਣ ਵਾਲੇ ਪਾਣੀ ਤੱਕ ਪਹੁੰਚ ਨੂੰ ਮਨੁੱਖੀ ਵਿਕਾਸ ਦੇ ਮੁੱਖ ਮਾਪਦੰਡਾਂ ਵਜੋਂ ਤਰਜੀਹ ਦਿੱਤੀ ਹੈ। ਮਾਨਸਿਕ ਸਿਹਤ ਸੇਵਾਵਾਂ ਨੂੰ ਮਜ਼ਬੂਤ ਕਰਨਾ ਅਤੇ ਨਸ਼ਿਆਂ ਨਾਲ ਨਜਿੱਠਣਾ, ਸਾਰਿਆਂ ਲਈ ਬਰਾਬਰ ਅਤੇ ਪਹੁੰਚਯੋਗ ਜਨਤਕ ਸਿਹਤ ਮੁਹੱਈਆ ਕਰਵਾਉਣਾ, ਇਸ ਸੋਚ ਦੇ ਅਨਿੱਖੜਵੇਂ ਅੰਗ ਹਨ।

ਸਿਹਤ ਮੰਤਰੀ ਨੇ ਫੈਲੋਜ਼ ਨੂੰ ਸ਼ੁਭਕਾਮਨਾਵਾਂ ਦਿੱਤੀਆਂ ਅਤੇ ਉਮੀਦ ਪ੍ਰਗਟਾਈ ਕਿ ਉਹ ਪੇਸ਼ੇਵਰ ਅਤੇ ਨੈਤਿਕ ਉੱਤਮਤਾ ਦੇ ਮਿਆਰਾਂ ਨੂੰ ਕਾਇਮ ਰੱਖਣਗੇ ਅਤੇ ਪੰਜਾਬ ਵਿੱਚ ਨਸ਼ਾਖੋਰੀ ਵਿਰੁੱਧ ਚੱਲ ਰਹੀ ਲੜਾਈ ਵਿੱਚ ਸੁਹਿਰਦਤਾ ਨਾਲ ਯੋਗਦਾਨ ਦੇਣਗੇ।

## ਫਾਜ਼ਿਲਕਾ ਦੇ ਪ੍ਰਤਾਪ ਬਾਗ ਵਿਖੇ ਪੰਜਾਬ ਸਖੀ ਸ਼ਕਤੀ ਮੇਲਾ 27 ਫਰਵਰੀ ਤੋਂ 1 ਮਾਰਚ ਤੱਕ



**ਫਾਜ਼ਿਲਕਾ, 22 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਸਥਾਨਕ ਪ੍ਰਤਾਪ ਬਾਗ ਵਿਖੇ ਤਿੰਨ ਰੋਜ਼ਾ ਪੰਜਾਬ ਸਖੀ ਸ਼ਕਤੀ ਮੇਲਾ 27 ਫਰਵਰੀ ਤੋਂ 1 ਮਾਰਚ 2026 ਤੱਕ ਕਰਵਾਇਆ ਜਾਵੇਗਾ। ਇਹ ਜਾਣਕਾਰੀ ਵਧੀਕ ਡਿਪਟੀ ਕਮਿਸ਼ਨਰ ਵਿਕਾਸ ਸ੍ਰੀ ਸੁਭਾਸ਼ ਚੰਦਰ ਨੇ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ 'ਚ ਜ਼ਿਲ੍ਹਾ ਵਾਸੀਆਂ ਨੂੰ ਵੱਧ ਚੜ੍ਹ ਕੇ ਮੇਲੇ 'ਚ ਸ਼ਮੂਲੀਅਤ ਕਰਨ ਦਾ ਸੱਦਾ ਦਿੰਦਿਆਂ ਕੀਤਾ। ਇਸ ਦੌਰਾਨ ਉਹਨਾਂ ਵਿਭਾਗੀ ਅਧਿਕਾਰੀਆਂ ਤੋਂ ਮੇਲੇ ਨੂੰ ਸਫਲਤਾ ਪੂਰਵਕ ਨੇਪਰੇ ਚਾੜਨ ਲਈ ਸੁਝਾਅ ਵੀ ਲਏ ! ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਉਨ੍ਹਾਂ ਦੱਸਿਆ ਕਿ ਇਹ ਮੇਲਾ ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ ਪੰਜਾਬ, ਦਫਤਰ ਸੰਯੁਕਤ ਵਿਕਾਸ ਕਮਿਸ਼ਨਰ, ਮੁਹਾਲੀ ਵੱਲੋ ਦਫਤਰ ਲਘੂ ਉਦਯੋਗ( ਡੀ.ਆਈ.ਸੀ) ਫਾਜ਼ਿਲਕਾ ਅਤੇ ਪੰਜਾਬ ਸਟੇਟ ਰੂਰਲ ਲਾਇਵਲੀਹੁੱਡ ਮਿਸ਼ਨ ਅਧੀਨ ਪ੍ਰਤਾਪ ਬਾਗ ਫਾਜ਼ਿਲਕਾ ਵਿਖੇ ਲਗਾਇਆ ਜਾਣਾ ਹੈ। ਉਨ੍ਹਾਂ ਦੱਸਿਆ ਕਿ ਇਸ ਮੇਲੇ 'ਚ ਵੱਖ-ਵੱਖ ਸੈਲਫ ਹੈਲਪ ਗਰੁੱਪਾਂ ਦੇ ਘਰੇਲੂ, ਜੈਵਿਕ, ਹੱਥਾਂ ਨਾਲ ਬਣੇ ਸਾਮਾਨ ਦੇ ਸਟਾਲ ਲੱਗਣਗੇ। ਇਸ ਤੋਂ ਇਲਾਵਾ ਸ਼ਾਮ ਨੂੰ ਉੱਘੇ ਸੂਫ਼ੀ ਅਤੇ ਲੋਕ ਗਾਇਕ ਆਪਣੀ ਪੇਸ਼ਕਾਰੀ ਦੇਣਗੇ। ਮੇਲੇ ਦਾ ਸਮਾਂ ਸਵੇਰੇ 10 ਵਜੇ ਤੋਂ ਰਾਤ 9 ਵਜੇ ਤਕ ਹੋਵੇਗਾ ਅਤੇ ਗਾਇਕਾਂ ਦੀਆਂ ਪੇਸ਼ਕਾਰੀਆਂ ਸ਼ਾਮ 6 ਵਜੇ ਤੋਂ ਰਾਤ 9 ਵਜੇ ਤਕ ਹੋਣਗੀਆਂ। ਉਨ੍ਹਾਂ ਦੱਸਿਆ ਕਿ ਇਸ ਮੇਲੇ ਦਾ ਮੁੱਖ ਮਕਸਦ ਔਰਤਾਂ ਨੂੰ ਆਤਮ-ਨਿਰਭਰ ਬਣਾਉਣਾ ਹੈ। ਉਨ੍ਹਾਂ ਸਿੱਖਿਆ ਵਿਭਾਗ, ਪੁਲਿਸ ਵਿਭਾਗ, ਜ਼ਿਲਾ ਉਦਯੋਗ ਕੇਂਦਰ, ਜ਼ਿਲ੍ਹਾ ਤੇ ਬਲਾਕ ਵਿਕਾਸ ਪੰਚਾਇਤ ਵਿਕਾਸ ਵਿਭਾਗ, ਪੰਚਾਇਤੀ ਰਾਜ, ਜਲ ਸਪਲਾਈ ਤੇ ਸੈਨੀਟੇਸ਼ਨ ਵਿਭਾਗ, ਭਾਸ਼ਾ ਵਿਭਾਗ ਤੇ ਭਲਾਈ ਵਿਭਾਗ ਸਮੇਤ ਵੱਖ-ਵੱਖ ਵਿਭਾਗਾਂ ਨੂੰ ਆਪਣੀਆਂ ਡਿਊਟੀਆਂ ਤੇ ਜ਼ਿੰਮੇਵਾਰੀਆਂ ਨੂੰ ਸਫਲਤਾ ਪੂਰਵਕ ਨੇਪਰੇ ਚਾੜਨ ਲਈ ਕਿਹਾ! ਉਹਨਾਂ ਸਿਹਤ ਵਿਭਾਗ ਨੂੰ ਮੈਡੀਕਲ ਟੀਮਾਂ ਤੇ ਐਂਬੂਲੈਂਸ ਤੇ ਨਗਰ ਕੌਂਸਲ ਫਾਜ਼ਿਲਕਾ ਨੂੰ ਸਾਫ ਸਫਾਈ ਸਮੇਤ ਹੋਰ ਲੋੜੀਂਦੇ ਪ੍ਰਬੰਧ ਕਰਨ ਦੀ ਹਦਾਇਤ ਕੀਤੀ!

# ਸਿੱਖਿਆ ਮੰਤਰੀ ਦਾ ਮਾਛੀਵਾੜਾ ਦੌਰਾ ਹੋਰ ਸਕੂਲਾਂ ਵਿੱਚ ਬੇਅਸਰ ਸਾਬਤ ਹੋਇਆ ਅਧਿਆਪਕਾਂ ਦੀ ਲਾਪਰਵਾਹੀ ਕਾਰਨ ਦੋ ਜਮਾਤਾਂ ਨੂੰ ਛੁੱਟੀ ਦਿੱਤੀ ਗਈ

**ਮਾਛੀਵਾੜਾ ਸਾਹਿਬ, 22 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਹਾਲਾਂਕਿ ਪੰਜਾਬ ਦੇ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨੇ ਮਾਛੀਵਾੜਾ ਸਕੂਲਾਂ ਦਾ ਅਚਾਨਕ ਨਿਰੀਖਣ ਕੀਤਾ ਸੀ, ਪਰ ਮੰਤਰੀ ਦਾ ਮਾਛੀਵਾੜਾ ਦੌਰਾ ਦੋ ਦਿਨਾਂ ਬਾਅਦ ਹੀ ਬੇਅਸਰ ਸਾਬਤ ਹੋਇਆ, ਅਤੇ ਅਧਿਆਪਕਾਂ ਦੀ ਲਾਪਰਵਾਹੀ ਇੰਨੀ ਗੰਭੀਰ ਸੀ ਕਿ ਉਨ੍ਹਾਂ ਨੇ ਅੱਜ ਦੋ ਜਮਾਤਾਂ ਨੂੰ ਛੁੱਟੀ ਕਰ ਦਿੱਤੀ।

ਇੱਕ ਸੂਚਨਾ ਦੇ ਆਧਾਰ 'ਤੇ, ਪਤਾ ਲੱਗਾ ਕਿ ਸਥਾਨਕ ਪੀਐਮ ਸ਼੍ਰੀ ਸਰਕਾਰੀ ਗਰਲਜ਼ ਸੀਨੀਅਰ ਸੈਕੰਡਰੀ ਸਕੂਲ ਵਿੱਚ ਦੋ ਜਮਾਤਾਂ ਦੀਆਂ ਵਿਦਿਆਰਥਣਾਂ ਘਰ ਵਾਪਸ ਆ ਰਹੀਆਂ ਸਨ। ਹਾਲਾਂਕਿ, ਜਿਵੇਂ ਹੀ ਸਕੂਲ ਸਟਾਫ ਨੂੰ ਪਤਾ ਲੱਗਾ ਕਿ ਪੱਤਰਕਾਰ ਸਕੂਲ ਦੇ ਬਾਹਰ ਪਹੁੰਚੇ ਹਨ, ਤਾਂ ਅੰਦਰਲੀਆਂ ਵਿਦਿਆਰਥਣਾਂ ਨੂੰ ਅੰਦਰ ਹੀ ਰਹਿਣ ਲਈ ਕਿਹਾ ਗਿਆ। ਜਦੋਂ ਪੱਤਰਕਾਰਾਂ ਨੇ ਸਕੂਲ ਦੇ ਬਾਹਰਲੀਆਂ ਵਿਦਿਆਰਥਣਾਂ ਨੂੰ ਪੁੱਛਿਆ ਕਿ ਉਹ ਘਰ ਵਾਪਸ ਕਿਉਂ ਆ ਰਹੀਆਂ ਹਨ, ਤਾਂ ਉਨ੍ਹਾਂ ਕਿਹਾ ਕਿ ਉਨ੍ਹਾਂ ਨੂੰ ਸਕੂਲ ਨੇ ਛੁੱਟੀ ਕਰ ਦਿੱਤਾ ਹੈ। ਜਦੋਂ ਪੱਤਰਕਾਰ ਇਸ ਬਾਰੇ ਪੁੱਛਣ ਲਈ ਅੰਦਰ ਗਏ, ਤਾਂ ਉਨ੍ਹਾਂ ਨੂੰ ਅੰਦਰ ਜਾਣ ਤੋਂ ਰੋਕ ਦਿੱਤਾ ਗਿਆ। ਇਸ ਤੋਂ ਬਾਅਦ, ਪੱਤਰਕਾਰਾਂ ਨੂੰ ਸ਼ੱਕ ਹੋਇਆ ਕਿ ਜੇਕਰ ਇਹ ਲੋਕ ਉਨ੍ਹਾਂ ਨੂੰ ਸਕੂਲ ਦੇ ਅੰਦਰ ਨਹੀਂ ਜਾਣ ਦੇ ਰਹੇ ਸਨ, ਤਾਂ ਕੁਝ ਤਾਂ ਜ਼ਰੂਰ ਗਲਤ ਹੈ। ਕਿਸੇ ਤਰ੍ਹਾਂ, ਪੱਤਰਕਾਰਾਂ ਦੀ ਟੀਮ ਸਕੂਲ ਦੇ ਅੰਦਰ ਜਾਣ ਵਿੱਚ ਕਾਮਯਾਬ ਹੋ ਗਈ ਅਤੇ ਸਕੂਲ ਇੰਚਾਰਜ ਤੋਂ ਵਿਦਿਆਰਥੀਆਂ ਦੇ ਸਕੂਲ ਛੁੱਟੀ ਬਾਰੇ ਪੁੱਛਿਆ। ਜਵਾਬ ਵਿੱਚ, ਸਕੂਲ ਇੰਚਾਰਜ ਮਨਦੀਪ ਕੌਰ ਨੇ ਪੱਤਰਕਾਰਾਂ ਨੂੰ ਸਵਾਲ ਕੀਤਾ, ਉਨ੍ਹਾਂ ਨੂੰ ਪੁੱਛਿਆ ਕਿ ਉਨ੍ਹਾਂ ਨੂੰ ਸਕੂਲ ਦੀਆਂ ਗਤੀਵਿਧੀਆਂ ਬਾਰੇ ਪੁੱਛਣ ਦਾ ਕੀ ਹੱਕ ਹੈ। ਉਸਨੇ ਪਤਰਕਾਰਾਂ ਨਾਲ ਦੁਰਵਿਵਹਾਰ ਕੀਤਾ ਅਤੇ ਜਵਾਬ ਦੇਣ ਦੀ ਬਜਾਏ ਦੂਜੇ ਕਮਰੇ ਵਿੱਚ ਚਲੀ ਗਈ।

**ਸਕੂਲ ਦਾ ਅੱਧਾ ਸਟਾਫ ਸੈਮੀਨਾਰਾਂ ਅਤੇ ਕਾਗਜ਼ੀ ਕਾਰਵਾਈਆਂ ਵਿੱਚ ਰੁੱਝਿਆ ਹੋਇਆ ਸੀ**

ਮੌਕੇ 'ਤੇ ਮੌਜੂਦ ਬਾਕੀ ਅਧਿਆਪਕਾਂ ਨੇ ਦੱਸਿਆ ਕਿ ਅੱਜ 8ਵੀਂ ਜਮਾਤ ਦੀ ਪ੍ਰੀਖਿਆ ਸੀ, ਜਿਸ ਲਈ ਛੇ ਅਧਿਆਪਕ ਡਿਊਟੀ 'ਤੇ ਸਨ। 11 ਅਧਿਆਪਕ ਪ੍ਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ ਦੇ ਸੈਮੀਨਾਰ ਲਈ ਸਮਰਾਲਾ ਗਏ ਸਨ, ਅਤੇ ਦੋ ਅਧਿਆਪਕਾ ਮੈਟਰਨਿਟੀ ਛੁੱਟੀ 'ਤੇ ਸਨ। ਅਜਿਹੇ ਹਾਲਾਤਾਂ ਵਿੱਚ, ਛੇਵੀਂ ਜਮਾਤ ਦੀਆਂ ਕੁੜੀਆਂ ਨੂੰ ਖੇਡ ਦੇ ਮੈਦਾਨ ਵਿੱਚ ਭੇਜ ਦਿੱਤਾ ਗਿਆ ਸੀ, ਅਤੇ ਬਹੁਤ ਸਾਰੀਆਂ ਕੁੜੀਆਂ ਅੱਜ ਛੁੱਟੀ 'ਤੇ ਸਨ।

**9ਵੀਂ ਜਮਾਤ ਦੀਆਂ 162 ਵਿੱਚੋਂ ਸਿਰਫ਼ 28 ਵਿਦਿਆਰਥੀ ਹੀ ਮੌਜੂਦ ਸਨ**

ਸਕੂਲ ਪ੍ਰਬੰਧਨ ਨੇ ਦੱਸਿਆ ਕਿ ਅੱਜ 9ਵੀਂ ਜਮਾਤ ਦੀਆਂ ਬਹੁਤ ਸਾਰੀਆਂ ਵਿਦਿਆਰਥਣਾਂ ਛੁੱਟੀ 'ਤੇ ਸਨ, ਪਰ ਇਹ ਕਿਵੇਂ ਹੋ ਸਕਦਾ ਹੈ ਕਿ 9ਵੀਂ ਜਮਾਤ ਦੇ ਚਾਰ ਭਾਗਾਂ ਵਿੱਚ ਪੜ੍ਹ ਰਹੇ 162 ਵਿੱਚੋਂ ਸਿਰਫ਼ 28 ਵਿਦਿਆਰਥੀ ਹੀ ਮੌਜੂਦ ਸਨ? ਨੌਵੀਂ ਜਮਾਤ ਦੇ ਸੈਕਸ਼ਨ ਏ ਵਿੱਚ 40 ਵਿੱਚੋਂ ਸਿਰਫ਼ 3 ਵਿਦਿਆਰਥੀ, ਸੈਕਸ਼ਨ ਬੀ ਵਿੱਚ 45 ਵਿੱਚੋਂ 16, ਸੈਕਸ਼ਨ ਸੀ ਵਿੱਚ 42 ਵਿੱਚੋਂ 6 ਅਤੇ ਸੈਕਸ਼ਨ ਡੀ ਵਿੱਚ 35 ਵਿੱਚੋਂ 3 ਵਿਦਿਆਰਥੀ ਮੌਜੂਦ ਸਨ। ਹੋਰ ਵਿਦਿਆਰਥੀ ਵੀ ਮੌਜੂਦ ਸਨ, ਪਰ ਉਨ੍ਹਾਂ ਨੂੰ ਘਰ ਭੇਜ ਦਿੱਤਾ ਗਿਆ। ਹਾਲਾਂਕਿ, ਪੱਤਰਕਾਰਾਂ ਦੇ ਆਉਣ ਤੋਂ ਬਾਅਦ, ਜੋ ਅੰਦਰ ਰਹਿ ਗਏ ਸਨ, ਉਨ੍ਹਾਂ ਨੂੰ ਅੰਦਰ ਹੀ ਰੱਖਿਆ ਗਿਆ। ਇਸੇ ਤਰ੍ਹਾਂ, 11ਵੀਂ ਜਮਾਤ ਦੇ ਅੱਧੇ ਵਿਦਿਆਰਥੀ ਮੌਜੂਦ ਨਹੀਂ ਸਨ।

**ਛੇਵੀਂ ਜਮਾਤ ਦੇ ਵਿਦਿਆਰਥੀਆਂ ਨੂੰ ਪਛਾਣ ਪੱਤਰ ਵੀ ਜਾਰੀ ਨਹੀਂ ਕੀਤੇ ਗਏ ਸਨ**

ਜਦੋਂ ਮੈਂ ਅੱਜ ਸਕੂਲ ਦਾ ਦੌਰਾ ਕੀਤਾ, ਤਾਂ ਪਤਾ ਲੱਗਾ ਕਿ ਛੇਵੀਂ ਜਮਾਤ ਦੇ ਵਿਦਿਆਰਥੀ ਸਟਾਫ ਦੀ ਡਿਊਟੀ ਕਾਰਨ ਸਕੂਲ ਦੇ ਮੈਦਾਨ ਵਿੱਚ ਖੇਡ ਰਹੇ ਸਨ। ਖੇਡਣ ਦਾ ਕਾਰਨ ਪੁੱਛਣ 'ਤੇ, ਵਿਦਿਆਰਥੀਆਂ ਨੇ ਡਰਦੇ ਹੋਏ ਜਵਾਬ ਦਿੱਤਾ ਕਿ ਉਨ੍ਹਾਂ ਨੂੰ ਖੇਡ ਦੇ ਮੈਦਾਨ ਵਿੱਚ ਰਹਿਣ ਲਈ ਕਿਹਾ ਗਿਆ ਸੀ। ਜਦੋਂ ਉਨ੍ਹਾਂ ਦੇ ਆਈਡੀ ਕਾਰਡਾਂ ਬਾਰੇ ਪੁੱਛਿਆ ਗਿਆ, ਤਾਂ ਛੇਵੀਂ ਜਮਾਤ ਦੇ ਵਿਦਿਆਰਥੀਆਂ, ਸੈਕਸ਼ਨ ਏ ਅਤੇ ਬੀ ਨੇ ਕਿਹਾ ਕਿ ਉਨ੍ਹਾਂ ਨੂੰ ਅਜੇ ਤੱਕ ਇਹ ਨਹੀਂ ਮਿਲੇ ਹਨ। ਇਹ ਧਿਆਨ ਦੇਣ ਯੋਗ ਹੈ ਕਿ ਸੈਸ਼ਨ ਖਤਮ ਹੋਣ ਵਾਲਾ ਹੈ, ਫਿਰ ਵੀ ਵਿਦਿਆਰਥੀਆਂ ਨੂੰ ਅਜੇ ਤੱਕ ਆਪਣੇ ਆਈਡੀ ਕਾਰਡ ਨਹੀਂ ਮਿਲੇ ਹਨ। ਹਾਲਾਂਕਿ ਮੌਜੂਦ ਅਧਿਆਪਕ ਨੇ ਕਿਹਾ ਕਿ ਉਨ੍ਹਾਂ ਨੇ ਪੈਸੇ ਜਮ੍ਹਾ ਕਰਵਾ ਦਿੱਤੇ ਹਨ, ਪਰ ਉਸਨੇ ਕਾਰਡ ਨਹੀਂ ਦਿੱਤੇ।

**ਸਿੱਖਿਆ ਅਧਿਕਾਰੀਆਂ ਨੇ ਕੋਈ ਸਪੱਸ਼ਟ ਜਵਾਬ ਨਹੀਂ ਦਿੱਤਾ।**

ਜਦੋਂ ਲੁਧਿਆਣਾ ਦੇ ਡਿਪਟੀ ਜ਼ਿਲ੍ਹਾ ਸਿੱਖਿਆ ਅਫ਼ਸਰ ਅਮਨਦੀਪ ਸਿੰਘ ਨਾਲ ਉਨ੍ਹਾਂ ਦਾ ਪੱਖ ਜਾਣਨ ਲਈ ਫ਼ੋਨ 'ਤੇ ਸੰਪਰਕ ਕੀਤਾ ਗਿਆ, ਤਾਂ ਉਨ੍ਹਾਂ ਕਿਹਾ, ਮੈਂ ਜਾਂਚ ਤੋਂ ਬਾਅਦ ਹੀ ਤੁਹਾਨੂੰ ਸੱਚ ਦੱਸ ਸਕਦਾ ਹਾਂ। ਹਾਲਾਂਕਿ, ਉਨ੍ਹਾਂ ਸਪੱਸ਼ਟ ਕੀਤਾ ਕਿ ਸਕੂਲ ਵਿੱਚ ਕਿਸੇ ਵੀ ਕਲਾਸ ਨੂੰ ਛੁੱਟੀ ਨਹੀਂ ਦਿੱਤੀ ਜਾ ਸਕਦੀ। ਇਸ ਤੋਂ ਬਾਅਦ, ਜਦੋਂ ਲੁਧਿਆਣਾ ਦੇ ਜ਼ਿਲ੍ਹਾ ਸਿੱਖਿਆ ਅਫ਼ਸਰ ਡਿੰਪਲ ਮਦਾਨ ਨਾਲ ਫ਼ੋਨ 'ਤੇ ਸੰਪਰਕ ਕੀਤਾ ਗਿਆ, ਤਾਂ ਉਨ੍ਹਾਂ ਸਿਰਫ਼ ਇਹ ਕਿਹਾ, ਮੈਂ ਇਸ ਸਮੇਂ ਕੋਈ ਵੀ ਆਪਣਾ ਪੱਖ ਨਹੀਂ ਦੱਸ ਸਕਦੀ।

## ਡੇਅਰੀ ਕਿੱਤੇ ਨਾਲ ਸਬੰਧਤ ਐਸ.ਸੀ. ਕੈਟਾਗਰੀ ਲਾਭਪਾਤਰੀਆਂ ਲਈ ਚਲਾਇਆ ਜਾਵੇਗਾ ਸਪੈਸ਼ਲ ਬੈਚ : ਗੁਰਵਿੰਦਰ ਸਿੰਘ

**ਬਠਿੰਡਾ, 22 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪਸ਼ੂ ਪਾਲਣ, ਮੱਛੀ ਪਾਲਣ ਅਤੇ ਡੇਅਰੀ ਵਿਕਾਸ ਵਿਭਾਗ ਦੇ ਕੈਬਨਿਟ ਮੰਤਰੀ ਸ. ਗੁਰਮੀਤ ਸਿੰਘ ਖੁੱਡਿਆਂ ਦੇ ਦਿਸ਼ਾ-ਨਿਰਦੇਸ਼ਾਂ ਅਤੇ ਡਾਇਰੈਕਟਰ ਡੇਅਰੀ ਵਿਕਾਸ ਵਿਭਾਗ ਪੰਜਾਬ ਸ਼੍ਰੀ ਵਰਿਆਮ ਸਿੰਘ ਗਿੱਲ ਦੀ ਅਗਵਾਈ ਹੇਠ ਡੇਅਰੀ ਵਿਕਾਸ ਵਿਭਾਗ/ ਪੰਜਾਬ ਡੇਅਰੀ ਵਿਕਾਸ ਬੋਰਡ ਵੱਲੋਂ ਅਨੁਸੂਚਿਤ ਜਾਤੀ (ਐਸ.ਸੀ.) ਲਾਭਪਾਤਰੀਆਂ ਲਈ 4 ਹਫਤਿਆਂ ਦੀ ਡੇਅਰੀ ਸਿਖਲਾਈ ਦਾ ਵਿਸ਼ੇਸ਼ ਬੈਚ 23 ਫ਼ਰਵਰੀ ਤੋਂ ਡੇਅਰੀ ਸਿਖਲਾਈ ਅਤੇ ਵਿਸਥਾਰ ਕੇਂਦਰ, ਸਰਦੂਲਗੜ ਵਿਖੇ ਸ਼ੁਰੂ ਕੀਤਾ ਜਾ ਰਿਹਾ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਡਿਪਟੀ ਡਾਇਰੈਕਟਰ ਡੇਅਰੀ ਵਿਕਾਸ ਸ੍ਰੀ ਗੁਰਵਿੰਦਰ ਸਿੰਘ ਸਿੱਧੂ ਨੇ ਦੱਸਿਆ ਕਿ ਇਸ ਸਿਖਲਾਈ ਸਕੀਮ ਤਹਿਤ ਕੇਵਲ ਉਹ ਵਿਅਕਤੀ ਯੋਗ ਹੋਣਗੇ ਜੋ ਅਨੁਸੂਚਿਤ ਜਾਤੀ ਨਾਲ ਸਬੰਧਿਤ ਹੋਣ, ਉਮਰ 18 ਤੋਂ 50 ਸਾਲ ਦੇ ਦਰਮਿਆਨ ਹੋਵੇ, ਦਿਹਾਤੀ ਖੇਤਰ ਦੇ ਨਿਵਾਸੀ ਹੋਣ ਅਤੇ ਘੱਟੋ-ਘੱਟ ਦਸਵੀਂ ਪਾਸ ਹੋਣ। ਸਿਖਿਆਰਥੀਆਂ ਲਈ ਚਾਹ-ਪਾਣੀ ਦਾ ਪ੍ਰਬੰਧ ਵੀ ਕੀਤਾ ਜਾਵੇਗਾ। ਉਨ੍ਹਾਂ ਦੱਸਿਆ ਕਿ ਟ੍ਰੇਨਿੰਗ ਪ੍ਰਾਪਤ ਕਰਨ ਲਈ ਸਿਖਿਆਰਥੀ ਵੱਲੋਂ 4000 ਰੁਪਏ ਫੀਸ ਜਮ੍ਹਾ ਕਰਵਾਈ ਜਾਵੇਗੀ, ਜੋ ਟ੍ਰੇਨਿੰਗ ਸਫਲਤਾਪੂਰਵਕ ਪੂਰੀ ਕਰਨ ਉਪਰੰਤ ਵਾਪਸ ਕਰ ਦਿੱਤੀ ਜਾਵੇਗੀ। ਇਸ ਸਿਖਲਾਈ ਦੌਰਾਨ ਸਿਖਿਆਰਥੀਆਂ ਨੂੰ 2 ਤੋਂ 10 ਦੁਧਾਰੂ ਪਸ਼ੂ ਰੱਖ ਕੇ ਡੇਅਰੀ ਯੂਨਿਟ ਸਥਾਪਿਤ ਕਰਨ ਬਾਰੇ ਜਾਣਕਾਰੀ ਦਿੱਤੀ ਜਾਵੇਗੀ।

# ਰੋਗਾਂ ਦੇ ਜਾਲ਼ 'ਚ ਫਸਾ ਰਿਹਾ ਕੰਮ ਦਾ ਬੋਝ



ਭਾਰਤ ਵਿਚ ਦਿਲ ਦੀਆਂ ਬੀਮਾਰੀਆਂ ਅਤੇ ਡਾਇਬਟੀਜ਼ ਨਾਲ ਜੁੜੇ ਚਿੰਤਾਜਨਕ ਅੰਕੜੇ ਅਕਸਰ ਚਰਚਾ ਦਾ ਵਿਸ਼ਾ ਬਣਦੇ ਹਨ। ਲੱਖਾਂ ਲੋਕਾਂ ਦੀ ਜ਼ਿੰਦਗੀ ਖ਼ਤਰੇ ਵਿਚ ਪਾ ਰਹੇ ਜਾਨਲੇਵਾ ਪ੍ਰਦੂਸ਼ਣ 'ਤੇ ਵੀ ਬਹੁਤ ਚਰਚਾ ਹੋ ਰਹੀ ਹੈ ਪਰ ਸਿਹਤ ਨਾਲ ਜੁੜੀ ਇਕ ਹੋਰ ਚੁਣੌਤੀ ਵੀ ਹੈ ਜਿਸ ਦਾ ਜ਼ਿਕਰ ਓਨਾ ਨਹੀਂ ਹੋ ਰਿਹਾ, ਇਹ ਚੁਣੌਤੀ ਹੈ ਥਕਾਨ। ਹਾਲੀਆ ਜਾਰੀ ਇਕ ਰਿਪੋਰਟ ਵਿਚ ਦੱਸਿਆ ਗਿਆ ਹੈ ਕਿ 18 ਤੋਂ 64 ਸਾਲ ਦੇ ਲੋਕਾਂ ਦੀ ਆਬਾਦੀ ਵਿਚ 22 ਫ਼ੀਸਦੀ ਲੋਕ ਅਜਿਹੇ ਹਨ ਜਿਨ੍ਹਾਂ ਨੂੰ ਸਭ ਤੋਂ ਵੱਧ ਪਰੇਸ਼ਾਨੀ ਥਕਾਵਟ ਤੋਂ ਹੈ। ਮਿਟੇਲ ਨਾਂ ਦੀ ਸੰਸਥਾ ਵੱਲੋਂ ਜਾਰੀ ਇਸ ਰਿਪੋਰਟ ਮੁਤਾਬਕ ਲੋਕਾਂ ਲਈ ਇਹ ਹਾਈ ਬਲੱਡ ਪ੍ਰੈਸ਼ਰ ਅਤੇ ਡਾਇਬਟੀਜ਼ ਤੋਂ ਵੀ ਵੱਡੀ ਚਿੰਤਾ ਹੈ। ਔਰਤਾਂ ਇਸ ਤੋਂ ਜ਼ਿਆਦਾ ਪਰੇਸ਼ਾਨ ਹਨ। 25 ਫ਼ੀਸਦੀ ਔਰਤਾਂ ਦਾ ਕਹਿਣਾ ਹੈ ਕਿ ਉਹ ਸਭ ਤੋਂ ਜ਼ਿਆਦਾ ਪਰੇਸ਼ਾਨ ਥਕਾਵਟ ਦੀ ਸਮੱਸਿਆ ਤੋਂ ਹਨ। ਮਿਟੇਲ ਦੀ ਇਹ ਰਿਪੋਰਟ ਇਕ ਸਰਵੇਖਣ 'ਤੇ ਆਧਾਰਿਤ ਹੈ। ਬੀਤੇ ਸਾਲ ਜੂਨ ਵਿਚ 3, 029 ਲੋਕ ਇਸ ਸਰਵੇਖਣ ਦਾ ਹਿਸਾ ਬਣੇ ਸਨ।

ਦੁਨੀਆ ਦੇ ਮਸ਼ਹੂਰ ਅਰਥ ਸ਼ਾਸਤਰੀ ਜਾਨ ਕੀਨਸ ਨੇ ਇਕ ਵਾਰ ਕਿਹਾ ਸੀ ਕਿ ਭਵਿੱਖ ਵਿਚ ਲੋਕਾਂ ਕੋਲ ਫੁਰਸਤ ਦੇ ਕਾਫੀ ਪਲ ਹੋਣਗੇ ਪਰ ਲੱਗਦਾ ਹੈ ਕਿ ਭਾਰਤ ਨੂੰ ਇਸ ਭਵਿੱਖਬਾਣੀ ਨੂੰ ਗ਼ਲਤ ਸਾਬਤ ਕਰਨ ਵਾਲੇ ਦੇਸ਼ ਦੇ ਰੂਪ ਵਿਚ ਚੁਣਿਆ ਜਾ ਸਕਦਾ ਹੈ। ਹਾਲਾਂਕਿ ਭਾਰਤ ਵਿਚ ਨਿੱਜੀ ਖੇਤਰ ਦੀ ਮਸਰੂਫ਼ੀਅਤ ਦੇਖੀਏ ਤਾਂ ਇਹ ਅੰਕੜੇ ਹੈਰਾਨੀ ਪੈਦਾ ਨਹੀਂ ਕਰਦੇ। ਕੰਮ ਅਤੇ ਜ਼ਿੰਦਗੀ ਵਿਚ ਸੰਤੁਲਨ ਸਾਡੇ ਦੇਸ਼ ਵਿਚ ਚੁਟਕਲਿਆਂ ਦਾ ਵਿਸ਼ਾ ਬਣ ਚੁੱਕਾ ਹੈ। ਇਥੇ ਇਕ ਕਰਮਚਾਰੀ ਸਾਲ ਭਰ ਵਿਚ ਔਸਤਨ 2200 ਘੰਟੇ ਕੰਮ ਕਰਦਾ ਹੈ। ਇਹ ਅੰਕੜਾ ਬਾਕੀ ਦੇਸ਼ਾਂ ਦੀ ਤੁਲਨਾ ਵਿਚ ਕਿਤੇ ਜ਼ਿਆਦਾ ਹੈ। ਭਾਰਤ ਦੇ ਲੋਕ ਪ੍ਰਤੀ ਹਫ਼ਤਾ ਔਸਤਨ 52 ਘੰਟੇ ਕੰਮ ਕਰਦੇ ਹਨ ਅਤੇ ਇਹ ਅੰਕੜਾ ਅਮਰੀਕਾ, ਬ੍ਰਿਟੇਨ ਅਤੇ ਚੀਨ ਤੋਂ ਕਾਫ਼ੀ ਵੱਧ ਹੈ। ਪਿਛਲੇ ਸਾਲ ਉਨ੍ਹਾਂ ਦੇਸ਼ਾਂ ਦੀ ਸੂਚੀ ਵਿਚ ਭਾਰਤ ਚੌਥੇ ਸਥਾਨ 'ਤੇ ਸੀ ਜਿਥੇ ਲੋਕਾਂ ਨੂੰ ਸਭ ਤੋਂ ਘੱਟ ਛੁੱਟੀਆਂ ਮਿਲ ਰਹੀਆਂ ਹਨ। ਕੰਮਕਾਜੀ ਆਬਾਦੀ ਦੀ ਥਕਾਵਟ ਆਉਣ ਵਾਲੇ ਸਮੇਂ ਵਿਚ ਇਕ ਵੱਡੀ ਸਮੱਸਿਆ ਸਾਬਿਤ ਹੋਣ ਵਾਲੀ ਹੈ। ਥਕਾਵਟ ਦਾ ਮਤਲਬ ਸਿਰਫ਼ ਥਕਾਨ ਨਹੀਂ ਸਗੋਂ ਅਨੀਮੀਆ, ਡਿਪ੍ਰੈਸ਼ਨ ਅਤੇ ਡਾਇਬਟੀਜ਼ ਵਰਗੀਆਂ ਹੋਰ ਬਿਮਾਰੀਆਂ ਦੀ ਵੀ ਕਨਸੋਅ ਹੈ। ਮਾਹਿਰਾਂ ਮੁਤਾਬਕ ਭਾਰਤ ਨੂੰ ਇਸ ਸਮੱਸਿਆ 'ਤੇ ਗੰਭੀਰਤਾ ਨਾਲ ਸੋਚਣ ਅਤੇ ਕਾਰਜ ਪ੍ਰਣਾਲੀ ਦੀ ਨਵੇਂ ਸਿਰੇ ਤੋਂ ਸਮੀਖਿਆ ਕਰਨ ਦੀ ਲੋੜ ਹੈ। •



# ਰੈਸਟਲੈੱਸ ਸਿੰਡਰੋਮ

## ਲੱਛਣ ਤੇ ਇਲਾਜ

ਜੇਕਰ ਤੁਹਾਨੂੰ ਬੈਠੇ ਜਾਂ ਲੇਟੇ ਹੋਏ ਪੈਰ ਹਿਲਾਉਣ ਦੀ ਆਦਤ ਹੈ ਤਾਂ ਸੁਚੇਤ ਹੋ ਜਾਓ। ਇਹ ਰੈਸਟਲੈੱਸ ਸਿੰਡਰੋਮ ਦੇ ਲੱਛਣ ਹੋ ਸਕਦੇ ਹਨ। ਇਸ ਦਾ ਕਾਰਨ ਆਇਰਨ ਦੀ ਕਮੀ ਹੋਣਾ ਹੈ। ਇਹ ਸਮੱਸਿਆ 10 ਫ਼ੀਸਦੀ ਲੋਕਾਂ ਨੂੰ ਹੁੰਦੀ ਹੈ। ਜ਼ਿਆਦਾਤਰ 35 ਸਾਲ ਤੋਂ ਵੱਧ ਦੀ ਉਮਰ ਦੇ ਮਨੁੱਖਾਂ ਨੂੰ ਇਹ ਸਮੱਸਿਆ ਹੁੰਦੀ ਹੈ। ਹਾਰਵਰਡ ਮੈਡੀਕਲ ਸਕੂਲ ਬੋਸਟਨ ਦੇ ਪ੍ਰੋਫੈਸਰ ਅਤੇ ਇਸ ਜਾਂਚ ਦੇ ਪ੍ਰਮੁੱਖ ਡਾ. ਡਬਲਿਊ ਵਿੰਕਮੈਨ ਦਾ ਕਹਿਣਾ ਹੈ ਕਿ ਇਸ ਰੋਗ ਨਾਲ ਪੀੜਿਤ ਵਿਅਕਤੀ ਔਸਤਨ ਨੀਂਦ ਨਾ ਆਉਣ ਤੋਂ ਪਹਿਲਾਂ 200-300 ਵਾਰ ਆਪਣੇ ਪੈਰ ਹਿਲਾਉਂਦਾ ਹੈ। ਖੋਜਕਾਰਾਂ ਦਾ ਇਹ ਸਪਸ਼ਟ ਕਹਿਣਾ ਹੈ ਕਿ ਲਗਾਤਾਰ ਪੈਰ ਹਿਲਾਉਣ ਵਰਗੇ ਰੋਗ ਤੋਂ ਦਿਲ ਦਾ ਦੌਰਾ ਪੈਣ ਦੀ ਸੰਭਾਵਨਾ ਵੱਧ ਜਾਂਦੀ ਹੈ।

### ਕੀ ਹੈ ਰੈਸਟਲੈੱਸ ਸਿੰਡਰੋਮ

ਇਹ ਨਰਵਸ ਸਿਸਟਮ ਨਾਲ ਜੁੜਿਆ ਰੋਗ ਹੈ। ਪੈਰ ਹਿਲਾਉਣ ਉੱਤੇ ਵਿਅਕਤੀ ਵਿਚ ਡੋਪਾਮਾਇਨ ਹਾਰਮੋਨ ਕਾਰਨ ਉਸ ਨੂੰ ਅਜਿਹਾ ਵਾਰ-ਵਾਰ ਕਰਨ ਦਾ ਦਿਲ ਕਰਦਾ ਹੈ। ਇਸ ਨੂੰ ਸਲੀਪ ਡਿਸ-ਆਰਡਰ ਵੀ ਕਹਿੰਦੇ ਹਨ। ਨੀਂਦ ਪੂਰੀ ਨਾ ਹੋਣ ਉੱਤੇ ਉਹ ਥੱਕਿਆ ਹੋਇਆ ਮਹਿਸੂਸ ਕਰਦਾ ਹੈ। ਜਾਂਚ ਲੱਛਣਾਂ ਦੇ ਆਧਾਰ ਉੱਤੇ ਬਲੱਡ ਟੈਸਟ ਕੀਤਾ ਜਾਂਦਾ ਹੈ। ਨੀਂਦ ਨਾ ਆਉਣ ਦੀ ਮੁਸ਼ਕਿਲ ਵਧਣ ਉੱਤੇ ਪਾਲੀਸੋਮਨੋਗਰਾਫੀ (ਪੀਏਸਜੀ) ਵੀ ਕਰਵਾ ਕੇ ਇਸ ਦੀ ਪੁਸ਼ਟੀ ਕੀਤੀ ਜਾਂਦੀ ਹੈ। ਇਸ ਜਾਂਚ ਤੋਂ ਨੀਂਦ ਨਾ ਆਉਣ ਦੇ ਕਾਰਣਾਂ ਬਾਰੇ ਪਤਾ ਲਗਾਇਆ ਜਾਂਦਾ ਹੈ।

### ਲੱਛਣ

ਪੈਰਾਂ ਵਿਚ ਝੁੰਜਲਾਹਟ ਅਤੇ ਕੀੜੀਆਂ ਚੱਲਣ ਵਰਗਾ ਮਹਿਸੂਸ ਹੋਣਾ। ਦਿਨ ਵਿਚ ਬੈਠਣ ਅਤੇ ਕੁਝ ਲੋਕਾਂ ਵਿਚ ਰਾਤ ਨੂੰ ਸੌਂਦੇ ਸਮੇਂ ਵੀ ਪੈਰ ਹਿਲਾਉਣਾ, ਪੈਰ ਘੁਟਾਉਣ ਦੀ ਇੱਛਾ ਕਰਨਾ ਅਤੇ ਥਕਾਵਟ ਆਦਿ ਕੁਝ ਮੁੱਖ ਲੱਛਣ ਹਨ।

> ਇਹ ਨਰਵਸ ਸਿਸਟਮ ਨਾਲ ਜੁੜਿਆ ਰੋਗ ਹੈ ਜੋ ਕਿ ਆਇਰਨ ਦੀ ਕਮੀ ਕਾਰਨ ਹੁੰਦਾ ਹੈ।ਸ਼ੂਗਰ ਤੇ ਬੀਪੀ ਰੋਗੀਆਂ 'ਚ ਇਸ ਦਾ ਖ਼ਤਰਾ ਵੱਧਦਾ ਹੈ।

### ਕਾਰਨ

ਇਹ ਰੋਗ ਆਇਰਨ ਦੀ ਕਮੀ ਕਾਰਨ ਹੁੰਦਾ ਹੈ। ਇਸ ਤੋਂ ਇਲਾਵਾ ਕਿਡਨੀ, ਪਾਰਕਿੰਸੰਸ ਪੀੜਿਤ ਮਰੀਜ਼ਾਂ ਅਤੇ ਗਰਭਵਤੀਆਂ ਵਿਚ ਡਲਿਵਰੀ ਦੇ ਅੰਤਿਮ ਦਿਨਾਂ ਵਿਚ ਹਾਰਮੋਨਲ ਬਦਲਾਅ ਵੀ ਕਾਰਨ ਹੋ ਸਕਦੇ ਹਨ। ਜ਼ਿਆਦਾ ਸ਼ਰਾਬ ਪੀਣ ਅਤੇ ਕੁਝ ਖ਼ਾਸ ਦਵਾਈਆਂ (ਜ਼ੁਕਾਮ ਅਤੇ ਐਲਰਜੀ) ਤੋਂ ਵੀ ਹੋਣ ਦਾ ਖ਼ਤਰਾ ਰਹਿੰਦਾ ਹੈ। ਸ਼ੂਗਰ, ਬੀਪੀ ਅਤੇ ਹਿਰਦਾ ਰੋਗੀਆਂ ਵਿਚ ਇਸ ਦਾ ਖ਼ਤਰਾ ਵਧਦਾ ਹੈ।

### ਇਲਾਜ

ਇਲਾਜ ਦੇ ਤੌਰ 'ਤੇ ਆਇਰਨ ਦੀਆਂ ਦਵਾਈਆਂ ਦਿੱਤੀਆਂ ਜਾਂਦੀਆਂ ਹਨ। ਬੀਮਾਰੀ ਗੰਭੀਰ ਹੋਣ ਉੱਤੇ ਹੋਰ ਦਵਾਈਆਂ ਵੀ ਦਿੱਤੀਆਂ ਜਾਂਦੀਆਂ ਹਨ ਜੋ ਸੌਣ ਤੋਂ ਦੋ ਘੰਟੇ ਪਹਿਲਾਂ ਖਾਣੀਆਂ ਹੁੰਦੀਆਂ ਹਨ। ਇਹ ਉਨੀਂਦਰਾ ਦੂਰ ਕਰ ਹਾਲਤ ਸਥਿਰ ਕਰਦੀਆਂ ਹਨ। ਕੁਝ ਖ਼ਾਸ ਕਸਰਤ ਜਿਵੇਂ ਹੌਟ ਐਂਡ ਕੋਲਡ ਬਾਥ, ਵਾਇਬਰੇਟਿੰਗ ਪੈਡ ਉੱਤੇ ਪੈਰ ਰੱਖਣ ਨਾਲ ਵੀ ਰਾਹਤ ਮਿਲਦੀ ਹੈ। ਜੇਕਰ ਤੁਹਾਨੂੰ ਅਜਿਹੇ ਲੱਛਣ ਦਿਖਾਈ ਦਿੰਦੇ ਹਨ ਤਾਂ ਤੁਰੰਤ ਡਾਕਟਰੀ ਸਲਾਹ ਲਵੋ। ਘਰ ਬੈਠੇ ਰਹਿਣ ਨਾਲ ਰੋਗ ਵਧੇਗਾ। ਇਸ ਲਈ ਬਿਹਤਰ ਇਹੀ ਹੈ ਕਿ ਸਮੇਂ ਸਿਰ ਡਾਕਟਰ ਦੀ ਸਲਾਹ ਲਓ ਤੇ ਇਲਾਜ ਸ਼ੁਰੂ ਕਰੋ।

### ਛੱਡੋ ਇਹ ਆਦਤਾਂ

ਰਾਤ ਨੂੰ ਸੌਣ ਤੋਂ ਪਹਿਲਾਂ ਜਾਂ ਬਿਸਤਰੇ 'ਤੇ ਲੇਟੇ ਹੋਇਆਂ ਪੈਰ ਹਿਲਾਉਣ ਦੀ ਆਦਤ ਠੀਕ ਨਹੀਂ ਹੈ। ਪੈਰ ਹਿਲਾਉਣ ਵਾਲੇ ਵਿਅਕਤੀ ਬਾਰੇ ਵਿਚ ਕਿਹਾ ਜਾਂਦਾ ਹੈ ਕਿ ਉਹ ਆਪਣੇ ਪਰਿਵਾਰ ਬਾਰੇ ਜ਼ਿਆਦਾ ਸੋਚਦੇ ਹਨ। ਅਜਿਹਾ ਕਰਨ ਨਾਲ ਵਿਅਕਤੀ ਦੇ ਨਕਾਰਾਤਮਕ ਵਿਚਾਰਾਂ ਨੂੰ ਊਰਜਾ ਮਿਲਦੀ ਹੈ ਜੋ ਸਕਾਰਾਤਮਕ ਸੋਚ 'ਤੇ ਹਾਵੀ ਹੋ ਜਾਂਦੀ ਹੈ। ਅਜਿਹੇ ਵਿਅਕਤੀ ਆਪਣੇ ਕੰਮ ਵਿਚ ਨਿਰਾਸ਼ ਰਹਿੰਦੇ ਹਨ। ਜੋ ਵਿਅਕਤੀ ਜ਼ਿਆਦਾ ਚਿੰਤਾ ਵਿਚ ਰਹਿੰਦਾ ਹੈ, ਉਸ ਨੂੰ ਪੈਰ ਹਿਲਾਉਣ ਦੀ ਆਦਤ ਹੋ ਜਾਂਦੀ ਹੈ। ਜ਼ਿਆਦਾਤਰ ਲੋਕ ਜਿਨ੍ਹਾਂ ਨੂੰ ਘਰ-ਪਰਿਵਾਰ ਦੀ ਜ਼ਿਆਦਾ ਚਿੰਤਾ ਸਤਾਉਂਦੀ ਹੈ, ਉਹ ਸੌਂਦੇ ਸਮੇਂ ਪੈਰ ਹਿਲਾਉਂਦੇ ਵੇਖੇ ਜਾ ਸਕਦੇ ਹਨ।

ਸੋ, ਮਾਮੂਲੀ ਜਿਹਾ ਦਿਖਾਈ ਦੇਣ ਵਾਲੀ ਇਹ ਆਦਤ ਗੰਭੀਰ ਰੋਗ ਦਾ ਇਸ਼ਾਰਾ ਹੋ ਸਕਦਾ ਹੈ। ਪਰ ਸਹੀ ਜਾਣਕਾਰੀ ਰੱਖੋ ਅਤੇ ਸਮੇਂ ਸਿਰ ਡਾਕਟਰੀ ਇਲਾਜ ਜ਼ਰੂਰ ਕਰਵਾਓ। ਆਪਣੇ ਘਰੇਲੂ ਡਾਕਟਰ ਖ਼ੁਦ ਕਦੇ ਨਾ ਬਣੋ।

• ਡਾ: ਰਿਪੁਦਮਨ ਸਿੰਘ
98152001343

> ਮੁੱਢਲੀ ਸੁਰੱਖਿਆ ਹਫ਼ਤੇ ਦਾ ਮਕਸਦ ਲੋਕਾਂ ਨੂੰ ਸੁਰੱਖਿਆ ਕਦਮਾਂ ਬਾਰੇ ਜਾਗਰੂਕ ਕਰਕੇ ਹਾਦਸਿਆਂ ਤੋਂ ਬਚਾਅ ਲਈ ਪ੍ਰੇਰਿਤ ਕਰਨਾ ਹੈ। ਸਮੇਂ ਸਿਰ ਦਿੱਤੀ ਫਰਸਟ ਏਡ ਨਾਲ ਕੀਮਤੀ ਜਾਨ ਬਚਾ ਸਕਦੀ ਹੈ...

ਕੌਮੀ ਸੁਰੱਖਿਆ ਸਪਤਾਹ



# ਜੀਵਨ ਸੁਰੱਖਿਆ ਲਈ ਅਪਣਾਓ ਫਰਸਟ ਏਡ

> ਜ਼ਖ਼ਮੀ ਵਿਅਕਤੀ ਨੂੰ ਦੇਖਦਿਆਂ ਸਾਰ ਹੀ ਸੰਭਾਵੀ ਖ਼ਤਰੇ ਨੂੰ ਭਾਂਪੋ। ਜ਼ਖ਼ਮੀ ਦੀ ਸਰੀਰਕ ਹਿਲਜੁਲ ਅਤੇ ਸਾਹ-ਪ੍ਰਣਾਲੀ ਦੀ ਜਾਂਚ ਕਰੋ ਅਤੇ ਇਹ ਵੀ ਯਕੀਨੀ ਬਣਾਓ ਕਿ ਉਸ ਦੇ ਸਾਹ ਲੈਣ 'ਚ ਕੋਈ ਰੁਕਾਵਟ ਤਾਂ ਪੈਦਾ ਨਹੀਂ ਹੋ ਰਹੀ ?

ਕੌਮੀ ਪੱਧਰ 'ਤੇ 4 ਤੋਂ 10 ਮਾਰਚ ਤਕ ਦਾ ਸਮਾਂ ਨੈਸ਼ਨਲ ਸੇਫਟੀ ਵੀਕ ਦੇ ਤੌਰ 'ਤੇ ਮਨਾਇਆ ਜਾ ਰਿਹਾ ਹੈ ਤਾਂ ਜੋ ਲੋਕਾਂ ਨੂੰ ਸੁਰੱਖਿਆ ਲਈ ਚੁੱਕੇ ਜਾਣ ਵਾਲੇ ਕਦਮਾਂ ਬਾਰੇ ਜਾਗਰੂਕ ਕਰਕੇ ਹਾਦਸਿਆਂ ਤੋਂ ਬਚਾਅ ਕਰਨ ਲਈ ਪ੍ਰੇਰਿਤ ਕੀਤਾ ਜਾ ਸਕੇ। ਘਰਾਂ, ਦਫ਼ਤਰਾਂ, ਫੈਕਟਰੀਆਂ, ਬਹੁ-ਮੰਜ਼ਲੀ ਇਮਾਰਤਾਂ, ਗੋਦਾਮਾਂ, ਖੇਤਾਂ, ਜੰਗਲਾਂ, ਮੈਰਿਜ ਪੈਲੇਸਾਂ, ਸਿਨੇਮਾ ਹਾਲਜ਼ ਆਦਿ ਵਿੱਚ ਅਕਸਰ ਹੀ ਦੁਰਘਟਨਾਵਾਂ ਵਾਪਰ ਜਾਂਦੀਆਂ ਹਨ। ਇਹਨਾਂ ਦੁਰਘਟਨਾਵਾਂ ਵਿਚ ਜਿੱਥੇ ਭਾਰੀ ਮਾਲੀ ਨੁਕਸਾਨ ਹੁੰਦਾ ਹੈ, ਉੱਥੇ ਜਾਨੀ ਨੁਕਸਾਨ ਹੋ ਜਾਣ ਨਾਲ ਵੀ ਕਈ ਘਰਾਂ ਦੇ ਚਿਰਾਗ਼ ਬੁਝ ਜਾਂਦੇ ਹਨ। ਸੜਕਾਂ 'ਤੇ ਵਾਹਨਾਂ ਦੀ ਦਿਨੋਂ-ਦਿਨ ਵੱਧ ਰਹੀ ਆਵਾਜਾਈ ਅਤੇ ਸਾਡੀ ਤੇਜ਼ ਹੁੰਦੀ ਜਾ ਰਹੀ ਰਫ਼ਤਾਰ ਨੇ ਵੀ ਸਾਡੇ ਜੀਵਨ ਦੀ ਰਫ਼ਤਾਰ ਨੂੰ ਬਹੁਤ ਛੋਟਾ ਕਰ ਦਿੱਤਾ ਹੈ। ਸੜਕੀ ਹਾਦਸੇ ਪਲਾਂ ਵਿਚ ਹੀ ਕਿਸੇ ਹੱਸਦੀ-ਖੇਡਦੀ ਜ਼ਿੰਦਗੀ ਨੂੰ ਖ਼ਤਮ ਕਰ ਜਾਂਦੇ ਹਨ ਅਤੇ ਇਹਨਾਂ ਹਾਦਸਿਆਂ 'ਚੋਂ ਜ਼ਿੰਦਾ ਬਚੇ ਫੱਟੜ ਵਿਅਕਤੀ ਅਪਾਹਜਤਾ ਭਰੀ ਜ਼ਿੰਦਗੀ ਜਿਊਣ ਲਈ ਮਜਬੂਰ ਹੋ ਜਾਂਦੇ ਹਨ। ਇਹਨਾਂ ਦੁਰਘਟਨਾਵਾਂ ਦਾ ਇੱਕ ਦੁਖਦਾਈ ਪਹਿਲੂ ਇਹ ਵੀ ਹੈ ਕਿ ਇਹਨਾਂ ਹਾਦਸਿਆਂ ਦੇ ਸ਼ਿਕਾਰ ਵਿਅਕਤੀਆਂ 'ਚੋਂ ਬਹੁਤੀਆਂ ਮੌਤਾਂ ਸਮੇਂ ਸਿਰ ਫਰਸਟ ਏਡ ਜਾਂ ਡਾਕਟਰੀ ਸਹਾਇਤਾ ਨਾ ਮਿਲਣ ਕਰ ਕੇ ਹੋ ਜਾਂਦੀਆਂ ਹਨ।

ਹਾਦਸਿਆਂ ਦੇ ਕਾਰਨ ਭਾਵੇਂ ਕੁਝ ਵੀ ਰਹੇ ਹੋਣ ਪਰੰਤੂ ਹਾਦਸਿਆਂ ਦੌਰਾਨ ਜੀਵਨ ਸੁਰੱਖਿਆ ਬੜੀ ਅਹਿਮ ਹੁੰਦੀ ਹੈ। ਫੱਟੜਾਂ/ਸੱਟੜਾਂ ਨੂੰ ਜੇਕਰ ਸਮੇਂ ਸਿਰ ਫਰਸਟ ਏਡ ਮਿਲ ਸਕੇ ਤਾਂ ਜਿੱਥੇ ਉਹਨਾਂ ਦੇ ਦੁੱਖ-ਦਰਦ ਨੂੰ ਘੱਟ ਕੀਤਾ ਜਾ ਸਕਦਾ ਹੈ, ਉੱਥੇ ਕਿਸੇ ਕੀਮਤੀ ਜਾਨ ਨੂੰ ਵੀ ਬਚਾਇਆ ਜਾ ਸਕਦਾ ਹੈ। ਹਾਦਸਿਆਂ ਦੌਰਾਨ ਜੋ ਵੀ ਨੇੜੇ ਦੇ ਲੋਕ ਹਨ ਜਾਂ ਐਕਸੀਡੈਂਟ ਤੋਂ ਬਚੇ ਹਨ, ਫੱਟੜਾਂ ਦੀ ਜਾਨ ਬਚਾਉਣਾ ਬਹੁਤਾ ਇਹਨਾਂ 'ਤੇ ਨਿਰਭਰ ਕਰਦਾ ਹੈ। ਸਾਡੀ ਥੋੜ੍ਹੀ ਜਿਹੀ ਹੁਸ਼ਿਆਰੀ ਅਤੇ ਸਿਆਣਪ ਹਾਦਸਾਗ੍ਰਸਤ ਵਿਅਕਤੀ ਨੂੰ ਇਕ ਨਵੀਂ ਜ਼ਿੰਦਗੀ ਬਖਸ਼ ਸਕਦੀ ਹੈ। ਦੁਰਘਟਨਾਵਾਂ ਦੌਰਾਨ ਹਮੇਸ਼ਾ ਡੀਆਰਏਬੀਸੀ ਯਾਦ ਰੱਖੋ। ਡੀ ਫਾਰ ਡੇਂਜਰ ਭਾਵ ਆਪਣੇ ਅਤੇ ਪੀੜਤ ਲਈ ਕਿਸੇ ਕਿਸਮ ਦੇ ਸੰਭਾਵਿਤ ਖ਼ਤਰੇ ਨੂੰ ਭਾਂਪੋ ਤਾਂ ਜੋ ਤੁਹਾਡਾ ਅਤੇ ਪੀੜਤ ਦਾ ਜੀਵਨ ਸੁਰੱਖਿਅਤ ਰਹੇ। ਆਰ ਫਾਰ ਰਿਸਪਾਂਸ ਭਾਵ ਪੀੜਤ ਵਿਅਕਤੀ ਦੀ ਪ੍ਰਤਿਕਿਰਿਆ ਚੈੱਕ ਕਰੋ ਕਿ ਪੀੜਤ ਹੋਸ਼ ਵਿੱਚ ਹੈ ਜਾਂ ਬੇਹੋਸ਼, ਉਹ ਜੀਉਂਦਾ ਹੈ ਜਾਂ ਮੋਇਆ। ਏ ਫਾਰ ਏਅਰਵੇਜ਼ ਭਾਵ ਪੀੜਤ ਵਿਅਕਤੀ ਦੇ ਸਾਹ ਲੈਣ ਵਾਲੇ ਰਸਤੇ ਨੱਕ ਤੇ ਮੂੰਹ ਨੂੰ ਚੈੱਕ ਕਰੋ। ਸਾਹ ਵਾਲੇ ਰਸਤੇ 'ਚ ਕੋਈ ਖ਼ੂਨ, ਉਲਟੀ, ਝੱਗ, ਟੁੱਟੇ ਦੰਦ, ਜੀਭ, ਤੰਗ ਕੱਪੜੇ ਵਗੈਰਾ ਚੈੱਕ ਕਰੋ, ਰੁਕਾਵਟ ਨਾਲ ਸਾਹ ਬੰਦ ਹੋ ਸਕਦਾ ਹੈ, ਰੁਕਾਵਟ ਨੂੰ ਦੂਰ ਕਰੋ। ਬੀ ਫਾਰ ਬ੍ਰੀਦਿੰਗ ਭਾਵ ਪੀੜਤ ਦੀ ਸਾਹ ਕਿਰਿਆ ਚੈੱਕ ਕਰੋ। ਸਾਹ ਚੈੱਕ ਕਰਨ ਲਈ ਲੁੱਕ, ਲਿਸਨ ਐਂਡ ਫੀਲ ਦਾ ਫਾਰਮੂਲਾ ਯਾਦ ਰੱਖੋ। ਛਾਤੀ ਜਾਂ ਪੇਟ ਵਾਲੇ ਹਿੱਸੇ ਦੀ ਹਿਲਜੁਲ ਵੇਖ ਕੇ ਸਾਹ ਦਾ ਪਤਾ ਕਰੋ। ਨੱਕ ਨੇੜੇ ਕੰਨ ਕਰਕੇ ਸਾਹ ਦੀ ਆਵਾਜ਼ ਨੂੰ ਸੁਣੋ ਜਾਂ ਫੇਰ ਹੱਥ ਦਾ ਪਿਛਲਾ ਪਾਸਾ ਪੀੜਤ ਵਿਅਕਤੀ ਦੇ ਨੱਕ ਕੋਲ ਕਰੋ ਅਤੇ ਅੰਦਰੋਂ ਬਾਹਰ ਆ ਰਹੀ ਗਰਮ ਹਵਾ ਨੂੰ ਫੀਲ ਭਾਵ ਮਹਿਸੂਸ ਕਰ ਕੇ ਸਾਹ ਦੇ ਚੱਲਣ ਜਾਂ ਰੁਕਣ ਦਾ ਪਤਾ ਲਗਾਓ। ਸੀ ਫਾਰ ਸਰਕੂਲੇਸ਼ਨ ਭਾਵ ਲਹੂ ਗੇੜ ਪ੍ਰਣਾਲੀ ਦੇ ਚੱਲਣ ਦਾ ਪਤਾ ਲਗਾਉਣ ਲਈ ਦਿਲ ਦੀ ਧੜਕਣ ਚੈੱਕ ਕਰੋ। ਧੜਕਣ ਪਤਾ ਲਗਾਉਣ ਲਈ ਗੁੱਟ ਜਾਂ ਗਲ 'ਤੇ ਨਬਜ਼ ਚੈੱਕ ਕਰੋ। ਦਿਲ ਦੀ ਧੜਕਣ ਅਤੇ ਸਾਹ ਬੰਦ ਹੋਵੇ ਤਾਂ ਬਨਾਉਟੀ ਸਾਹ ਦੇਣ ਦੇ ਢੰਗ ਤਰੀਕੇ ਅਤੇ ਸੀ.ਪੀ.ਆਰ. ਮੈਥਡ ਜ਼ਿਲ੍ਹਿਆਂ ਵਿੱਚ ਕੰਮ ਕਰਦੀਆਂ ਰੈੱਡ ਕਰਾਸ ਸੰਸਥਾਵਾਂ ਦੇ ਮਾਹਿਰਾਂ ਵੱਲੋਂ ਫਰਸਟ ਏਡ ਟ੍ਰੇਨਿੰਗ ਦੌਰਾਨ ਸਿਖਾਏ ਜਾਂਦੇ ਹਨ। ਜੀਵਨ ਸੁਰੱਖਿਆ ਲਈ ਇਹਨਾਂ ਸੰਸਥਾਵਾਂ ਪਾਸੋਂ ਇਹ ਜੀਵਨ ਬਚਾਊ ਟ੍ਰੇਨਿੰਗ ਹਰੇਕ ਨਾਗਰਿਕ ਨੂੰ ਲੈ ਲੈਣੀ ਚਾਹੀਦੀ ਹੈ।

ਜਾਨ ਨੂੰ ਖ਼ਤਰੇ ਵਿੱਚ ਪਾਉਣ ਵਾਲੀਆਂ ਇਹਨਾਂ ਹਾਲਤਾਂ ਤੋਂ ਬਾਅਦ ਵੇਖੋ ਕਿ ਪੀੜਤ ਦੇ ਕਿਤੋਂ ਬਾਹਰੀ ਖ਼ੂਨ ਤਾਂ ਨਹੀਂ ਵਗ ਰਿਹਾ। ਫੱਟਾਂ 'ਚੋਂ ਖ਼ੂਨ ਵਗ ਰਿਹਾ ਹੋਵੇ ਤਾਂ ਅੰਗ ਨੂੰ ਥੋੜ੍ਹਾ ਉੱਚਾ ਕਰ ਕੇ ਰੱਖੋ ਅਤੇ ਖ਼ੂਨ ਨੂੰ ਰੋਕਣ ਦੇ ਉਪਰਾਲੇ ਕਰੋ। ਖ਼ੂਨ ਵਗਣ ਵਾਲੀ ਜਗ੍ਹਾ 'ਤੇ ਸਾਫ਼ ਰੁਮਾਲ/ ਕੱਪੜੇ ਜਾਂ ਪੱਟੀਆਂ ਆਦਿ ਨਾਲ ਦਬਾਅ ਬਣਾ ਕੇ ਰੱਖੋ। ਕਈ ਵਾਰ ਅੰਦਰੂਨੀ ਸੱਟਾਂ ਕਾਰਣ ਖ਼ੂਨ ਦਾ ਵਗਣਾ ਵੀ ਹੋ ਸਕਦਾ ਹੈ ਅਤੇ ਕੁਝ ਸਮੇਂ ਬਾਅਦ ਵਿਅਕਤੀ ਦੀ ਜਾਨ ਜਾ ਸਕਦੀ ਹੈ। ਫੱਟੜ ਦੇ ਆਲ਼ੇ-ਦੁਆਲ਼ੇ ਬਹੁਤੀ ਭੀੜ ਇਕੱਠੀ ਨਾ ਹੋਣ ਦਿਓ ਕਿਉਂਕਿ ਮਰੀਜ਼ ਨੂੰ ਤਾਜ਼ੀ ਹਵਾ ਦੀ ਲੋੜ ਹੁੰਦੀ ਹੈ। ਭੀੜ ਤੋਂ ਕਿਸੇ ਵੀ ਕਿਸਮ ਦੀ ਮਦਦ ਲਈ ਜਾ ਸਕਦੀ ਹੈ। ਫੱਟੜਾਂ ਨੂੰ ਇੱਕਦਮ ਚੁੱਕਣ ਦੀ ਕਾਹਲ ਨਾ ਕਰੋ। ਕਈ ਵਾਰ ਲੋਕਾਂ ਦੀ ਭਾਵਨਾ ਹੁੰਦੀ ਹੈ ਕਿ ਪੀੜਤ ਵਿਅਕਤੀ ਨੂੰ ਛੇਤੀ ਹੀ ਖੜ੍ਹਾ ਕੀਤਾ ਜਾਵੇ ਜਾਂ ਬਿਠਾ ਕੇ ਕਿਸੇ ਵਹੀਕਲ ਵਿਚ ਪਾਇਆ ਜਾਵੇ। ਜਲਦਬਾਜ਼ੀ ਵਿਚ ਉਸ ਦੀ ਖਿਚ-ਧੂਹ ਕੀਤੀ ਜਾਂਦੀ ਹੈ ਜਾਂ ਫਿਰ ਚੁੱਕਣ ਆਦਿ ਵੇਲੇ ਸਹੀ ਢੰਗਾਂ ਦਾ ਪਤਾ ਨਹੀਂ ਹੁੰਦਾ। ਹਾਦਸੇ ਵੇਲੇ ਪੀੜਤ ਵਿਅਕਤੀ ਦੀ ਰੀੜ੍ਹ ਦੀ ਹੱਡੀ, ਖ਼ਾਸ ਕਰ ਕੇ ਧੌਣ ਵਿੱਚ ਸੱਟ ਲੱਗੀ ਹੋਵੇ ਤਾਂ ਫੱਟੜ ਨੂੰ ਬਹੁਤ ਹੀ ਤਰੀਕੇ ਨਾਲ ਸੰਭਾਲ ਕੇ ਚੁੱਕਣਾ ਚਾਹੀਦਾ ਹੈ ਕਿਉਂਕਿ ਰੀੜ੍ਹ ਦੀ ਹੱਡੀ ਵਿਚਕਾਰ ਸਪਾਈਨਲ ਕਾਰਡ ਹੁੰਦੀ ਹੈ ਇਸ ਦੀ ਸੱਟ ਨਾਲ ਵਿਅਕਤੀ ਦਾ ਕੋਈ ਵੀ ਸਰੀਰਕ ਹਿੱਸਾ ਸਦਾ ਲਈ ਅਪਾਹਜ ਹੋ ਸਕਦਾ ਹੈ। ਹੱਡੀਆਂ ਦੇ ਢਾਂਚੇ ਜਾਂ ਲੱਤਾਂ-ਬਾਹਾਂ, ਪੱਸਲੀਆਂ ਸੱਟ ਕਾਰਨ ਟੁੱਟੀਆਂ ਵੀ ਹੋ ਸਕਦੀਆਂ ਹਨ। ਇਸ ਹਾਲਤ ਵਿਚ ਪੀੜਤ ਵਿਅਕਤੀ ਨੂੰ ਚੁੱਕਣ ਤੋਂ ਪਹਿਲਾਂ ਇਹ ਜ਼ਰੂਰ ਵੇਖ ਲਓ ਕਿ ਕੋਈ ਹੱਡੀ ਤਾਂ ਨਹੀਂ ਟੁੱਟੀ? ਅੰਗ ਦੇ ਆਕਾਰ ਦਾ ਟੇਢਾਪਣ, ਦਰਦ, ਸੋਜ ਆਦਿ ਨਾਲ ਹੱਡੀ ਟੁੱਟੀ ਦਾ ਅੰਦਾਜ਼ਾ ਲਗਾਇਆ ਜਾ ਸਕਦਾ ਹੈ। ਅਜਿਹੀਆਂ ਹਾਲਤਾਂ ਵਾਲੇ ਵਿਅਕਤੀਆਂ ਦੀ ਸ਼ਿਫਟਿੰਗ ਆਮ ਤੌਰ 'ਤੇ ਫੱਟੇ ਜਾਂ ਸਟਰੈਚਰ 'ਤੇ ਹੀ ਹੋਣੀ ਚਾਹੀਦੀ ਹੈ।

ਫਰੈਕਚਰ ਕੇਸਾਂ ਵਿੱਚ ਟੁੱਟੀਆਂ ਹੱਡੀਆਂ ਨੂੰ ਸਹਾਰਾ ਦੇਣ ਵਾਸਤੇ ਫੱਟੀਆਂ ਭਾਵ ਸਪਲਿੰਟਸ ਦੀ ਵਰਤੋਂ ਵੀ ਕਰਨੀ ਜਰੂਰੀ ਹੁੰਦੀ ਹੈ। ਮੌਕੇ 'ਤੇ ਇਹ ਕੰਮ ਕਿਸੇ ਦਰਖ਼ਤ ਦੀ ਟਾਹਣੀ, ਫੱਟੀ, ਸੋਟੀ, ਰੱਦੀ ਤਹਿ ਕੀਤੇ ਅਖ਼ਬਾਰ/ਮੈਗਜ਼ੀਨ, ਗੱਤੇ ਆਦਿ ਤੋਂ ਚਲਾਇਆ ਜਾ ਸਕਦਾ ਹੈ। ਫਰੈਕਚਰ ਕੇਸਾਂ ਵਿੱਚ ਵਿਅਕਤੀ ਨੂੰ ਸਹੀ ਤਰੀਕੇ ਨਾਲ ਚੁੱਕ ਕੇ ਉਸ ਨੂੰ ਸਦਾ ਲਈ ਅਪਾਹਜ ਹੋਣ ਤੋਂ ਬਚਾਇਆ ਜਾ ਸਕਦਾ ਹੈ।

ਬੇਹੋਸ਼ ਵਿਅਕਤੀ ਨੂੰ ਲੈ ਜਾਣ ਵੇਲੇ ਟੇਢਾ ਕਰ ਕੇ ਭਾਵ ਵੱਖੀ ਪਰਨੇ (ਜਿਸ ਨੂੰ ਰਿਕਵਰੀ ਪੁਜੀਸ਼ਨ ਕਹਿੰਦੇ ਹਨ) ਵਾਲੀ ਹਾਲਤ 'ਚ ਪਾ ਕੇ ਹਸਪਤਾਲ ਲੈ ਜਾਇਆ ਜਾਵੇ ਤਾਂ ਜੋ ਅੰਦਰੋਂ ਨਿਕਲਣ ਵਾਲਾ ਖ਼ੂਨ ਜਾਂ ਉਲਟੀ ਫੇਫੜਿਆਂ ਵਿਚ ਨਾ ਚਲੀ ਜਾਵੇ ਜੋ ਕਿ ਜਾਨਲੇਵਾ ਹੋ ਸਕਦੀ ਹੈ। ਡਰਾਈਵਿੰਗ ਕਰਦੇ ਸਮੇਂ ਨਸ਼ਿਆਂ ਅਤੇ ਮੋਬਾਇਲ ਫੋਨ ਦੀ ਵਰਤੋਂ ਨਾ ਕਰੋ। ਧਿਆਨ ਭੰਗ ਹੋ ਕੇ ਦੁਰਘਟਨਾ ਹੋ ਸਕਦੀ ਹੈ। ਐਕਸੀਡੈਂਟ ਹੋਣ ਦੀ ਸੂਰਤ ਵਿਚ ਸੀਟ ਬੈਲਟਾਂ ਤੁਹਾਡੀ ਜ਼ਿੰਦਗੀ ਬਚਾ ਸਕਦੀਆਂ ਹਨ। ਕਾਰ ਚਲਾਉਣ ਵੇਲੇ ਡਰਾਈਵਰ ਅਤੇ ਸਵਾਰੀਆਂ ਨੂੰ ਸੀਟ ਬੈਲਟਾਂ ਦੀ ਵਰਤੋਂ ਜ਼ਰੂਰ ਕਰਨੀ ਚਾਹੀਦੀ ਹੈ। ਦੋਪਹੀਆ ਵਾਹਨਾਂ ਵਾਲਿਆਂ ਨੂੰ ਸਿਰ ਦੀਆਂ ਸੱਟਾਂ ਦੇ ਬਚਾਅ ਲਈ ਹੈਲਮੈਟ ਦੀ ਵਰਤੋਂ ਕਰਨੀ ਚਾਹੀਦੀ ਹੈ। ਕਿਸੇ ਵੀ ਹਾਦਸੇ ਵਿਚ ਹੌਸਲਾ ਕਾਇਮ ਰੱਖੋ ਅਤੇ ਘਬਰਾਓ ਨਾ। ਸਹਾਇਤਾ ਮਿਲਣ ਤਕ ਰੋਗੀ ਜਾਂ ਉਸਦੇ ਰਿਸ਼ਤੇਦਾਰਾਂ ਨੂੰ ਵੀ ਮਾਨਸਿਕ ਹੌਸਲਾ ਅਤੇ ਤਸੱਲੀ ਦੇਣ ਦੀ ਕੋਸ਼ਿਸ਼ ਕਰੋ। ਇਸ ਨਾਲ ਫ਼ਿਕਰ ਅਤੇ ਬੇਚੈਨੀ ਘੱਟਦੀ ਹੈ। ਭੁੱਲ-ਭੁਲੇਖੇ ਵੀ ਕਦੀ ਕਿਸੇ ਜ਼ਖ਼ਮੀ, ਦੌਰੇ ਵਾਲੇ ਵਿਅਕਤੀ ਅਤੇ ਬੇਹੋਸ਼ੀ ਦੀ ਹਾਲਤ ਵਾਲੇ ਦੇ ਮੂੰਹ ਵਿਚ ਪਾਣੀ ਨਾ ਪਾਓ। ਇਹ ਪਾਣੀ ਫੇਫੜਿਆਂ ਵਿਚ ਜਾ ਕੇ ਸਾਹ ਦੀ ਰੁਕਾਵਟ ਕਰ ਸਕਦਾ ਹੈ। ਛੇਤੀ ਤੋਂ ਛੇਤੀ ਫੱਟੜਾਂ ਨੂੰ ਹਸਪਤਾਲ ਪਹੁੰਚਾਉਣ ਦੇ ਪ੍ਰਬੰਧ ਕਰੋ ਅਤੇ ਜ਼ਿਲ੍ਹੇ ਦੇ ਜਿੰਮੇਵਾਰ ਅਧਿਕਾਰੀਆਂ ਨੂੰ ਸੂਚਿਤ ਕਰੋ ਤਾਂ ਜੋ ਪੁਲਿਸ ਅਤੇ ਡਾਕਟਰੀ ਮਦਦ ਹਾਦਸੇ ਵਾਲੀ ਥਾਂ ਪਹੁੰਚ ਸਕੇ।

ਸਰਕਾਰਾਂ ਜਿੱਥੇ ਸੜਕੀ ਹਾਦਸਿਆਂ ਨੂੰ ਘੱਟ ਕਰਨ ਲਈ ਸੁਰੱਖਿਆ ਨੀਤੀਆਂ ਅਮਲ ਵਿਚ ਲਿਆਉਂਦੀਆਂ ਹਨ, ਉੱਥੇ ਫਰਸਟ ਏਡ ਦੇ ਗਿਆਨ ਨੂੰ ਵੀ ਹਰੇਕ ਲਈ ਲਾਜ਼ਮੀ ਕਰਾਰ ਦਿੱਤਾ ਜਾਣਾ ਚਾਹੀਦਾ ਹੈ ਤਾਂ ਜੋ ਹਾਦਸਿਆਂ ਦੌਰਾਨ ਲੋਕ ਇਸ ਗਿਆਨ ਜ਼ਰੀਏ ਜੀਵਨ ਸੁਰੱਖਿਆ ਕਰ ਸਕਣ। ਵੱਧ ਤੋਂ ਵੱਧ ਜਾਗਰੂਕਤਾ ਹੀ ਜ਼ਿੰਦਗੀ ਰੂਪੀ ਤੋਹਫ਼ੇ ਦੀ ਸੁਰੱਖਿਆ ਨੂੰ ਯਕੀਨੀ ਬਣਾ ਸਕਦੀ ਹੈ

• ਨਰੇਸ਼ ਪਠਾਣੀਆ
98557-00157

# ਮੌਸਮ ਤੋਂ ਪਹਿਲਾਂ ਖ਼ੁਦ ਨੂੰ ਬਦਲੋ



> ਮੌਸਮ ਕਰਵਟ ਲੈ ਰਿਹਾ ਹੈ। ਲੋੜ ਹੈ ਇਸ ਬਦਲਾਅ ਲਈ ਤਿਆਰੀ ਕਰੀਏ ਤਾਂ ਜੋ ਗਰਮੀਆਂ ਦਾ ਜਸ਼ਨ ਮਨਾ ਸਕੀਏ!

ਸਰਦੀਆਂ ਵਿਦਾ ਲੈ ਰਹੀਆਂ ਹਨ। ਗਰਮ ਮੋਟੇ ਕੱਪੜਿਆਂ ਦੇ ਨਾਲ ਨਾਲ ਸਰੀਰ 'ਤੇ ਜਮ੍ਹਾ ਹੋਈ ਚਰਬੀ ਦੀਆਂ ਪਰਤਾਂ ਨੂੰ ਅਲਵਿਦਾ ਕਹਿਣ ਦੇ ਦਿਨ ਆ ਰਹੇ ਹਨ। ਆਓ, ਪਾਣੀ ਦੀ ਮਦਦ ਨਾਲ ਸਰੀਰ ਦੀ ਵਾਧੂ ਚਰਬੀ ਪਿਘਲਾਉਣ ਬਾਰੇ ਗੱਲ ਕਰੀਏ ਤੇ ਗਰਮੀਆਂ ਦੇ ਜਸ਼ਨ ਲਈ ਤਿਆਰ ਹੋਈਏ!

ਇਤਿਹਾਸ ਅਤੇ ਮੌਸਮ ਦੋਵੇਂ ਖ਼ੁਦ ਨੂੰ ਦੁਹਰਾਉਂਦੇ ਹਨ। ਕੋਸੀ ਸਰਦੀ ਤੋਂ ਬਾਅਦ ਹੁਣ ਦੌਰ ਹੈ ਗਰਮੀਆਂ ਦੀ ਸੁਨਹਿਰੀ ਸ਼ੁਰੂਆਤ ਦਾ। ਸਵੇਰੇ-ਸ਼ਾਮ ਹਲਕੀ ਠੰਢ ਅਤੇ ਦੁਪਹਿਰ ਵਿਚ ਖ਼ੁਸ਼ਗਵਾਰ ਧੁੱਪ ਇਸ਼ਾਰਾ ਕਰ ਰਹੀ ਹੈ ਕਿ ਮੌਸਮ ਹੌਲੀ-ਹੌਲੀ ਕਰਵਟ ਲੈ ਰਿਹਾ ਹੈ। ਸੁਚੇਤ ਰਹਾਂਗੇ ਤਾਂ ਮੌਸਮ ਦਾ ਇਹ ਬਦਲਾਅ ਖ਼ੁਸ਼ੀਆਂ ਲਿਆਏਗਾ ਪਰ ਜੇ ਜ਼ਰਾ ਜਿੰਨੀ ਵੀ ਲਾਪਰਵਾਹੀ ਹੋਈ ਤਾਂ ਬਿਮਾਰੀ ਘੇਰ ਸਕਦੀ ਹੈ। ਕੁਦਰਤ ਅਤੇ ਇਸ ਦੀ ਖ਼ੂਬਸੂਰਤੀ ਨੂੰ ਇਕ ਸਿਹਤਮੰਦ ਸਰੀਰ ਹੀ ਪੂਰੇ ਆਨੰਦ ਨਾਲ ਮਹਿਸੂਸ ਕਰ ਸਕਦਾ ਹੈ। ਇਸ ਲਈ ਜ਼ਰੂਰੀ ਹੈ ਕਿ ਇਹ ਹਰ ਬਦਲਦੇ ਮੌਸਮ ਮੁਤਾਬਕ ਢਲ਼ ਜਾਣ ਲਈ ਤਿਆਰ ਹੋਵੇ। ਇਸ ਲਈ ਜ਼ਰੂਰੀ ਸ਼ਰਤ ਹੈ ਇਮਿਊਨਿਟੀ ਅਤੇ ਉਸ ਲਈ ਸਭ ਤੋਂ ਵੱਡੀ ਲੋੜ ਹੈ ਸਰੀਰ ਦਾ ਆਪਣੇ ਮੂਲ ਰੂਪ ਵਿਚ ਰਹਿਣਾ, ਜ਼ਹਿਰੀਲੇ ਅਤੇ ਗ਼ੈਰ-ਜ਼ਰੂਰੀ ਤੱਤਾਂ ਤੋਂ ਸੁਰੱਖਿਅਤ ਰਹਿਣਾ। ਅੱਜਕੱਲ੍ਹ ਦੀ ਜੀਵਨਸ਼ੈਲੀ ਕੁਝ ਅਜਿਹੀ ਹੈ ਕਿ ਨਾ ਚਾਹੁੰਦੇ ਹੋਏ ਵੀ ਅਸੀਂ ਸਰੀਰ ਨੂੰ ਉਨ੍ਹਾਂ ਚੀਜ਼ਾਂ-ਆਦਤਾਂ ਨਾਲ ਭਰਦੇ ਰਹਿੰਦੇ ਹਾਂ ਜਿਨ੍ਹਾਂ ਦਾ ਨਤੀਜਾ ਸਾਡੀ ਸਿਹਤ ਨੂੰ ਕਈ ਤਰ੍ਹਾਂ ਦੇ ਨੁਕਸਾਨ ਦੇ ਰੂਪ ਵਿਚ ਨਿਕਲਦਾ ਹੈ। ਲੋੜ ਤੋਂ ਵੱਧ ਖਾਣਾ, ਸਰੀਰ ਲਈ ਗ਼ੈਰ-ਜ਼ਰੂਰੀ ਪੋਸ਼ਕ ਤੱਤਾਂ ਦੀ ਖ਼ੁਰਾਕ ਦਾ ਵਾਧਾ, ਨਸ਼ੀਲੇ ਪਦਾਰਥਾਂ ਦੀ ਵਰਤੋਂ ਆਦਿ ਕੁਝ ਅਜਿਹੀਆਂ ਗੱਲਾਂ ਹਨ ਜੋ ਸਰੀਰ ਤੇ ਦਿਮਾਗ਼ ਨੂੰ ਬੇਲੋੜੀ ਬੋਝ, ਭਾਰੀ ਅਤੇ ਰੋਗ-ਗ੍ਰਸਤ ਬਣਾਉਂਦੀ ਹੈ। ਪੂਰਬ ਹੋਵੇ ਜਾਂ ਪੱਛਮ, ਇਹ ਸਮੱਸਿਆ ਧਰਤੀ ਦੇ ਹਰ ਪਾਸੇ ਹੀ ਮੌਜੂਦ ਹੈ। ਇਸ ਲਿਹਾਜ਼ ਨਾਲ ਇਸ ਦੇ ਸਾਂਝੇ ਹੱਲ ਤੇ ਇਲਾਜ ਵੀ ਸੰਭਵ ਹਨ। ਸਰੀਰ ਨੂੰ ਹਲਕਾ ਰੱਖਣ ਦੀ ਇਹ ਪ੍ਰਕਿਰਿਆ ਪੂਰਬੀ ਦੇਸ਼ਾਂ ਵਿਚ ਵਰਤ ਦੇ ਰੂਪ ਵਿਚ ਦੇਖੀ ਜਾ ਸਕਦੀ ਹੈ ਜਦਕਿ ਪੱਛਮੀ ਸੱਭਿਅਤਾ ਇਸ ਨੂੰ 'ਡਿਟਾਕਸੀਫਿਕੇਸ਼ਨ ਪ੍ਰਾਸੈੱਸ' ਦਾ ਨਾਂ ਦਿੰਦੀ ਹੈ। ਇਸ ਪ੍ਰਕਿਰਿਆ ਵਿਚ ਸਰੀਰ ਵਿਚ ਪਾਣੀ ਦੀ ਮਾਤਰਾ ਵਧਾ ਕੇ ਸਰੀਰ ਨੂੰ ਗ਼ੈਰ-ਜ਼ਰੂਰੀ ਤੱਤਾਂ ਤੋਂ ਮੁਕਤ ਕੀਤਾ ਜਾਂਦਾ ਹੈ। ਦਿਲਚਸਪ ਗੱਲ ਇਹ ਹੈ ਕਿ ਖ਼ੁਰਾਕ ਮਾਹਿਰਾਂ ਨੇ ਡਿਟਾਕਸੀਫਿਕੇਸ਼ਨ ਵਿਚ ਨਵੇਂ-ਨਵੇਂ ਪ੍ਰਯੋਗ ਕਰਕੇ ਇਸ ਨੂੰ ਇਕ ਅਕੇਵੇਂ ਭਰੀ ਪ੍ਰਕਿਰਿਆ ਦੀ ਥਾਂ ਦਿਲਚਸਪ ਤਰੀਕਿਆਂ ਵਿਚ ਤਬਦੀਲ ਕਰ ਦਿੱਤਾ ਹੈ।

### ਸ਼ੁਰੂ ਕਰੋ ਤਿਆਰੀ

ਜੇ ਤੁਸੀਂ ਵੀ ਗਰਮੀਆਂ ਦੇ ਮੌਸਮ ਵਿਚ ਸਿਹਤਮੰਦ ਅਤੇ ਖ਼ੂਬਸੂਰਤ ਦਿਖਣਾ ਚਾਹੁੰਦੇ ਹੋ ਤਾਂ ਇਹੀ ਸਮਾਂ ਹੈ ਕਿ ਰਜਾਈ-ਕੰਬਲ ਗੋਲ ਕਰੋ ਅਤੇ ਖ਼ੁਦ ਨੂੰ ਡਿਟਾਕਸ ਪ੍ਰੋਗਰਾਮ ਲਈ ਤਿਆਰ ਕਰ ਲਓ। ਆਪਣੇ ਸਰੀਰ ਨੂੰ ਜ਼ਰਾ ਧਿਆਨ ਨਾਲ ਦੇਖੋ! ਸਰਦੀਆਂ ਦੀ ਖ਼ੁਰਾਕ ਕਿਵੇਂ ਸਰੀਰ 'ਤੇ ਤਹਿਆਂ ਵਾਂਗ ਜੰਮ ਚੁੱਕੀ ਹੈ। ਆਲੂ ਦੇ ਪਰੌਂਠੇ, ਮਸਾਲੇਦਾਰ ਸਬਜ਼ੀਆਂ ਤੇ ਵਿਆਹਾਂ ਦੀਆਂ ਦਾਅਵਤਾਂ ਦਾ ਅਸਰ ਚਿਹਰੇ ਤੋਂ ਲੈ ਕੇ ਚਾਲ ਤਕ ਸਾਫ ਦਿਖਾਈ ਦੇ ਰਿਹਾ ਹੈ। ਵਧਿਆ ਹੋਇਆ ਪੇਟ ਤੇ ਸੁਸਤੀ ਮਾਰਿਆ ਥੁਲਥੁਲਾ ਸਰੀਰ। ਕੀ ਇਹੀ ਸਰੀਰ ਲੈ ਕੇ ਗਰਮੀਆਂ ਵਿਚ ਗੋਆ ਜਾਣ ਦਾ ਇਰਾਦਾ ਹੈ? ਨਹੀਂ ਨਾ! ਫਿਰ ਗਰਮੀਆਂ 'ਚ ਫਿੱਟ ਰਹਿਣ ਦੀ ਤਿਆਰੀ ਹੁਣੇ ਤੋਂ ਸ਼ੁਰੂ ਕਰਨੀ ਪਵੇਗੀ ।

### ਕੀ ਹੈ ਡਿਟਾਕਸੀਫਿਕੇਸ਼ਨ

ਇਹ ਪ੍ਰਕਿਰਿਆ ਬਹੁਤ ਆਸਾਨ ਹੈ। ਸੌਖੇ ਸ਼ਬਦਾਂ ਵਿਚ ਸਮਝੀਏ ਤਾਂ ਇਹ ਸਰੀਰ ਨੂੰ ਅੰਦਰ ਤੋਂ ਸਾਫ਼ ਕਰਨ ਦੀ ਸਾਧਾਰਨ ਪ੍ਰਕਿਰਿਆ ਹੈ ਅਤੇ ਇਸ ਦਾ ਪ੍ਰਮੁੱਖ ਤੱਤ ਹੈ ਪਾਣੀ। ਪਾਣੀ ਦੀ ਮਾਤਰਾ ਵਧਾ ਕੇ ਸਰੀਰ 'ਚੋਂ ਜ਼ਹਿਰੀਲੇ ਤੱਤ ਬਾਹਰ ਨਿਕਲਦੇ ਹਨ।



### ਕਿਹੋ ਜਿਹੇ ਹੋਣ ਡ੍ਰਿੰਕ?

ਹਾਲਾਂਕਿ ਦਿਨ ਵਿਚ ਕਈ ਵਾਰ ਸਾਦਾ ਪਾਣੀ ਪੀਣਾ ਡਿਟਾਕਸੀਫਿਕੇਸ਼ਨ ਲਈ ਕਾਫ਼ੀ ਹੈ ਪਰ ਆਧੁਨਿਕ ਜੀਵਨਸ਼ੈਲੀ ਦੀਆਂ ਲੋੜਾਂ ਮੁਤਾਬਕ ਡਾਈਟੀਸ਼ਿਅਨਜ਼ ਇਸ ਲਈ ਫਰੂਟ ਜੂਸ ਅਤੇ ਸ਼ਰਬਤ ਦੀ ਸਿਫ਼ਾਰਿਸ਼ ਕਰਦੇ ਹਨ। ਭਾਰਤੀ ਸਮਾਜ ਵਿਚ ਸ਼ਰਬਤ ਕਾਫੀ ਪ੍ਰਚਲਿਤ ਹੈ। ਪਰ ਡਿਟਾਕਸੀਫਿਕੇਸ਼ਨ ਪ੍ਰੋਸੈੱਸ ਵਿਚ ਏਨਾ ਹੀ ਫ਼ਰਕ ਹੈ ਕਿ ਜ਼ਾਇਕੇਦਾਰ ਪਾਣੀ ਵਿਚ ਚੀਨੀ ਜਾਂ ਲੂਣ ਨਹੀਂ ਪਾਇਆ ਜਾਂਦਾ। ਨਤੀਜੇ ਵਜੋਂ ਫਲਾਂ ਦਾ ਰਸ ਹੀ ਸਾਹਮਣੇ ਆਉਂਦਾ ਹੈ ਜੋ ਪੋਸ਼ਕ ਤੱਤਾਂ ਨਾਲ ਭਰਪੂਰ ਹੁੰਦੇ ਹਨ ਅਤੇ ਸਰੀਰ ਦੇ ਮੈਟਾਬੌਲਿਜ਼ਮ ਨੂੰ ਰਫ਼ਤਾਰ ਦਿੰਦੇ ਹਨ। ਸੰਤਰਾ, ਅਨਾਨਾਸ, ਸਟ੍ਰੋਬੇਰੀ ਆਦਿ ਨੂੰ ਦਾਲਚੀਨੀ ਵਰਗੇ ਮਸਾਲਿਆਂ ਅਤੇ ਪੁਦੀਨੇ ਦੀਆਂ ਪੱਤੀਆਂ ਨਾਲ ਮਿਲਾ ਕੇ ਸੁਆਦੀ ਜੂਸ ਤਿਆਰ ਕੀਤਾ ਜਾ ਸਕਦਾ ਹੈ। ਇਸ ਤੋਂ ਇਲਾਵਾ ਵੀ ਆਪਣੀ ਪਸੰਦ ਮੁਤਾਬਕ ਕਈ ਹੋਰ ਪ੍ਰਯੋਗ ਵੀ ਕਰ ਸਕਦੇ ਹੋ। ਚੀਨੀ ਅਤੇ ਲੂਣ ਤੋਂ ਪਰਹੇਜ਼ ਕਰਨਾ ਹੈ। ਆਪਣੇ ਮਨਪਸੰਦ ਫਲਾਂ ਦੇ ਟੁਕੜਿਆਂ ਨੂੰ ਪੁਦੀਨੇ ਅਤੇ ਨਿੰਬੂ ਦੇ ਟੁਕੜਿਆਂ ਨਾਲ ਮਲਮਲ ਦੇ ਇਕ ਟੁਕੜੇ ਵਿਚ ਬੰਨ੍ਹ ਦਿਓ। ਇਸ ਨੂੰ 12-14 ਘੰਟੇ ਲਈ ਪਾਣੀ 'ਚ ਭਿਓਂ ਕੇ ਰੱਖੋ ਤੇ ਲਓ ਜ਼ਾਇਦੇਦਾਰ ਫਲ਼ਾਂ ਦੇ ਪਾਣੀ ਦਾ ਆਨੰਦ। ਤਬੀਅਤ ਖ਼ਰਾਬ ਹੋਵੇ ਜਾਂ ਮੂਡ, ਇਕ ਗਿਲਾਸ ਜੂਸ ਦੋਹਾਂ ਨੂੰ ਦਰੁਸਤ ਕਰਨ ਲਈ ਕਾਫੀ ਹੈ। ਫਰੂਟ ਜੂਸ ਦੇ ਨਾਂ 'ਤੇ ਵਿਕਣ ਵਾਲੇ ਚੀਨੀ ਵਾਲੇ ਪੈਕਟਬੰਦ ਜੂਸ ਤੋਂ ਬਚੋ। ਘਰ ਤਿਆਰ ਕੀਤੇ ਗਏ ਰਸ ਨਾਲ ਭਰਪੂਰ ਪੋਸ਼ਣ ਅਤੇ ਫਾਈਬਰ ਦੋਵੇਂ ਮਿਲਦੇ ਹਨ।

• ਸ੍ਰਿਸ਼ਟੀ ਵਰਮਾ



# ਖਾਲਸਾ ਕਾਲਜ ਗਵਰਨਿੰਗ ਕੌਂਸਲ ਦੇ '136ਵੇਂ ਸਥਾਪਨਾ ਦਿਵਸ' 'ਤੇ ਧਾਰਮਿਕ ਸਮਾਗਮ ਕਰਵਾਇਆ ਗਿਆ

## ਗਵਰਨਿੰਗ ਕੌਂਸਲ ਸਿੱਖਿਆ ਦੇ ਨਾਲ-ਨਾਲ ਨੈਤਿਕ ਅਤੇ ਧਾਰਮਿਕ ਮੁੱਲਾਂ ਨੂੰ ਮਜ਼ਬੂਤ ਕਰਨ ਲਈ ਵਚਨਬੱਧ : ਮਜੀਠੀਆ

**ਕੌਮੀ ਪਤ੍ਰਿਕਾ**
**ਕ੍ਰਿਸ਼ਨ ਸਿੰਘ ਦੁਸਾਂਝ**

ਅੰਮ੍ਰਿਤਸਰ, 22 ਫ਼ਰਵਰੀ: ਖਾਲਸਾ ਕਾਲਜ ਗਵਰਨਿੰਗ ਕੌਂਸਲ ਹਮੇਸ਼ਾਂ ਤੋਂ ਹੀ ਸਿੱਖਿਆ ਦੇ ਨਾਲ-ਨਾਲ ਨੈਤਿਕ ਅਤੇ ਧਾਰਮਿਕ ਮੁੱਲਾਂ ਨੂੰ ਮਜ਼ਬੂਤ ਕਰਨ ਲਈ ਵਚਨਬੱਧ ਰਹੀ ਹੈ। 22 ਫਰਵਰੀ 1890 'ਚ ਸਥਾਪਿਤ ਕੀਤੀ ਗਈ ਇਹ ਮਹਾਨ ਸੰਸਥਾ ਸਿਰਫ਼ ਇਕ ਸਿੱਖਿਆ ਸੰਸਥਾ ਹੀ ਨਹੀਂ, ਸਗੋਂ ਇਕ ਅਜਿਹਾ ਅੰਦੋਲਨ ਹੈ ਜਿਸ ਨੇ ਪੰਜਾਬ 'ਚ ਆਧੁਨਿਕ ਵਿੱਦਿਆ ਦੇ ਪ੍ਰਸਾਰ 'ਚ ਅਹਿਮ ਭੂਮਿਕਾ ਨਿਭਾਈ ਹੈ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਅੱਜ ਖਾਲਸਾ ਯੂਨੀਵਰਸਿਟੀ ਦੇ ਚਾਂਸਲਰ ਅਤੇ ਕੌਂਸਲ ਦੇ ਪ੍ਰਧਾਨ ਸ: ਸੱਤਿਆਜੀਤ ਸਿੰਘ ਮਜੀਠੀਆ ਨੇ ਕਾਲਜ ਕੈਂਪਸ ਸਥਿਤ ਗੁਰਦੁਆਰਾ ਸਾਹਿਬ ਵਿਖੇ ਖਾਲਸਾ ਕਾਲਜ ਚੈਰੀਟੇਬਲ ਸੋਸਾਇਟੀ ਦੇ 136ਵੇਂ ਸਥਾਪਨਾ ਦਿਵਸ ਦੇ ਸਬੰਧ 'ਚ ਕਰਵਾਏ ਗਏ ਧਾਰਮਿਕ ਸਮਾਗਮ ਉਪਰੰਤ ਕੀਤਾ। ਉਨ੍ਹਾਂ ਕਿਹਾ ਕਿ 136 ਸਾਲਾਂ ਦਾ ਇਹ ਸਫ਼ਰ ਸਿਰਫ਼ ਇਤਿਹਾਸਕ ਮਾਣ ਹੀ ਨਹੀਂ, ਸਗੋਂ ਸਿੱਖਿਆ ਅਤੇ ਆਧਿਆਤਮਿਕਤਾ ਦੇ ਮਿਲਾਪ ਦਾ ਪ੍ਰਤੀਕ ਹੈ। ਉਨ੍ਹਾਂ ਕਿਹਾ ਕਿ ਵਿਦਿਆਰਥੀਆਂ ਨੂੰ ਸਿਰਫ਼ ਪਾਠ ਪੁਸਤਕਾਂ ਦੀ ਸਿੱਖਿਆ ਹੀ ਨਹੀਂ, ਸਗੋਂ ਉੱਚ ਆਦਰਸ਼ਾਂ ਅਤੇ ਚੰਗੇ ਚਰਿੱਤਰ ਦੀ ਪ੍ਰੇਰਣਾ ਦੇਣਾ ਵੀ ਸੰਸਥਾ ਦਾ ਮਕਸਦ ਹੈ। ਇਸ ਤੋਂ ਪਹਿਲਾਂ ਗੁਰਦੁਆਰਾ ਸਾਹਿਬ ਵਿਖੇ ਪਰਸੋਂ ਤੋਂ ਰਖਾਏ ਗਏ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਉਪਰੰਤ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਹਜ਼ੂਰੀ ਰਾਗੀ ਭਾਈ ਸਰਵਣ ਸਿੰਘ ਗੁਰ ਜਸ ਗਾਇਨ ਕਰਕੇ ਹਾਜ਼ਰ ਸੰਗਤ ਨੂੰ ਨਿਹਾਲ ਕੀਤਾ। ਉਨ੍ਹਾਂ ਨੇ ਸਿੱਖ ਧਰਮ ਦੀਆਂ ਮਹਾਨ ਪ੍ਰੰਪਰਾਵਾਂ ਅਤੇ ਮਨੁੱਖਤਾ ਦੀ ਭਲਾਈ ਲਈ ਸੇਵਾ ਦੇ ਮਹੱਤਵ ਨੂੰ ਉਜਾਗਰ ਕੀਤਾ। ਇਸ ਮੌਕੇ 'ਵਰਸਿਟੀ ਦੇ ਪ੍ਰੋ-ਚਾਂਸਲਰ ਅਤੇ ਕੌਂਸਲ ਦੇ ਆਨਰੇਰੀ ਸਕੱਤਰ ਰਜਿੰਦਰ ਮੋਹਨ ਸਿੰਘ ਛੀਨਾ ਨੇ ਗਵਰਨਿੰਗ ਕੌਂਸਲ ਦੇ ਇਤਿਹਾਸ 'ਤੇ ਚਾਨਣਾ ਪਾਉਂਦਿਆਂ ਕਿਹਾ ਕਿ ਅੱਜ ਤੋਂ 136 ਸਾਲ ਪਹਿਲਾਂ ਬਲਕਿ 22 ਫਰਵਰੀ 1890 ਨੂੰ ਹੀ 'ਖਾਲਸਾ ਕਾਲਜ ਸਥਾਪਨਾ ਕਮੇਟੀ' ਲਾਹੌਰ ਹੋਂਦ ਵਿੱਚ ਆਈ, ਜਿਸ ਸਦਕਾ 'ਖਾਲਸਾ ਕਾਲਜ ਮਿਡਲ ਸਕੂਲ' ਅਤੇ 'ਖਾਲਸਾ ਕਾਲਜ' ਦੀ ਸਥਾਪਨਾ ਹੋਈ ਸੀ।ਉਨ੍ਹਾਂ ਕਿਹਾ ਕਿ ਇਸੇ ਕਮੇਟੀ ਨੇ ਅਗਾਂਹ ਆਪਣੇ ਬਦਲਵੇਂ ਨਾਵਾਂ ਤਹਿਤ 'ਖਾਲਸਾ ਕਾਲਜ ਸੋਸਾਇਟੀ, ਅੰਮ੍ਰਿਤਸਰ' ਅਤੇ ਫਿਰ ਸਮਾਂ ਬੀਤਣ ਉਪਰੰਤ 'ਖਾਲਸਾ ਕਾਲਜ ਚੈਰੀਟੇਬਲ ਸੋਸਾਇਟੀ, ਅੰਮ੍ਰਿਤਸਰ' ਦੇ ਰੂਪ 'ਚ ਵੱਖ-ਵੱਖ ਵਿੱਦਿਅਕ ਅਦਾਰਿਆਂ ਨੂੰ ਸਥਾਪਿਤ ਕਰਨ ਲਈ ਆਪਣੀਆਂ ਭੂਮਿਕਾਵਾਂ ਨਿਭਾਈਆਂ ਹਨ। ਉਨ੍ਹਾਂ ਕਿਹਾ ਕਿ ਸੁਸਾਇਟੀ ਅਧੀਨ ਚੱਲ ਰਹੀਆਂ ਸੰਸਥਾਵਾਂ ਨੇ ਦੇਸ਼ ਅਤੇ ਵਿਦੇਸ਼ 'ਚ ਆਪਣਾ ਵਿਲੱਖਣ ਮੁਕਾਮ ਬਣਾਇਆ ਹੈ ਅਤੇ ਇੱਥੋਂ ਹਜ਼ਾਰਾਂ ਵਿਦਿਆਰਥੀ ਸਿੱਖਿਆ ਪ੍ਰਾਪਤ ਕਰਕੇ ਵੱਖ-ਵੱਖ ਖੇਤਰਾਂ 'ਚ ਮਹੱਤਵਪੂਰਨ ਅਹੁੱਦਿਆਂ 'ਤੇ ਸੇਵਾ ਨਿਭਾਉਂਦਿਆਂ ਦੇਸ਼ ਦਾ ਨਾਮ ਰੌਸ਼ਨ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਇਸ



ਦੇ ਨਾਲ ਹੀ ਸਮਾਜਿਕ ਜ਼ਿੰਮੇਵਾਰੀ ਨਿਭਾਉਂਦੇ ਹੋਏ ਸੰਸਥਾ ਵੱਲੋਂ ਵੱਖ-ਵੱਖ ਸਮਾਜਿਕ ਅਤੇ ਭਲਾਈ ਕਾਰਜ ਵੀ ਕੀਤੇ ਜਾਂਦੇ ਹਨ। ਉਨ੍ਹਾਂ ਕਿਹਾ ਕਿ ਭਵਿੱਖ 'ਚ ਵੀ ਅਜਿਹੇ ਧਾਰਮਿਕ ਅਤੇ ਸੰਸਕ੍ਰਿਤਿਕ ਕਾਰਜ ਜਾਰੀ ਰਹਿਣਗੇ ਤਾਂ ਜੋ ਨਵੀਂ ਪੀੜ੍ਹੀ ਨੂੰ ਆਪਣੇ ਧਰਮ ਅਤੇ ਸੰਸਕਾਰਾਂ ਨਾਲ ਜੋੜਿਆ ਜਾ ਸਕੇ। ਇਸ ਮੌਕੇ ਯੂਨੀਵਰਸਿਟੀ ਦੇ ਉਪ ਕੁਲਪਤੀ ਡਾ. ਮਹਿਲ ਸਿੰਘ ਅਤੇ ਸਿੱਖ ਇਤਿਹਾਸ ਵਿਦਵਾਨ ਅਤੇ ਖਾਲਸਾ ਕਾਲਜ ਸੀਨੀਅਰ ਸੈਕੰਡਰੀ ਸਕੂਲ ਦੇ ਪ੍ਰਿੰਸੀਪਲ ਡਾ. ਇੰਦਰਜੀਤ ਸਿੰਘ ਗੋਗੋਆਣੀ ਨੇ ਸਾਂਝੇ ਤੌਰ 'ਤੇ ਕਿਹਾ ਕਿ ਉਕਤ ਸਥਾਪਨਾ ਦਿਵਸ ਦੇ ਇਸ ਯਾਦਗਾਰ ਪਲ ਨੇ ਇਹ ਸਾਬਤ ਕਰ ਦਿੱਤਾ ਕਿ ਖਾਲਸਾ ਕਾਲਜ ਚੈਰੀਟੇਬਲ ਸੋਸਾਇਟੀ ਸਿੱਖਿਆ, ਸੰਸਕਾਰ ਅਤੇ ਸੇਵਾ ਦੀ ਪ੍ਰਤੀਕ ਸੰਸਥਾ ਹੈ, ਜੋ ਆਉਣ ਵਾਲੀਆਂ ਪੀੜ੍ਹੀਆਂ ਨੂੰ ਰੌਸ਼ਨ ਭਵਿੱਖ ਵੱਲ ਪ੍ਰੇਰਿਤ ਕਰਦੀ ਸੀ, ਕਰਦੀ ਹੈ ਅਤੇ ਕਰਦੀ ਰਹੇਗੀ। ਇਸ ਮੌਕੇ ਮਜੀਠੀਆ ਨੇ ਛੀਨਾ, ਡਾ. ਮਹਿਲ ਸਿੰਘ ਅਤੇ ਡਾ. ਗੋਗੋਆਣੀ ਨਾਲ ਮਿਲਕੇ ਭਾਈ ਸਾਹਿਬ ਭਾਈ ਗੁਰਮੇਜ ਨੂੰ 'ਕੌਮ ਦਾ ਮਾਣ' ਸਨਮਾਨ ਪੱਤਰ ਨਾਲ ਨਿਵਾਜਿਆ। ਇਸ ਉਪਰੰਤ ਮਜੀਠੀਆ, ਛੀਨਾ ਸਮੇਤ ਹੋਰਨਾਂ ਸਖਸ਼ੀਅਤਾਂ ਵੱਲੋਂ ਗਵਰਨਿੰਗ ਕੌਂਸਲ ਦੇ ਅੰਡਰ ਸੈਕਟਰੀ ਅਤੇ ਲੋਕ ਸੰਪਰਕ ਵਿਭਾਗ ਦੇ ਡਾਇਰੈਕਟਰ ਸ: ਧਰਮਿੰਦਰ ਸਿੰਘ ਰਟੌਲ ਦੁਆਰਾ ਅੰਗਰੇਜ਼ੀ ਦੀ ਲਿਖਤ ਪੁਸਤਕ 'ਹਿਸਟਰੀ ਆਫ ਖਾਲਸਾ ਕਾਲਜ ਗਵਰਨਿੰਗ ਕੌਂਸਲ (1890 ਤੋਂ 2026)' ਦੀ ਘੁੰਡ ਚੁਕਾਈ ਕੀਤੀ ਗਈ। ਇਸ ਦੌਰਾਨ ਕੌਂਸਲ ਅਧੀਨ ਚੱਲ ਰਹੀਆਂ ਵੱਖ-ਵੱਖ ਵਿੱਦਿਅਕ ਸੰਸਥਾਵਾਂ ਦੇ ਪ੍ਰਿੰਸੀਪਲਜ਼ ਨੇ ਕਿਹਾ ਕਿ ਸੋਸਾਇਟੀ ਨੇ ਸਿਰਫ਼ ਅਕਾਦਮਿਕ ਖੇਤਰ 'ਚ ਹੀ ਨਹੀਂ, ਸਗੋਂ ਖੇਡਾਂ, ਸੱਭਿਆਚਾਰਕ ਗਤੀਵਿਧੀਆਂ ਅਤੇ ਸਮਾਜ ਸੇਵਾ 'ਚ ਵੀ ਅਹਿਮ ਯੋਗਦਾਨ ਦਿੱਤਾ ਹੈ। ਉਨ੍ਹਾਂ ਕਿਹਾ ਕਿ ਸੋਸਾਇਟੀ ਨੇ ਹਮੇਸ਼ਾਂ ਸਮੇਂ ਦੀ ਲੋੜ ਅਨੁਸਾਰ ਨਵੇਂ ਕੋਰਸਾਂ ਅਤੇ ਆਧੁਨਿਕ ਢਾਂਚੇ ਨੂੰ ਅਪਨਾਇਆ ਹੈ ਤਾਂ ਜੋ ਵਿਦਿਆਰਥੀਆਂ ਨੂੰ ਵਿਸ਼ਵ-ਪੱਧਰੀ ਵਿੱਦਿਆ ਪ੍ਰਦਾਨ ਕੀਤੀ ਜਾ ਸਕੇ। ਉਨ੍ਹਾਂ ਕਿਹਾ ਕਿ 136 ਸਾਲਾਂ ਦਾ ਇਹ ਸਫ਼ਰ ਸੁਸਾਇਟੀ ਦੇ ਸੰਸਥਾਪਕਾਂ ਦੀ ਦੂਰਦਰਸ਼ਤਾ ਅਤੇ ਲਗਨ ਦਾ ਨਤੀਜਾ ਹੈ। ਇਸ ਮੌਕੇ 'ਵਰਸਿਟੀ ਦੇ ਰਜਿਸਟਰਾਰ ਡਾ. ਖੁਸ਼ਵਿੰਦਰ ਕੁਮਾਰ, ਅਕਾਦਮਿਕ ਮਾਮਲੇ ਡੀਨ ਡਾ. ਸੁਰਿੰਦਰ ਕੌਰ, ਰਿਸਰਚ ਡੀਨ ਡਾ. ਆਰ. ਕੇ. ਧਵਨ, ਐਗਜ਼ੇਮੀਨੇਸ਼ਨ ਕੰਟਰੋਲਰ ਡਾ. ਕੰਵਲਜੀਤ ਸਿੰਘ, ਕੌਂਸਲ ਦੇ ਵਧੀਕ ਆਨਰੇਰੀ ਸਕੱਤਰ ਡਾ. ਦਲਬੀਰ ਸਿੰਘ ਘੁੰਮਣ, ਜੁਆਇੰਟ ਸਕੱਤਰ ਗੁਨਬੀਰ ਸਿੰਘ, ਸੰਤੋਖ ਸਿੰਘ ਸੇਠੀ, ਪਰਮਜੀਤ ਸਿੰਘ ਬੱਲ, ਲਖਵਿੰਦਰ ਸਿੰਘ ਢਿੱਲੋਂ, ਗੁਰਪ੍ਰੀਤ ਸਿੰਘ ਗਿੱਲ, ਮੈਂਬਰ ਡਾ. ਸੁਖਬੀਰ ਕੌਰ ਮਾਹਲ, ਕਰਮਜੀਤ ਸਿੰਘ ਭੱਟੀ, ਗੁਰਮੀਤ ਸਿੰਘ ਭੱਟੀ, ਡਾ. ਰਮਿੰਦਰ ਕੌਰ, ਸਰਬਜੀਤ ਸਿੰਘ ਹੁਸ਼ਿਆਰ ਨਗਰ, ਤਜਿੰਦਰਪਾਲ ਸਿੰਘ ਸੰਧੂ, ਪ੍ਰਿੰਸੀਪਲ ਡਾ. ਆਤਮ ਸਿੰਘ ਰੰਧਾਵਾ, ਪ੍ਰਿੰਸੀਪਲ ਡਾ. ਮਨਦੀਪ ਕੌਰ, ਡਾਇਰੈਕਟਰ-ਕਮ-ਪ੍ਰਿੰਸੀਪਲ ਡਾ. ਜਸਪਾਲ ਸਿੰਘ, ਪ੍ਰਿੰਸੀਪਲ ਡਾ. ਹਰੀਸ਼ ਕੁਮਾਰ ਵਰਮਾ, ਪ੍ਰਿੰਸੀਪਲ ਗੁਰਦੇਵ ਸਿੰਘ, ਪ੍ਰਿੰਸੀਪਲ ਡਾ. ਹਰੀਸ਼ ਕੁਮਾਰੀ, ਪ੍ਰਿੰਸੀਪਲ ਡਾ. ਅਮਨਪ੍ਰੀਤ ਕੌਰ, ਡਾਇਰੈਕਟਰ ਡਾ. ਮੰਜੂ ਬਾਲਾ, ਪ੍ਰਿੰਸੀਪਲ ਡਾ. ਲਕਸ਼ਮੀ ਮਲਹੋਤਰਾ, ਪ੍ਰਿੰਸੀਪਲ ਸ੍ਰੀਮਤੀ ਪੁਨੀਤ ਕੌਰ ਨਾਗਪਾਲ, ਪ੍ਰਿੰਸੀਪਲ ਅਮਰਜੀਤ ਸਿੰਘ ਗਿੱਲ, ਪ੍ਰਿੰਸੀਪਲ ਸ੍ਰੀਮਤੀ ਨਿਰਮਲਜੀਤ ਕੌਰ ਗਿੱਲ, ਪ੍ਰਿੰਸੀਪਲ ਪਰਮਜੀਤ ਸਿੰਘ, ਪ੍ਰਿੰਸੀਪਲ ਗੁਰਿੰਦਰਜੀਤ ਕੌਰ ਕੰਬੋਜ਼ ਆਦਿ ਸਮੇਤ ਹੋਰ ਅਧਿਆਪਕਾਂ, ਵਿਦਿਆਰਥੀਆਂ ਅਤੇ ਵੱਡੀ ਗਿਣਤੀ 'ਚ ਸੰਗਤਾਂ ਹਾਜ਼ਰ ਸਨ।

### ਪੰਜਾਬ ਤੋਂ ਹੈਰੋਇਨ ਲੈ ਕੇ ਆਏ 4 ਨੌਜਵਾਨਾਂ ਨੂੰ ਸ਼ਰੀਗੰਗਾਨਗਰ ਪੁਲਸ ਨੇ ਕੀਤਾ ਗ੍ਰਿਫ਼ਤਾਰ

ਸ਼ਰੀਗੰਗਾਨਗਰ 22 ਫਰਵਰੀ। ਰਾਜਸਥਾਨ 'ਚ ਸ਼?ਰੀਗੰਗਾਨਗਰ ਦੇ ਸ਼?ਰੀਕਰਨਪੁਰ ਥਾਣਾ ਖੇਤਰ 'ਚ ਪੁਲਸ ਨੇ ਚਾਰ ਨੌਜਵਾਨਾਂ ਨੂੰ ਗ੍ਰਿਫ਼ਤਾਰ ਕਰ ਕੇ ਉਨ੍ਹਾਂ ਤੋਂ 115 ਗ੍ਰਾਮ ਹੈਰੋਇਨ ਬਰਾਮਦ ਕੀਤੀ ਹੈ। ਪੁਲਸ ਸੂਤਰਾਂ ਨੇ ਵੀਰਵਾਰ ਨੂੰ ਦੱਸਿਆ ਕਿ ਚਾਰ ਨੌਜਵਾਨਾਂ ਦੇ ਪੰਜਾਬ ਤੋਂ ਕਾਰ 'ਚ ਹੈਰੋਇਨ ਲੈ ਕੇ ਆਉਣ ਦੀ ਗੁਪਤ ਸੂਚਨਾ ਮਿਲੀ। ਇਸ 'ਤੇ ਪੁਲਸ ਦਲ ਨੇ ਬੁੱਧਵਾਰ ਰਾਤ ਭਾਰਤਮਾਲਾ ਪ੍ਰਾਜੈਕਟ ਮਾਰਗ 'ਤੇ ਨਾਕਾਬੰਦੀ ਕਰ ਕੇ ਉਨ੍ਹਾਂ ਨੂੰ ਰੋਕ ਲਿਆ। ਕਾਰ ਦੀ ਤਲਾਸ਼ੀ ਦੌਰਾਨ ਪੁਲਸ ਨੇ ਉਸ 'ਚ ਰੱਖੀ 115 ਗ੍ਰਾਮ ਹੈਰੋਇਨ ਬਰਾਮਦ ਕੀਤੀ। ਪੁਲਸ ਨੇ ਦੱਸਿਆ ਕਿ ਫੜੇ ਗਏ ਚਾਰ ਲੋਕਾਂ ਦੀ ਪਛਾਣ ਰਵੀਕੁਮਾਰ, ਦਿਲਪ੍ਰੀਤ ਸਿੰਘ, ਗੁਰਪ੍ਰੀਤ ਸਿੰਘ ਅਤੇ ਅਨਿਲ ਕੁਮਾਰ ਵਜੋਂ ਹੋਈ ਹੈ। ਇਹ ਚਾਰੇ ਨੌਜਵਾਨ ਸ਼?ਰੀਗੰਗਾਨਗਰ ਖੇਤਰ ਦੇ ਨੇੜੇ-ਤੇੜੇ ਦੇ ਹਨ।

### ਰਵਨੀਤ ਬਿੱਟੂ ਦਾ ਵੱਡਾ ਬਿਆਨ: ਪ੍ਰਿਯੰਕਾ ਗਾਂਧੀ ਖ਼ਿਲਾਫ਼ ਦਰਜ ਕਰਵਾਵਾਂਗਾ ਸ਼ਿਕਾਇਤ

ਚੰਡੀਗੜ੍ਹ 22 ਫਰਵਰੀ। ਕੇਂਦਰੀ ਰੇਲ ਰਾਜ ਮੰਤਰੀ ਰਵਨੀਤ ਸਿੰਘ ਬਿੱਟੂ ਨੇ ਕਿਸਾਨ ਅੰਦੋਲਨ ਦੌਰਾਨ ਵਾਪਰੀ ਇਕ ਘਟਨਾ ਨੂੰ ਲੈ ਕੇ ਵੱਡਾ ਰਾਜਨੀਤਕ ਮਾਮਲਾ ਖੜ੍ਹਾ ਕਰ ਦਿੱਤਾ ਹੈ। ਉਨ੍ਹਾਂ ਐਲਾਨ ਕੀਤਾ ਹੈ ਕਿ ਉਹ ਪ੍ਰਿਯੰਕਾ ਗਾਂਧੀ ਖ਼?ਲਾਫ਼ ਸ਼ਿਕਾਇਤ ਦਰਜ ਕਰਵਾਉਣਗੇ ਅਤੇ ਇਸ ਗੱਲ ਦੀ ਜਾਂਚ ਦੀ ਮੰਗ ਕਰਨਗੇ ਕਿ ਉਨ੍ਹਾਂ ਨੂੰ ਉਸ ਸਮੇਂ ਅੰਦੋਲਨਕਾਰੀ ਕਿਸਾਨਾਂ ਕੋਲ ਕਿਉਂ ਭੇਜਿਆ ਗਿਆ ਸੀ। ਉਨ੍ਹਾਂ ਕਿਹਾ ਕਿ ਕਿਸਾਨ ਅੰਦੋਲਨ ਦੌਰਾਨ ਉਹ ਕਾਂਗਰਸ ਨਾਲ ਜੁੜੇ ਹੋਏ ਸਨ ਤੇ ਉਨ੍ਹਾਂ ਨੂੰ ਪ੍ਰਿਯੰਕਾ ਗਾਂਧੀ ਵੱਲੋਂ ਅੰਦੋਲਨ ਸਥਾਨ 'ਤੇ ਜਾਣ ਲਈ ਕਿਹਾ ਗਿਆ ਸੀ। ਉਨ੍ਹਾਂ ਦੱਸਿਆ ਕਿ ਉਸ ਸਮੇਂ ਸਥਿਤੀ ਕਾਫ਼ੀ ਤਣਾਅਪੂਰਨ ਸੀ ਅਤੇ ਉਨ੍ਹਾਂ 'ਤੇ ਹਮਲਾ ਵੀ ਹੋਇਆ ਸੀ। ਉਨ੍ਹਾਂ ਦਾਅਵਾ ਕੀਤਾ ਕਿ ਹੁਣ ਉਹ ਇਸ ਗੱਲ ਦੀ ਜਾਂਚ ਚਾਹੁੰਦੇ ਹਨ ਕਿ ਕੀ ਉਨ੍ਹਾਂ ਨੂੰ ਕਿਸੇ ਸਾਜ਼ਿਸ਼ ਤਹਿਤ ਉੱਥੇ ਭੇਜਿਆ ਗਿਆ ਸੀ। ਉਨ੍ਹਾਂ ਕਿਹਾ ਕਿ ਉਸ ਵੇਲੇ ਉਨ੍ਹਾਂ ਨੂੰ ਪ੍ਰਿਯੰਕਾ ਗਾਂਧੀ ਦੀ ਨੀਅਤ 'ਤੇ ਕੋਈ ਸ਼ੱਕ ਨਹੀਂ ਸੀ ਪਰ ਹੁਣ ਕੁਝ ਘਟਨਾਵਾਂ ਨੂੰ ਵੇਖਦਿਆਂ ਜਾਂਚ ਲਾਜ਼ਮੀ ਲੱਗਦੀ ਹੈ। ਉਨ੍ਹਾਂ ਯਾਦ ਕਰਵਾਇਆ ਕਿ ਉਸ ਦੌਰਾਨ ਉਹ ਤੇ ਕੁਲਬੀਰ ਸਿੰਘ ਜ਼ੀਰਾ ਕਿਸਾਨਾਂ ਦੇ ਗੁੱਸੇ ਦਾ ਸਾਹਮਣਾ ਕਰਦੇ ਹੋਏ ਬਚ ਕੇ ਨਿਕਲੇ ਸਨ। ਉਨ੍ਹਾਂ ਕਿਹਾ ਕਿ ਜੇ ਉਸ ਸਮੇਂ ਸਥਿਤੀ ਹੋਰ ਖ਼ਰਾਬ ਹੋ ਜਾਂਦੀ ਤਾਂ ਵੱਡੀ ਘਟਨਾ ਵਾਪਰ ਸਕਦੀ ਸੀ। ਇਸ ਦੇ ਨਾਲ ਹੀ ਉਨ੍ਹਾਂ ਨੇ ਲੋਕ ਸਭਾ 'ਚ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਵੱਲੋਂ ਉਨ੍ਹਾਂ ਨੂੰ ਗੱਦਾਰ ਕਹਿਣ 'ਤੇ ਵੀ ਤਿੱਖੀ ਪ੍ਰਤੀਕਿਰਿਆ ਦਿੱਤੀ। ਉਨ੍ਹਾਂ ਕਿਹਾ ਕਿ ਅਜਿਹੀ ਭਾਸ਼ਾ ਵਰਤਣਾ ਕਿਸੇ ਵੱਡੇ ਸੰਵਿਧਾਨਕ ਅਹੁਦੇ 'ਤੇ ਬੈਠੇ ਨੇਤਾ ਨੂੰ ਸ਼ੋਭਾ ਨਹੀਂ ਦਿੰਦਾ। ਉਨ੍ਹਾਂ ਸਵਾਲ ਉਠਾਇਆ ਕਿ ਜੇ ਪਾਰਟੀ ਛੱਡ ਕੇ ਜਾਣ ਵਾਲੇ ਸਾਰੇ ਲੋਕ ਗੱਦਾਰ ਹਨ ਤਾਂ ਫਿਰ ਹੋਰ ਪਾਰਟੀਆਂ ਤੋਂ ਕਾਂਗਰਸ 'ਚ ਆਉਣ ਵਾਲੇ ਨੇਤਾਵਾਂ ਬਾਰੇ ਕੀ ਕਿਹਾ ਜਾਵੇਗਾ।

# ਪ੍ਰਦੂਸ਼ਣ ਬੋਰਡ ਦੇ ਅਧਿਕਾਰੀਆਂ ਨੂੰ 'ਮਲਾਈਦਾਰ ਸੀਟਾਂ' ਦਾ ਚਸਕਾ, ਵਾਰ-ਵਾਰ ਕਰਵਾਉਂਦੇ ਹਨ ਲੁਧਿਆਣਾ 'ਚ ਪੋਸਟਿੰਗ

**ਕੌਮੀ ਪਤ੍ਰਿਕਾ**

ਲੁਧਿਆਣਾ 22 ਫਰਵਰੀ। ਪੰਜਾਬ ਦੀ ਉਦਯੋਗਿਕ ਰਾਜਧਾਨੀ ਲੁਧਿਆਣਾ 'ਚ ਪ੍ਰਦੂਸ਼ਣ ਕੰਟਰੋਲ ਵਿਵਸਥਾ ਖੁਦ ਗੰਭੀਰ ਸਵਾਲਾਂ ਦੇ ਘੇਰੇ 'ਚ ਆ ਚੁੱਕੀ ਹੈ। ਜਿਸ ਵਿਭਾਗ 'ਤੇ ਸ਼ਹਿਰ ਦੀ ਹਵਾ, ਪਾਣੀ ਤੇ ਵਾਤਾਵਰਨ ਨੂੰ ਸੁਰੱਖਿਅਤ ਰੱਖਣ ਦੀ ਜ਼ਿੰਮੇਵਾਰੀ ਹੈ, ਉਸੇ ਵਿਭਾਗ ਦੇ ਕੁਝ ਅਧਿਕਾਰੀ ਅਤੇ ਮੁਲਾਜ਼ਮਾਂ 'ਤੇ ਸਿਸਟਮ ਨੂੰ ਆਪਣੇ ਫ਼ਾਇਦੇ ਲਈ ਵਰਤਣ ਦੇ ਦੋਸ਼ ਲੱਗ ਰਹੇ ਹਨ। ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ 'ਚ ਲੰਬੇ ਸਮੇਂ ਤੋਂ ਇਹ ਚਰਚਾ ਹੈ ਕਿ ਜੋ ਅਧਿਕਾਰੀ ਇਕ ਵਾਰ ਲੁਧਿਆਣੇ 'ਚ ਤਾਇਨਾਤ ਰਹਿ ਚੁੱਕੇ ਹਨ, ਉਹ ਦੁਬਾਰਾ ਵਾਪਸ ਇੱਥੇ ਆਉਣ ਦੀ ਤਾਕ 'ਚ ਹੀ ਰਹਿੰਦੇ ਹਨ ਅਤੇ ਜੇ ਵਾਪਸ ਆਉਂਦੇ ਵੀ ਹਨ ਤਾਂ ਸਿੱਧਾ ਪ੍ਰਭਾਵਸ਼ਾਲੀ ਤੇ ਮਲਾਈਦਾਰ ਸੀਟਾਂ 'ਤੇ। ਸੂਤਰਾਂ ਮੁਤਾਬਕ ਲੁਧਿਆਣਾ 'ਚ ਤਾਇਨਾਤੀ ਨੂੰ ਪੀ. ਪੀ. ਸੀ. ਬੀ. ਦੇ ਅੰਦਰ ਸਭ ਤੋਂ ਅਹਿਮ ਪੋਸਟਿੰਗ ਮੰਨਿਆ ਜਾਂਦਾ ਹੈ। ਉਦਯੋਗਿਕ ਗਤੀਵਿਧੀਆਂ ਦੀ ਬਹੁਤਾਤ, ਨਿਰੀਖਣ ਅਤੇ ਕਾਰਵਾਈ ਦੀਆਂ ਵਿਆਪਕ ਸ਼ਕਤੀਆਂ ਕਾਰਨ ਇੱਥੋਂ ਦਾ ਦਫ਼ਤਰ ਪ੍ਰਭਾਵਸ਼ਾਲੀ ਮੰਨਿਆ ਜਾਂਦਾ ਹੈ। ਦੋਸ਼ ਹਨ ਕਿ ਜਿਹੜੇ ਅਧਿਕਾਰੀ ਇਕ ਵਾਰ ਇੱਥੇ ਤਾਇਨਾਤ ਰਹਿ ਚੁੱਕੇ ਹਨ, ਉਹ ਦੁਬਾਰਾ ਇਸੇ ਦਫ਼ਤਰ ਵਿਚ ਵਾਪਸੀ ਦੀ ਕੋਸ਼ਿਸ਼ ਕਰਦੇ ਹਨ ਅਤੇ ਜਦੋਂ ਪਰਤਦੇ ਵੀ ਹਨ, ਤਾਂ ਮਹੱਤਵਪੂਰਨ ਸੀਟਾਂ 'ਤੇ ਹੀ ਆਉਂਦੇ ਹਨ। ਲੁਧਿਆਣੇ ਦਫ਼ਤਰ ਦੀ ਜ਼ਮੀਨੀ ਹਕੀਕਤ ਇਹ ਦੱਸਦੀ ਹੈ ਕਿ ਜੋ ਅਧਿਕਾਰੀ ਤੇ ਮੁਲਾਜ਼ਮ ਆਪਸ 'ਚ ਤਾਲਮੇਲ ਬਣਾ ਕੇ ਚਲਦੇ ਹਨ, ਉਹ ਜ਼ਰੂਰੀ ਸੀਟਾਂ 'ਤੇ ਟਿਕੇ ਰਹਿੰਦੇ ਹਨ। ਫਾਈਲ ਉਨ੍ਹਾਂ ਰਾਹੀਂ ਹੀ ਅੱਗੇ ਵਧਦੀ ਹੈ ਅਤੇ ਫੈਸਲਾ ਵੀ ਉਨ੍ਹਾਂ ਦੇ ਆਲੇ-ਦੁਆਲੇ ਹੀ ਘੁੰਮਦਾ ਹੈ ਅਤੇ ਜਿਹੜੇ ਗੜਬੜੀਆਂ ਤੋਂ ਦੂਰੀ ਬਣਾਈ ਰੱਖਦੇ ਹਨ ਜਾਂ ਸਵਾਲ ਉਠਾਉਣ ਦੀ ਹਿੰਮਤ ਕਰਦੇ ਹਨ, ਉਨ੍ਹਾਂ ਨੂੰ ਤਬਾਦਲਿਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਇਸ ਨਾਲ ਨਾ ਸਿਰਫ ਮੁਲਾਜ਼ਮਾਂ ਦਾ ਮਨੋਬਲ ਡਿੱਗਦਾ ਹੈ, ਸਗੋਂ ਪੂਰਾ ਸਿਸਟਮ ਵੀ ਕਮਜ਼ੋਰ ਪੈ ਰਿਹਾ ਹੈ। ਲੁਧਿਆਣੇ ਦੀ ਇੰਡਸਟਰੀ ਪਹਿਲਾਂ ਹੀ ਕਈ ਚੁਣੌਤੀਆਂ ਨਾਲ ਜੂਝ ਰਹੀ ਹੈ। ਕਦੇ ਸਖ਼ਤ ਕਾਰਵਾਈ, ਕਦੇ ਢਿੱਲ ਤੇ ਕਦੇ ਬਿਨਾਂ ਗੱਲੋਂ ਨੋਟਿਸ ਤੋਂ ਉਦਯੋਗਪਤੀ ਪ੍ਰੇਸ਼ਾਨ ਹਨ। ਉਦਯੋਗ ਜਗਤ ਦਾ ਦੋਸ਼ ਹੈ ਕਿ ਨਿਯਮ ਸਾਰਿਆਂ ਲਈ ਬਰਾਬਰ ਨਹੀਂ ਹਨ। ਕੁਝ 'ਤੇ ਕਾਰਵਾਈ ਹੁੰਦੀ ਹੈ ਤਾਂ ਕੁਝ ਨੂੰ ਨਜ਼ਰਅੰਦਾਜ਼ ਕੀਤਾ ਜਾਂਦਾ ਹੈ। ਜੇਕਰ ਇਹੀ ਹਾਲਾਤ ਰਹੇ ਤਾਂ ਇਸ ਦਾ ਸਿੱਧਾ ਅਸਰ ਰੋਜ਼ਗਾਰ 'ਤੇ ਪਵੇਗਾ। ਛੋਟੇ ਅਤੇ ਮੱਧਮ ਉਦਯੋਗ ਪਹਿਲਾਂ ਹੀ ਸੀਮਤ ਸਰੋਤਾਂ ਨਾਲ ਕੰਮ ਚਲਾ ਰਹੇ ਹਨ। ਲਗਾਤਾਰ ਅਨਿਸ਼ਚਿਤਤਾ ਦਾ ਮਾਹੌਲ ਉਨ੍ਹਾਂ ਨੂੰ ਨਿਵੇਸ਼ ਘਟਾਉਣ ਜਾਂ ਦੂਜੇ ਸੂਬਿਆਂ ਵੱਲ ਰੁਖ਼ ਕਰਨ ਲਈ ਮਜਬੂਰ ਕਰ ਰਿਹਾ ਹੈ। ਇਸ ਦਾ ਨੁਕਸਾਨ ਸਿਰਫ ਉਦਯੋਗਪਤੀਆਂ ਨੂੰ ਨਹੀਂ ਸਗੋਂ ਹਜ਼ਾਰਾਂ ਕਾਮਿਆਂ ਤੇ ਸੂਬੇ ਦੀ ਅਰਥਵਿਵਸਥਾ ਨੂੰ ਵੀ ਹੋਵੇਗਾ। ਪੀ. ਪੀ. ਸੀ. ਬੀ. ਦੇ ਮੈਂਬਰ ਸੈਕਟਰੀ ਤੇ ਪ੍ਰਧਾਨ ਲਈ ਇਹ ਸਥਿਤੀ ਗੰਭੀਰ ਚਿਤਾਵਨੀ ਹਨ। ਸਿਰਫ ਹੁਕਮ ਜਾਰੀ ਕਰਨ ਨਾਲ ਹੀ ਕੰਮ ਨਹੀਂ ਚੱਲੇਗਾ। ਵਿਭਾਗ ਦੇ ਅੰਦਰ ਪਾਰਦਰਸ਼ਤਾ, ਨਿਰਪੱਖਤਾ ਤੇ ਜਵਾਬਦੇਹੀ ਸਥਾਪਿਤ ਕਰਨਾ ਹੁਣ ਜ਼ਰੂਰੀ ਹੋ ਗਿਆ ਹੈ। ਪੋਸਟਿੰਗ ਤੇ ਟ?ਰਾਂਸਫਰ 'ਚ ਸਪੱਸ਼ਟ ਨੀਤੀ, ਸ਼ਿਕਾਇਤਾਂ ਦੀ ਨਿਰਪੱਖ ਜਾਂਚ ਤੇ ਇਮਾਨਦਾਰ ਮੁਲਾਜ਼ਮਾਂ ਨੂੰ ਸੁਰੱਖਿਆ ਦਿੱਤੇ ਬਿਨਾਂ ਸੁਧਾਰ ਸੰਭਵ ਨਹੀਂ ਹੈ।

### ਸਾਊਦੀ ਅਰਬ ਤੋਂ ਖਿੱਚ ਲਿਆਈ ਮੌਤ ! ਗੀਜ਼ਰ ਦੀ ਗੈਸ ਦੀ ਭੇਂਟ ਚੜ੍ਹਿ ਆ ਪੂਰਾ ਪਰਿਵਾਰ

ਸੂਰਤ 22 ਫਰਵਰੀ। ਗੁਜਰਾਤ ਦੇ ਸੂਰਤ ਸ਼ਹਿਰ ਤੋਂ ਇਕ ਬੇਹੱਦ ਦੁਖਦਾਈ ਖ਼ਬਰ ਸਾਹਮਣੇ ਆਈ ਹੈ। ਇੱਥੇ ਲਾਲਗੇਟ ਇਲਾਕੇ 'ਚ ਗੈਸ ਗੀਜ਼ਰ ਕਾਰਨ ਨੀਂਦ 'ਚ ਹੀ ਇਕੋ ਪਰਿਵਾਰ ਦੇ ਤਿੰਨ ਜੀਆਂ ਦੀ ਦਮ ਘੁੱਟਣ ਕਾਰਨ ਮੌਤ ਹੋ ਗਈ। ਮਰਨ ਵਾਲਿਆਂ 'ਚ 40 ਸਾਲਾ ਸੱਯਦ ਫੈਜ਼ ਯੂਸੁਫ਼ ਅਹਿਮਦ, ਉਸ ਦੀ ਪਤਨੀ ਮੁਬੀਨਾ ਸੱਯਦ (36) ਅਤੇ ਉਨ੍ਹਾਂ ਦਾ 12 ਸਾਲਾ ਪੁੱਤਰ ਨੋਮਾਨ ਸ਼ਾਮਲ ਹਨ। ਜਾਣਕਾਰੀ ਅਨੁਸਾਰ, ਇਹ ਪਰਿਵਾਰ ਚਾਰ ਦਿਨ ਪਹਿਲਾਂ ਹੀ ਸਾਊਦੀ ਅਰਬ ਤੋਂ ਸੂਰਤ ਵਾਪਸ ਆਇਆ ਸੀ। ਸੋਮਵਾਰ-ਮੰਗਲਵਾਰ ਦੀ ਦਰਮਿਆਨੀ ਰਾਤ ਨੂੰ ਜਦੋਂ ਇਹ ਸਭ ਆਪਣੇ ਕਮਰੇ 'ਚ ਸੌਂ ਰਹੇ ਸਨ, ਤਾਂ ਅਚਾਨਕ ਇਹ ਹਾਦਸਾ ਵਾਪਰ ਗਿਆ। ਘਟਨਾ ਦਾ ਪਤਾ ਉਦੋਂ ਲੱਗਾ ਜਦੋਂ ਸੱਯਦ ਦਾ ਭਰਾ ਉਸਮਾਨ ਸਵੇਰੇ ਘਰ ਪਹੁੰਚਿਆ ਅਤੇ ਅੰਦਰੋਂ ਦਰਵਾਜ਼ਾ ਬੰਦ ਮਿਲਿਆ। ਪੁਲਸ ਦੀ ਸ਼ੁਰੂਆਤੀ ਜਾਂਚ ਅਤੇ ਪੋਸਟਮਾਰਟਮ ਰਿਪੋਰਟ 'ਚ ਖੁਲਾਸਾ ਹੋਇਆ ਹੈ ਕਿ ਇਨ੍ਹਾਂ ਤਿੰਨਾਂ ਦੀ ਮੌਤ ਕਾਰਬਨ ਮੋਨੋਆਕਸਾਈਡ ਗੈਸ ਕਾਰਨ ਹੋਈ ਹੈ। ਜਾਂਚ 'ਚ ਸਾਹਮਣੇ ਆਇਆ ਕਿ ਘਰ 'ਚ ਲੱਗਿਆ ਗੈਸ ਗੀਜ਼ਰ ਰਾਤ ਭਰ ਚੱਲਦਾ ਰਿਹਾ। ਕਮਰੇ 'ਚ ਵੈਂਟੀਲੇਸ਼ਨ (ਹਵਾ ਦੇ ਨਿਕਾਸ) ਦਾ ਕੋਈ ਪ੍ਰਬੰਧ ਨਾ ਹੋਣ ਕਾਰਨ ਗੈਸ ਪੂਰੇ ਘਰ 'ਚ ਫੈਲ ਗਈ, ਜਿਸ ਕਾਰਨ ਨੀਂਦ 'ਚ ਹੀ ਤਿੰਨਾਂ ਦਾ ਦਮ ਘੁੱਟ ਗਿਆ। ਜਦੋਂ ਪੁਲਸ ਮੌਕੇ 'ਤੇ ਪਹੁੰਚੀ ਤਾਂ ਤਿੰਨਾਂ ਦੇ ਮੂੰਹ 'ਚੋਂ ਝੱਗ ਨਿਕਲ ਰਹੀ ਸੀ।

ਸਹੀ ਕਾਰਨਾਂ ਦਾ ਪਤਾ ਲਗਾਉਣ ਲਈ ਵਿਸਰਾ ਅਤੇ ਬਲੱਡ ਸੈਂਪਲ ਐੱਫ.ਐੱਸ.ਐੱਲ. ਭੇਜੇ ਗਏ ਹਨ।

### ਸਰਕਾਰੀ ਸਕੂਲਾਂ 'ਚ ਹੁਣ ਮਿਲੇਗਾ ਠੰਢਾ ਪਾਣੀ; ਲਾਏ ਜਾਣਗੇ ਵਾਟਰ ਕੂਲਰ ਤੇ ਆਰ. ਓ. ਸਿਸਟਮ

**ਏਜੰਸੀਆਂ**

ਲੁਧਿਆਣਾ 22 ਫਰਵਰੀ। ਪੰਜਾਬ ਦੇ ਸਰਕਾਰੀ ਸਕੂਲਾਂ ਵਿਚ ਵਿਦਿਆਰਥੀਆਂ ਨੂੰ ਸਾਫ਼ ਅਤੇ ਠੰਢਾ ਪਾਣੀ ਮੁਹੱਈਆ ਕਰਵਾਉਣ ਲਈ ਇਕ ਵੱਡਾ ਕਦਮ ਚੁੱਕਿਆ ਗਿਆ ਹੈ। ਵਿਭਾਗ ਨੇ ਦੇਖਿਆ ਹੈ ਕਿ ਬਹੁਤ ਸਾਰੇ ਸਕੂਲਾਂ ਵਿਚ ਪੀਣ ਵਾਲੇ ਸਾਫ਼ ਪਾਣੀ ਦੀ ਘਾਟ ਹੈ ਤੇ ਵਾਟਰ ਕੂਲਰਾਂ ਦੀ ਘਾਟ ਕਾਰਨ ਬੱਚੇ ਗਰਮੀਆਂ ਵਿਚ ਗਰਮ ਪਾਣੀ ਪੀਣ ਲਈ ਮਜਬੂਰ ਹਨ। ਇਸ ਮੁੱਦੇ ਨੂੰ ਹੱਲ ਕਰਨ ਲਈ ਵਿਭਾਗ ਨੇ 15ਵੇਂ ਵਿੱਤ ਕਮਿਸ਼ਨ ਦੀਆਂ 'ਟਾਈਡ ਗ੍ਰਾਂਟਾਂ' ਦੀ ਵਰਤੋਂ ਕਰਨ ਦੇ ਨਿਰਦੇਸ਼ ਜਾਰੀ ਕੀਤੇ ਹਨ। ਭਾਰਤ ਸਰਕਾਰ ਦੇ ਵਿੱਤ ਮੰਤਰਾਲੇ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਟਾਈਡ ਗ੍ਰਾਂਟਾਂ ਦਾ 50 ਫੀਸਦੀ ਪੀਣ ਵਾਲੇ ਪਾਣੀ, ਮੀਂਹ ਦੇ ਪਾਣੀ ਦੀ ਸੰਭਾਲ ਤੇ ਪਾਣੀ ਦੀ ਰੀਸਾਈਕਲਿੰਗ ਲਈ ਵਰਤਿਆ ਜਾ ਸਕਦਾ ਹੈ। ਸਕੂਲਾਂ ਵਿਚ ਹੁਣ ਵਾਟਰ ਕੂਲਰ ਤੇ ਆਰ.ਓ. ਸਿਸਟਮ ਲਗਾਏ ਜਾਣਗੇ। ਇਹ ਉਪਕਰਣ ਪੰਜਾਬ ਪੀ. ਡਬਲਯੂ. ਡੀ. ਸੀ. ਐੱਸ.ਆਰ. ਵਿਚ ਪ੍ਰਦਾਨ ਕੀਤੀਆਂ ਵਿਸ਼ੇਸ਼ਤਾਵਾਂ ਅਤੇ ਦਰਾਂ ਅਨੁਸਾਰ ਖਰੀਦੇ ਜਾਣਗੇ। ਵਾਟਰ ਕੂਲਰਾਂ ਤੇ ਆਰ. ਓ. ਸਿਸਟਮਾਂ ਦੀ ਪਾਰਦਰਸ਼ੀ ਖਰੀਦ ਨੂੰ ਯਕੀਨੀ ਬਣਾਉਣ ਲਈ ਵਿਭਾਗ ਨੇ ਇਕ ਵਿਸ਼ੇਸ਼ ਕਮੇਟੀ ਦੇ ਗਠਨ ਦੇ ਨਿਰਦੇਸ਼ ਦਿੱਤੇ ਹਨ। ਸਬੰਧਤ ਗ੍ਰਾਮ ਪੰਚਾਇਤ ਦੇ ਸਰਪੰਚ ਨੂੰ ਇਸ




ਕਮੇਟੀ ਦਾ ਚੇਅਰਮੈਨ ਨਿਯੁਕਤ ਕੀਤਾ ਗਿਆ ਹੈ, ਜਦੋਂ ਕਿ ਸਬੰਧਤ ਸਕੂਲ ਦੇ ਮੁੱਖ ਅਧਿਆਪਕ, ਪੰਚਾਇਤ ਰਾਜ ਵਿਭਾਗ ਦੇ ਜੇ. ਈ. ਤੇ ਸਬੰਧਤ ਪੰਚਾਇਤ ਸਕੱਤਰ ਨੂੰ ਕਮੇਟੀ 'ਚ ਮੈਂਬਰ ਵਜੋਂ ਸ਼ਾਮਲ ਕੀਤਾ ਗਿਆ ਹੈ। ਵਿਭਾਗ ਨੇ ਸਪੱਸ਼ਟ ਕੀਤਾ ਹੈ ਕਿ ਪੂਰੀ ਖਰੀਦ ਪ੍ਰਕਿਰਿਆ ਪੰਜਾਬ ਟਰਾਂਸਪੇਰੈਂਸੀ ਇਨ ਪਬਲਿਕ ਪ੍ਰੋਕਿਓਰਮੈਂਟ ਐਕਟ 2019 ਅਤੇ ਸਮੇਂ-ਸਮੇਂ 'ਤੇ ਇਸ ਵਿਚ ਕੀਤੀਆਂ ਗਈਆਂ ਸੋਧਾਂ ਦੇ ਅਨੁਸਾਰ ਪੂਰੀ ਕੀਤੀ ਜਾਣੀ ਚਾਹੀਦੀ ਹੈ।

# ਨਗਰ ਨਿਗਮ 'ਚ ਘਪਲਾ: ਵਿਜੀਲੈਂਸ ਕੋਲ ਪੁੱਜੀ 135 ਕਰੋੜ ਦੇ ਟੈਂਡਰਾਂ 'ਚ ਫ਼ਰਜ਼ੀਵਾੜੇ ਦੀ ਸ਼ਿਕਾਇਤ

**ਕੌਮੀ ਪਤ੍ਰਿਕਾ**

ਲੁਧਿਆਣਾ 22 ਫਰਵਰੀ। ਨਗਰ ਨਿਗਮ ਵਿਚ 135 ਕਰੋੜ ਦੀ ਲਾਗਤ ਨਾਲ ਹੋਣ ਵਾਲੇ ਵਿਕਾਸ ਕਾਰਜਾਂ ਦੇ ਟੈਂਡਰਾਂ ਦੀ ਆੜ ਵਿਚ ਹੋਏ ਫਰਜ਼ੀਵਾੜੇ ਦੀ ਸ਼ਿਕਾਇਤ ਵਿਜੀਲੈਂਸ ਕੋਲ ਪੁੱਜ ਗਈ ਹੈ। ਇਸ ਮਾਮਲੇ ਵਿਚ ਕਿੰਗਪਿਨ ਪਟਿਆਲਾ ਤੋਂ ਆ ਕੇ ਅਫਸਰਾਂ ਤੇ ਨੇਤਾਵਾਂ ਦੇ ਨਜ਼ਦੀਕੀ ਬਣੇ ਐੱਸ ਈ ਸ਼ਾਮ ਲਾਲ ਗੁਪਤਾ ਤੇ ਐਕਸੀਅਨ ਅਰਵਿੰਦਰ ਨੂੰ ਮੰਨਿਆ ਜਾ ਰਿਹਾ ਹੈ। ਇਨ੍ਹਾਂ ਵਲੋਂ 5 ਤੋਂ 13 ਕਰੋੜ ਦੀ ਲਾਗਤ ਵਾਲੇ ਵਿਕਾਸ ਕਾਰਜਾਂ ਲਈ ਗਰੁੱਪ ਟੈਂਡਰ ਬਣਾ ਕੇ ਇਸ ਤਰ੍ਹਾਂ ਦੀਆਂ ਸ਼ਰਤਾਂ ਲਗਾਈਆਂ ਜਿਨ੍ਹਾਂ ਨੂੰ ਚੁਨਿੰਦਾ ਠੇਕੇਦਾਰ ਹੀ ਪੂਰੀਆਂ ਕਰਦੇ ਸਨ। ਜੋ ਗੱਲ ਉਸ ਸਮੇਂ ਸਾਬਿਤ ਹੋ ਗਈ ਜਦ ਵੱਡੇ ਠੇਕੇਦਾਰਾਂ ਨੇ ਆਪਸ ਵਿਚ ਪੂਲ ਕਰ ਕੇ ਵੰਡੇ ਗਏ, ਇਨ੍ਹਾਂ ਟੈਂਡਰਾਂ ਵਿਚ ਨਾਮਾਤਰ ਲੈਸ ਪਾਇਆ ਭਾਂਵੇਕਿ ਕੁਝ ਠੇਕੇਦਾਰਾਂ ਵਲੋਂ ਬਾਗੀ ਹੋ ਕੇ ਜ਼ਿਆਦਾ ਲੈਸ ਪਾਇਆ ਗਿਆ ਪਰ ਉਨ੍ਹਾਂ ਨੂੰ ਸ਼ਰਤਾਂ ਪੂਰੀਆਂ ਨਾ ਕਰਨ ਦਾ ਹਵਾਲਾ ਦਿੰਦੇ ਆਊਟ ਕਰ ਦਿੱਤਾ ਗਿਆ। ਇਨ੍ਹਾਂ ਵਿਚੋਂ ਇਕ ਠੇਕੇਦਾਰ ਵਲੋਂ ਜਿਥੇ ਲੀਗਲ ਨੋਟਿਸ ਦਿੱਤਾ ਗਿਆ ਹੈ ਤਾਂ ਦੂਜੇ ਠੇਕੇਦਾਰ ਵਲੋਂ ਬਕਾਇਦਾ ਐਫੀਡੇਵਿਟ ਦੇ ਰੂਪ ਵਿਚ ਵਿਜੀਲੈਂਸ ਨੂੰ ਸ਼ਿਕਾਇਤ ਦਿੱਤੀ ਗਈ ਹੈ, ਜਿਸ ਵਿਚ ਐੱਸ.ਈ. ਸ਼ਾਮ ਲਾਲ ਗੁਪਤਾ ਤੇ ਐਕਸੀਅਨ ਅਰਵਿੰਦਰ 'ਤੇ ਸ਼ਰਤਾਂ ਵਿਚ ਮਨਮਾਨੇ ਢੰਗ ਨਾਲ ਬਦਲਾਅ ਕਰਨ ਦੇ ਇਲਾਵਾ ਵੱਡੇ ਠੇਕੇਦਾਰਾਂ ਦਾ ਪੂਲ ਸਿਰੇ ਚੜ੍ਹਾਉਣ ਲਈ ਟੈਂਡਰਾਂ ਨੂੰ ਦੋ ਵਾਰ ਪੈਂਡਿੰਗ ਕਰਨ ਦਾ ਦੋਸ਼ ਵੀ ਲਗਾਇਆ ਗਿਆ ਹੈ। 135 ਕਰੋੜ ਦੇ ਟੈਂਡਰਾਂ ਨੂੰ ਲੈ ਕੇ ਇਕ ਹੋਰ ਠੇਕੇਦਾਰ ਵਲੋਂ ਮੇਅਰ ਕਮਿਸ਼ਨਰ ਤੋਂ ਲੈ ਕੇ ਸੀ.ਐੱਮ. ਤੇ ਵਿਜੀਲੈਂਸ ਨੂੰ ਸ਼ਿਕਾਇਤ ਕੀਤੀ ਗਈ ਹੈ, ਜਿਸ ਵਿਚ ਦਾਅਵਾ ਕੀਤਾ ਗਿਆ ਹੈ ਕਿ ਵੱਡੇ ਠੇਕੇਦਾਰਾਂ ਦੇ ਟੈਂਡਰ ਦੇਣ ਦੇ ਲਈ ਗਰੁੱਪ ਬਣਾ ਕੇ ਸ਼ਰਤਾਂ ਲਗਾਉਣ ਦੀ ਸੈਟਿੰਗ ਫਿਰੋਜ਼ਪੁਰ ਰੋਡ ਸਥਿਤ ਹੋਟਲ ਵਿਚ ਹੋਈ ਹੈ, ਜਿਥੇ ਠੇਕੇਦਾਰਾਂ ਵਲੋਂ ਆਪਸ ਵਿਚ ਵੰਡੇਟੈਂਡਰ ਪਾਸ ਕਰਨ ਦੇ ਬਦਲੇ ਨਗਰ ਨਿਗਮ ਦੀ ਬੀ ਐਂਡ ਆਰ ਬਰਾਂਚ ਦੇ ਅਫਸਰ 5 ਤੋਂ 7 ਪ੍ਰਤੀਸ਼ਤ ਕਮੀਸ਼ਨ ਮੰਗ ਰਹੇ ਹਨ। ਇਸ ਤੋਂ ਇਲਾਵਾ




ਸੜਕਾਂ ਬਣਾਉਣ ਦੇ ਜੋ ਕੰਮ 35 ਤੋਂ 40 ਪ੍ਰਤੀਸ਼ਤ 'ਤੇ ਹੋ ਰਹੇ ਹਨ, ਉਨ੍ਹਾਂ ਟੈਂਡਰਾਂ ਨੂੰ ਪੂਲ ਦੇ ਤਹਿਤ 5 ਪ੍ਰਤੀਸ਼ਤ ਲੈਸ 'ਤੇ ਆਊਟ ਕਰਨ ਨਾਲ ਸਰਕਾਰ ਨੂੰ ਕਰੋੜਾਂ ਦਾ ਨੁਕਸਾਨ ਹੋਵੇਗਾ ਸ਼ਿਕਾਇਤਕਰਤਾ ਵਲੋਂ ਦੋਸ਼ਾਂ ਦੀ ਪੁਸ਼ਟੀ ਲਈ ਟੀ.ਆਈ.ਸੀ. ਦੇ ਅਫਸਰਾਂ ਤੇ ਟੈਂਡਰਾਂ ਵਿਚ ਹਿੱਸਾ ਲੈਣ ਵਾਲੇ ਠੇਕੇਦਾਰਾਂ ਦੀ ਕਾਲ ਡਿਟੇਲ ਤੇ ਲੋਕੇਸ਼ਨ ਚੈੱਕ ਕਰਵਾਉਣ ਦੀ ਮੰਗ ਕੀਤੀ ਗਈ ਹੈ। ਇਹ ਮਾਮਲਾ ਨਹੀਂ ਹੈ ਜਦ ਨਗਰ ਨਿਗਮ ਦੀ ਬੀ ਐਂਡ ਆਰ ਬਰਾਂਚ ਦੇ ਅਫਸਰਾਂ 'ਤੇ ਟੈਂਡਰਾਂ ਦੀ ਅਲਾਟਮੈਂਟ ਦੀ ਆੜ ਵਿਚ ਕਰੋੜਾਂ ਦਾ ਖੇਡ ਕਰਨ ਦੇ ਦੋਸ਼ ਲੱਗੇ ਹਨ, ਜਿਸ ਤਹਿਤ ਕੁਝ ਸਮਾਂ ਪਹਿਲਾ ਐੱਸ ਈ ਸੰਜੇ ਕੰਵਰ ਨੂੰ ਰੋਜ ਗਾਰਡਨ ਦੀ ਕਾਇਆਕਲਪ ਟੈਂਡਰ ਵਿਚ 10 ਪ੍ਰਤੀਸਤ ਕਮਿਸ਼ਨ ਮੰਗਣ ਦੇ ਦੋਸ਼ ਵਿਚ ਵਿਜੀਲੈਂਸ ਵਲੋਂ ਕਾਬੂ ਕੀਤਾ ਗਿਆ ਸੀ ਪਰ ਇਸ ਕਾਰਵਾਈ ਦਾ ਨਗਰ ਨਿਗਮ ਦੀ ਬੀ ਐਂਡ ਆਰ ਬਰਾਂਚ ਦੇ ਅਫਸਰਾਂ 'ਤੇ ਕੋਈ ਅਸਰ ਨਹੀਂ ਆਇਆ। ਸੰਜੇ ਕੰਵਰ ਦੀ ਜ਼ਮਾਨਤ 'ਤੇ ਬਹਾਲੀ ਹੋਣ ਤੋਂ ਪਹਿਲਾ ਹੀ ਪੁਰਾਣੀ ਸੈਟਿੰਗ ਨੂੰ ਸਿਰੇ ਚੜ੍ਹਾਉਣ ਲਈ ਰੋਜ ਗਾਰਡਨ ਦੀ ਕਾਇਆਕਲਪ ਦੇ ਟੈਂਡਰ ਨੂੰ ਸੀਨੀਅਰ ਡਿਪਟੀ ਮੇਅਰ ਮੇਅਰ ਦੇ ਇਤਰਾਜ ਦੇ ਬਾਵਜੂਦ ਦੋਬਾਰਾ ਕਰ ਦਿੱਤਾ ਗਿਆ ਹੈ।

### ਪੰਜਾਬ ਦੇ 3 ਨੌਜਵਾਨਾਂ ਦੀ ਨਸ਼ੇ ਨਾਲ ਮੌਤ, 'ਯੁੱਧ ਨਸ਼ਿਆਂ ਵਿਰੁੱਧ' ਸਿਰਫ਼ ਇਸ਼ਤਿਹਾਰਾਂ ਤੇ ਰੈਲੀਆਂ ਤਕ ਸੀਮਤ: ਸ਼ਰਮਾ

ਚੰਡੀਗੜ੍ਹ 22 ਫਰਵਰੀ। ਪੰਜਾਬ ਭਾਜਪਾ ਦੇ ਉਪ ਪ੍ਰਧਾਨ ਤੇ ਵਿਧਾਇਕ ਅਸ਼ਵਨੀ ਸ਼ਰਮਾ ਨੇ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਚਲਾਈ ਜਾ ਰਹੀ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਦੇ ਵੱਡੇ-ਵੱਡੇ ਦਾਅਵਿਆਂ ਦੀ ਫੂਕ ਕੱਢ ਦਿੱਤੀ ਹੈ। ਉਨ੍ਹਾਂ ਮੋਗਾ ਰੈਲੀ ਦਾ ਹਵਾਲਾ ਦਿੰਦਿਆਂ ਕਿਹਾ ਕਿ ਇਕ ਪਾਸੇ ਸਰਕਾਰੀ ਤੰਤਰ ਅਤੇ ਇਸ਼ਤਿਹਾਰਾਂ ਰਾਹੀਂ ਨਸ਼ੇ ਉੱਤੇ ਜਿੱਤ ਦਾ ਜਸ਼ਨ ਮਨਾਇਆ ਜਾ ਰਿਹਾ ਹੈ, ਤਾਂ ਦੂਜੇ ਪਾਸੇ ਇਸੇ ਦੌਰਾਨ ਪਿਛਲੇ 48 ਘੰਟਿਆਂ ਵਿਚ ਪੰਜਾਬ ਦੇ ਤਿੰਨ ਨੌਜਵਾਨਾਂ ਦੀ ਨਸ਼ੇ ਕਾਰਨ ਮੌਤ ਹੋ ਗਈ ਹੈ। ਅਸ਼ਵਨੀ ਸ਼ਰਮਾ ਨੇ ਕਿਹਾ ਕਿ ਅੰਮ੍ਰਿਤਸਰ ਵਿਚ 26 ਸਾਲਾ ਆਕਾਸ਼ ਸੈਣੀ ਦੀ ਸ਼ੱਕੀ ਹਾਲਾਤ ਵਿਚ ਮੌਤ ਹੋ ਗਈ। ਉਸ ਦੇ ਪਿਤਾ, ਜੋ ਖ਼ੁਦ ਪੁਲਸ ਹੋਮਗਾਰਡ ਵਿਚ ਤਾਇਨਾਤ ਹਨ, ਨੇ ਡੂੰਘੇ ਦੁੱਖ ਵਿਚ ਇੱਥੋਂ ਤੱਕ ਕਹਿ ਦਿੱਤਾ ਕਿ, 'ਜੇਕਰ ਆਪਣੇ ਬੱਚਿਆਂ ਨੂੰ ਬਚਾਉਣਾ ਹੈ ਤਾਂ ਪੰਜਾਬ ਛੱਡ ਦਿਓ'। ਹਾਲਾਂਕਿ, ਬਾਅਦ ਵਿਚ ਕਥਿਤ ਦਬਾਅ ਕਾਰਨ ਉਨ੍ਹਾਂ ਨੂੰ ਆਪਣਾ ਬਿਆਨ ਬਦਲਣਾ ਪਿਆ। ਇਸੇ ਤਰ੍ਹਾਂ, ਰਾਏਪੁਰ ਦੇ ਮਛਵਾੜਾ ਪਿੰਡ ਵਿਚ 21 ਸਾਲਾ ਜਸਵੀਰ ਸਿੰਘ ਅਤੇ ਮਾਨਸਾ ਦੇ ਬੁਢਲਾਡਾ ਵਿਚ ਸਿਰਫ਼ 17 ਸਾਲਾ ਨਾਬਾਲਗ ਪਰਵਿੰਦਰ ਸਿੰਘ ਦੀ ਨਸ਼ੇ ਕਾਰਨ ਜਾਨ ਚਲੀ ਗਈ। ਭਾਜਪਾ ਆਗੂ ਨੇ ਕਿਹਾ ਕਿ ਇਹ ਘਟਨਾਵਾਂ ਸਪੱਸ਼ਟ ਕਰਦੀਆਂ ਹਨ ਕਿ ਪੰਜਾਬ ਵਿਚ ਨਸ਼ਾ ਵਿਰੋਧੀ ਸਰਕਾਰੀ ਦਾਅਵੇ ਸਿਰਫ਼ ਇਸ਼ਤਿਹਾਰਾਂ ਅਤੇ ਰੈਲੀਆਂ ਤੱਕ ਹੀ ਸੀਮਤ ਰਹਿ ਗਏ ਹਨ।

# ਨਿਗਮ ਮੁਲਾਜ਼ਮਾਂ ਦੀ 'ਸ਼ਾਹੀ' ਜ਼ਿੰਦਗੀ; ਤਨਖ਼ਾਹ ਹਜ਼ਾਰਾਂ 'ਚ, ਗੱਡੀਆਂ ਲੱਖਾਂ 'ਚ

**ਕੌਮੀ ਪਤ੍ਰਿਕਾ**

ਅੰਮ੍ਰਿਤਸਰ 22 ਫਰਵਰੀ। ਇਕ ਪਾਸੇ ਆਮ ਲੋਕ ਟੈਕਸ, ਸੀਵਰ, ਸਫ਼ਾਈ ਅਤੇ ਸਟ?ਰੀਟ ਲਾਈਟ ਵਰਗੀਆਂ ਬੁਨਿਆਦੀ ਸਹੂਲਤਾਂ ਲਈ ਪ੍ਰੇਸ਼ਾਨ ਹਨ। ਦੂਜੇ ਪਾਸੇ ਨਗਰ ਨਿਗਮ ਅੰਮ੍ਰਿਤਸਰ ਦੇ ਕਈ ਅਫ਼ਸਰ ਅਤੇ ਕਰਮਚਾਰੀ ਕਥਿਤ ਤੌਰ 'ਤੇ ਆਪਣੀ ਆਮਦਨ ਤੋਂ ਕਈ ਗੁਣਾ ਵੱਧ ਸ਼ਾਨ-ਓ-ਸ਼ੌਕਤ ਭਰੀ ਜ਼ਿੰਦਗੀ ਜੀਅ ਰਹੇ ਹਨ। ਨਿਗਮ ਸੂਤਰਾਂ ਅਤੇ ਜ਼ਮੀਨੀ ਹਕੀਕਤ ਮੁਤਾਬਕ 40 ਹਜ਼ਾਰ ਤੋਂ 1 ਲੱਖ ਰੁਪਏ ਤਨਖ਼ਾਹ ਲੈਣ ਵਾਲੇ ਅਫ਼ਸਰ-ਕਰਮਚਾਰੀ 15 ਤੋਂ 40 ਲੱਖ ਰੁਪਏ ਦੀਆਂ ਮਹਿੰਗੀਆਂ ਗੱਡੀਆਂ ਵਿਚ ਘੁੰਮਦੇ ਨਜ਼ਰ ਆ ਰਹੇ ਹਨ। ਸੂਤਰਾਂ ਦਾ ਕਹਿਣਾ ਹੈ ਕਿ ਕਈ ਅਧਿਕਾਰੀਆਂ/ਕਰਮਚਾਰੀਆਂ ਨੇ ਇਹ ਗੱਡੀਆਂ ਆਪਣੇ ਪਰਿਵਾਰਕ ਮੈਂਬਰਾਂ ਜਾਂ ਜਾਣ-ਪਛਾਣ ਵਾਲਿਆਂ ਦੇ ਨਾਂ 'ਤੇ ਰਜਿਸਟਰ ਕਰਵਾ ਰੱਖੀਆਂ ਹਨ, ਤਾਂ ਜੋ ਭਵਿੱਖ ਵਿਚ ਕਿਸੇ ਵੀ ਤਰ੍ਹਾਂ ਦੀ ਜਾਂਚ ਹੋਵੇ ਤਾਂ ਉਹ ਬਚ ਨਿਕਲ ਸਕਣ। ਹੈਰਾਨੀ ਦੀ ਗੱਲ ਇਹ ਹੈ ਕਿ ਇਸ ਕਥਿਤ ਫਹਿਰਿਸਤ 'ਚ ਸਿਰਫ਼ ਅਫ਼ਸਰ ਹੀ ਨਹੀਂ, ਸਗੋਂ ਕਲਰਕ, ਸੇਵਾਦਾਰ ਅਤੇ ਬੇਲਦਾਰ ਵਰਗੇ ਨੀਵੇਂ ਪੱਧਰ ਦੇ ਕਰਮਚਾਰੀ ਵੀ ਸ਼ਾਮਲ ਦੱਸੇ ਜਾ ਰਹੇ ਹਨ। ਘੱਟ ਤਨਖ਼ਾਹ ਵਿਚ ਇੰਨੀ ਮਹਿੰਗੀਆਂ ਗੱਡੀਆਂ ਕਿਵੇਂ ਖਰੀਦੀਆਂ ਗਈਆਂ। ਇਸ 'ਤੇ ਗੰਭੀਰ ਸਵਾਲ ਖੜ੍ਹੇ ਹੋ ਰਹੇ ਹਨ। ਦੱਸਿਆ ਜਾਂਦਾ ਹੈ ਕਿ ਕੁਝ ਅਧਿਕਾਰੀ ਇਨ੍ਹਾਂ ਨੂੰ ਆਪਣਾ ਇੰਨਾ ਨਜ਼ਦੀਕੀ ਬਣਾ ਲੈਂਦੇ ਹਨ ਕਿ ਜੇਕਰ ਕਿਸੇ ਸਖ਼ਤ ਏਜੰਸੀ ਵੱਲੋਂ ਪੁੱਛਗਿੱਛ ਹੋਵੇ, ਤਾਂ ਕਈ ਰਾਜ਼ ਸਾਹਮਣੇ ਆ ਸਕਦੇ ਹਨ। ਭਾਵੇਂ ਸਮੇਂ-ਸਮੇਂ 'ਤੇ ਆਰ. ਟੀ. ਆਈ. ਐਕਟੀਵਿਸਟਾਂ ਅਤੇ ਸਮਾਜ ਸੇਵਕਾਂ ਵੱਲੋਂ ਨਿਗਮ ਦੀ ਕਾਰਗੁਜ਼ਾਰੀ 'ਤੇ ਸਵਾਲ ਉਠਾਏ ਗਏ ਪਰ ਹਾਲੇ ਤੱਕ ਠੋਸ ਕਾਰਵਾਈ ਨਹੀਂ ਹੋਈ। ਨਿਗਮ ਦੇ ਦੋ-ਤਿੰਨ ਵਿਭਾਗਾਂ ਦੇ ਅਧਿਕਾਰੀਆਂ ਖ਼?ਲਾਫ਼ ਆਮਦਨ ਤੋਂ ਵੱਧ ਜਾਇਦਾਦ ਸਬੰਧੀ ਸ਼ਿਕਾਇਤਾਂ ਵੀ ਗਈਆਂ ਪਰ ਜਾਂਚ ਕਾਗ਼ਜ਼ਾਂ ਤੱਕ ਹੀ ਸੀਮਤ ਰਹੀ। ਸਮਾਜ ਸੇਵਕ ਰਜਿੰਦਰ ਸ਼ਰਮਾ ਨੇ ਕਿਹਾ ਕਿ ਨਗਰ ਨਿਗਮ ਅੰਮ੍ਰਿਤਸਰ ਵਿਚ ਇਕ ਵਾਰ ਹੇਠਲੇ ਪੱਧਰ ਦੇ ਕਰਮਚਾਰੀਆਂ ਤੋਂ ਲੈ ਕੇ ਉੱਚ ਅਧਿਕਾਰੀਆਂ ਤੱਕ ਸਾਰਿਆਂ ਦੇ ਦਸਤਾਵੇਜ਼ਾਂ ਦੀ ਪੂਰੀ ਤਰ੍ਹਾਂ ਜਾਂਚ ਹੋਣੀ ਚਾਹੀਦੀ ਹੈ, ਜਿਸ ਵਿਚ ਉਨ੍ਹਾਂ ਦੀ ਸਿੱਖਿਆ ਅਤੇ ਜਾਇਦਾਦ ਦਾ ਵਿਸਥਾਰਪੂਰਕ ਬਿਓਰਾ ਵੀ ਸ਼ਾਮਲ ਹੋਵੇ। ਉਨ੍ਹਾਂ ਦੱਸਿਆ ਕਿ ਪਿਛਲੇ ਕਈ ਸਾਲਾਂ ਦੌਰਾਨ ਕਈ ਧਾਂਦਲੀਆਂ ਅਤੇ ਸਕੈਂਡਲ ਸਾਹਮਣੇ ਆਏ ਹਨ, ਜਿਨ੍ਹਾਂ ਵਿਚ ਕਲਰਕਾਂ ਵੱਲੋਂ ਫ਼ਰਜ਼ੀ ਕਰਮਚਾਰੀਆਂ ਦੇ ਤਨਖਾਹ ਬਣਾਉਣਾ, ਬੈਂਕਾਂ ਤੋਂ ਫ਼ਰਜ਼ੀ ਦਸਤਾਵੇਜ਼ਾਂ ਦੇ ਆਧਾਰ 'ਤੇ ਕਰਜ਼ੇ ਲੈਣਾ ਅਤੇ ਮੌਤਾਂ ਦੇ ਕੇਸਾਂ ਵਿੱਚ ਕਰਮਚਾਰੀਆਂ ਤੋਂ ਪੈਸੇ ਲੈਣ ਵਰਗੇ ਮਾਮਲੇ ਸ਼ਾਮਲ ਹਨ। ਉਨ੍ਹਾਂ ਕਿਹਾ ਕਿ ਇਨ੍ਹਾਂ ਮਾਮਲਿਆਂ




ਨੂੰ ਉਜਾਗਰ ਕੀਤਾ ਜਾਵੇਗਾ। ਉਨ੍ਹਾਂ ਇਹ ਵੀ ਕਿਹਾ ਕਿ ਕਈ ਅਧਿਕਾਰੀਆਂ ਨੇ ਡਿਊਟੀ ਦੌਰਾਨ ਵੱਖ-ਵੱਖ ਯੂਨੀਵਰਸਿਟੀਆਂ ਤੋਂ ਸਿੱਖਿਆ ਹਾਸਲ ਕੀਤੀ, ਇਸ ਗੱਲ ਦੀ ਜਾਂਚ ਬਹੁਤ ਜ਼ਰੂਰੀ ਹੈ ਕਿ ਯੂਨੀਵਰਸਿਟੀ ਜਾਣ ਸਮੇਂ ਉਨ੍ਹਾਂ ਦੀ ਨਿਗਮ ਵਿਚ ਹਾਜ਼ਰੀ ਲੱਗੀ ਸੀ ਜਾਂ ਸਿਰਫ਼ ਸਰਟੀਫਿਕੇਟ ਹੀ ਬਣਵਾਏ ਗਏ। ਸ਼ਹਿਰ ਵਾਸੀਆਂ ਦਾ ਕਹਿਣਾ ਹੈ ਕਿ ਜੇਕਰ ਆਮਦਨ ਅਤੇ ਜਾਇਦਾਦ ਵਿਚਲਾ ਇਹ ਅੰਤਰ ਹਕੀਕਤੀ ਹੈ, ਤਾਂ ਇਸ ਦੀ ਨਿਰਪੱਖ ਜਾਂਚ ਹੋਣੀ ਚਾਹੀਦੀ ਹੈ। ਨਾਗਰਿਕ ਸੰਗਠਨਾਂ ਨੇ ਮੰਗ ਕੀਤੀ ਹੈ ਕਿ ਸਾਰੇ ਸ਼ੱਕੀ ਕਰਮਚਾਰੀਆਂ ਦੀ ਆਮਦਨ-ਖ਼ਰਚ ਅਤੇ ਸੰਪਤੀ ਦੀ ਵਿਸਥਾਰਪੂਰਕ ਜਾਂਚ ਕਰਵਾਈ ਜਾਵੇ, ਤਾਂ ਜੋ ਦੁੱਧ ਦਾ ਦੁੱਧ ਅਤੇ ਪਾਣੀ ਦਾ ਪਾਣੀ ਹੋ ਸਕੇ। ਰਜਿੰਦਰ ਸ਼ਰਮਾ ਦਾ ਕਹਿਣਾ ਹੈ ਕਿ ਠੇਕੇ, ਫ਼ਾਈਲਾਂ ਦੀ ਮਨਜ਼ੂਰੀ ਅਤੇ ਮੈਦਾਨੀ ਕੰਮਾਂ ਵਿਚ ਕਥਿਤ 'ਸੈਟਿੰਗ' ਕਾਰਨ ਇਹ ਦੌਲਤ ਵਧੀ ਹੈ। ਛੋਟੀਆਂ ਫ਼ਾਈਲਾਂ 'ਚ ਅਸਲ ਵਿਚ ਕੰਮ ਹੋਇਆ ਜਾਂ ਸਿਰਫ਼ ਕਾਗਜ਼ੀ ਕਾਰਵਾਈ, ਇਸ ਦੀ ਵੀ ਜਾਂਚ ਹੋਣੀ ਚਾਹੀਦੀ ਹੈ। ਸ਼ਹਿਰ ਵਿਚ ਬੁਨਿਆਦੀ ਸੁਵਿਧਾਵਾਂ ਦੀ ਬਦਹਾਲੀ ਅਤੇ ਨਿਗਮ ਕਰਮਚਾਰੀਆਂ ਦੀ ਮਹਿੰਗੀ ਜੀਵਨ-ਸ਼ੈਲੀ ਨੇ ਪ੍ਰਸ਼ਾਸਕੀ ਪਾਰਦਰਸ਼ਤਾ 'ਤੇ ਗੰਭੀਰ ਸਵਾਲ ਖੜੇ ਕਰ ਦਿੱਤੇ ਹਨ। ਹੁਣ ਜਨਤਾ ਦੀ ਨਿਗ?ਹਾ ਸਰਕਾਰ ਅਤੇ ਵਿਜੀਲੈਂਸ ਏਜੰਸੀਆਂ ਦੀ ਕਾਰਵਾਈ 'ਤੇ ਟਿਕੀ ਹੈ।